

# ਰੋਜ਼ਨਾਮਚਾ
# ਮੋਰਚਾ ਗੁਰੂ ਕਾ ਬਾਗ


ਸੰਪਾਦਕ
ਗੁਰਦੇਵ ਸਿੰਘ ਸਿੱਧੂ



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ROZNAMCHA MORCHA GURU KA BAGH *(Punjabi)*

*by*
GURDEV SINGH SIDHU

ISBN: 81-302-136-4

2008
ਕਾਪੀਆਂ : 550
ਮੁੱਲ : 150.00

ਗਿਆਨੀ ਸਰੂਪ ਸਿੰਘ ਕੰਡਿਆਲਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

Laser Type Setting: Rahul Computers, Sheranwala Gate, Patiala. Ph.: 0175-5008675

ਡਾ. ਐਸ. ਐਸ. ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ
ਪ੍ਰਕਾਸ਼ਿਤ ਕੀਤੀ ਅਤੇ ਵੋਲਵੋ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ।

# ਤਤਕਰਾ


ਵਿਭਾਗੀ ਸ਼ਬਦ (iii)

ਆਦਿਕਾ (v-vii)

ਅਧਿਆਇ–1

ਸਿੱਖ ਧਰਮ : ਪੁਨਰ ਜਾਗ੍ਰਿਤੀ (1–9)

ਅਧਿਆਇ–2

ਗੁਰਦੁਆਰਾ 'ਗੁਰੂ ਕਾ ਬਾਗ' (10–21)

ਅਧਿਆਇ–3

ਰੋਜ਼ਨਾਮਚਾ (22–136)

ਅਧਿਆਇ–4

ਗੁਰਦੁਆਰਾ ਗੁਰੂ ਕਾ ਬਾਗ ਦਾ ਮੋਰਚਾ : ਸਾਰ ਅਤੇ ਸਬਕ (137–171)

ਅੰਤਿਕਾ

ਗੁਰੂ ਕਾ ਬਾਗ ਮੋਰਚੇ ਦੇ ਕੁੱਝ ਸੂਰਬੀਰ (145–170)

ਸ੍ਰੋਤ ਪੁਸਤਕਾਂ/ਅਖ਼ਬਾਰ (171)



ਗਿਆਨੀ ਸਰੂਪ ਸਿੰਘ ਕੰਡਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

# ਵਿਭਾਗੀ ਸ਼ਬਦ

ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬ ਦੇ ਸਾਹਿਤ, ਇਤਿਹਾਸ ਅਤੇ ਸਭਿਆਚਾਰ ਸਬੰਧੀ ਪ੍ਰਮਾਣਿਕ ਸਮੱਗਰੀ ਦੇ ਉਤਪਾਦਨ ਲਈ ਹਮੇਸ਼ਾ ਹੀ ਪ੍ਰਯਤਨਸ਼ੀਲ ਰਿਹਾ ਹੈ। ਡਾ. ਗੁਰਦੇਵ ਸਿੰਘ ਸਿੱਧੂ ਦੁਆਰਾ ਸੰਕਲਿਤ 'ਰੋਜ਼ਨਾਮਚਾ-ਮੋਰਚਾ ਗੁਰੂ ਕਾ ਬਾਗ' ਨਾਮੀ ਪੁਸਤਕ ਇਨ੍ਹਾਂ ਯਤਨਾਂ ਵਿਚ ਇਕ ਜ਼ਿਕਰਯੋਗ ਵਾਧਾ ਹੈ। ਡਾ. ਗੁਰਦੇਵ ਸਿੰਘ ਸਿੱਧੂ ਨੇ ਆਪਣੀ ਖੋਜ ਬਿਰਤੀ ਅਤੇ ਇਤਿਹਾਸਕ ਸੂਝ ਨਾਲ ਪੰਜਾਬ ਦੇ ਸੰਘਰਸ਼ਮਈ ਇਤਿਹਾਸ ਦੇ ਕਈ ਖੱਪਿਆਂ ਨੂੰ ਪੂਰਿਆ ਹੈ। ਹਥਲੀ ਪੁਸਤਕ ਗੁਰੂ ਕੇ ਬਾਗ ਮੋਰਚੇ ਅਧੀਨ ਲੜੇ ਜਨਤਕ ਸੰਘਰਸ਼ ਨੂੰ ਬੜੀ ਸੂਝ ਤੇ ਸੁਚੱਜਤਾ ਨਾਲ ਪੁਨਰ ਸੁਰਜੀਤ ਕਰਦੀ ਹੈ। ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚਲੇ ਵਿਭਿੰਨ ਸੰਘਰਸ਼ਾਂ ਵਿਚ 'ਮੋਰਚਾ ਗੁਰੂ ਕਾ ਬਾਗ' ਗੁਰਦੁਆਰਿਆਂ ਦਾ ਪ੍ਰਬੰਧ ਇਨ੍ਹਾਂ 'ਤੇ ਕਬਜਾ ਜਮਾਈ ਬੈਠੇ ਮਹੰਤਾਂ ਨੂੰ ਵਿਸਥਾਪਤ ਕਰਕੇ ਸਿੱਖ ਸੰਗਤ ਦੇ ਚੁਣੇ ਪ੍ਰਤਿਨਿਧਾਂ ਦੇ ਸਪੁਰਦ ਕਰਨ ਦਾ ਹੰਭਲਾ ਸੀ। ਇਸ ਮੋਰਚੇ ਦਾ ਮੰਤਵ ਸਿੱਖ ਕੌਮ ਵਲੋਂ ਵਿਦੇਸ਼ੀ ਹਕੂਮਤ ਪ੍ਰਤਿ ਨਾਬਰੀ ਅਤੇ ਆਪਣੇ ਸਰੋਕਾਰਾਂ ਪ੍ਰਤਿ ਗੰਭੀਰਤਾ ਅਤੇ ਸ਼ਿੱਦਤ ਦਾ ਪ੍ਰਮਾਣ ਸੀ। ਡਾ. ਗੁਰਦੇਵ ਸਿੰਘ ਸਿੱਧੂ ਦੁਆਰਾ ਸੰਕਲਿਤ ਇਹ ਰੋਜ਼ਨਾਮਚਾ ਜਿੱਥੇ ਤਤਕਾਲੀ ਇਤਿਹਾਸ ਦੀ ਹੂਬਹੂ ਤਸਵੀਰ ਪੇਸ਼ ਕਰਦਾ ਹੈ, ਉਥੇ ਨਾਲ ਹੀ ਇਕ ਇਤਿਹਾਸਕ ਦੌਰ ਨੂੰ ਪ੍ਰਮਾਣਿਕ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਪੁਨਰ ਸੁਰਜੀਤ ਵੀ ਕਰਦਾ ਹੈ। ਹਿੰਦੁਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿਚ ਲੜੇ ਇਨ੍ਹਾਂ ਸੰਘਰਸ਼ਾਂ ਨੂੰ ਉਨ੍ਹਾਂ ਦੇ ਸਹੀ ਪਰਿਪੇਖ ਵਿਚ ਪਕੜਨ ਦਾ ਇਹ ਇਕ ਸਮਰੱਥ ਯਤਨ ਹੈ। ਅਜਿਹਾ ਯਤਨ ਅਣਥੱਕ ਲਗਾਓ, ਕਰੜੀ ਮਿਹਨਤ ਤੇ ਇਸ ਤੋਂ ਵੀ ਵਧੇਰੇ ਪੈਨੀ ਇਤਿਹਾਸਕ ਦ੍ਰਿਸ਼ਟੀ ਦੀ ਮੰਗ ਕਰਦਾ ਹੈ। ਡਾ. ਗੁਰਦੇਵ ਸਿੰਘ ਸਿੱਧੂ ਅਜਿਹੀ ਸਮਰੱਥਾ ਦਾ ਪ੍ਰਮਾਣ ਇਕ ਤੋਂ ਵਧੇਰੇ ਪੁਸਤਕਾਂ ਵਿਚ ਦੇ ਚੁੱਕੇ ਹਨ। ਇਸ ਇਤਿਹਾਸਕ ਦੌਰ ਵਿਚ ਉਨਾਂ ਦੀ ਦਿਲਚਸਪੀ ਅਤੇ ਵਿਸ਼ੇਸ਼ਗਤਾ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਪੰਜਾਬ ਦੇ ਇਤਿਹਾਸ ਦੇ ਇਸ ਦੌਰ ਵਿਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਪਾਠਕਾਂ ਲਈ ਇਹ ਪੁਸਤਕ ਲਾਹੇਵੰਦ ਸਾਬਤ ਹੋਵੇਗੀ।

**ਧਨਵੰਤ ਕੌਰ (ਡਾ.)**
ਪ੍ਰੋਫ਼ੈਸਰ ਅਤੇ ਮੁਖੀ

ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਆਦਿਕਾ

ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਪੰਜਾਬ ਵਿਚਲੇ ਗੁਰ-ਅਸਥਾਨਾਂ ਨੂੰ ਇਹਨਾਂ ਉਤੇ ਕਬਜ਼ਾ ਜਮਾਈ ਬੈਠੇ ਮਹੰਤਾਂ ਅਤੇ ਪੁਜਾਰੀਆਂ ਦੇ ਅਧਿਕਾਰ ਤੋਂ ਮੁਕਤ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਇਕ ਨਿਵੇਕਲਾ, ਗੌਰਵਮਈ ਅਤੇ ਪ੍ਰੇਰਨਾਦਾਇਕ ਕਾਂਡ ਹੈ। ਇਸ ਲਹਿਰ ਦਾ ਮਨੋਰਥ ਸਿੱਖ ਧਰਮ ਅਸਥਾਨਾਂ ਦਾ ਪ੍ਰਬੰਧ, ਗੁਰਦੁਆਰਿਆਂ ਦੀ ਆਮਦਨ ਨੂੰ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿੱਤ ਵਰਤਣ ਦੀ ਥਾਂ ਨਿੱਜੀ ਸੁੱਖ-ਸੁਵਿਧਾਵਾਂ ਦੀ ਪੂਰਤੀ ਲਈ ਵਰਤ ਰਹੇ ਪੁਜਾਰੀਆਂ ਅਤੇ ਮਹੰਤਾਂ ਦੇ ਹੱਥਾਂ ਵਿਚੋਂ ਲੈ ਕੇ, ਸਿੱਖ ਪ੍ਰਤੀਨਿਧਾਂ ਦੇ ਹਵਾਲੇ ਕਰਨਾ ਹੋਣ ਕਾਰਨ ਭਾਵੇਂ ਪ੍ਰਗਟ ਤੌਰ ਉਤੇ ਇਹ ਲਹਿਰ ਮਹੰਤਾਂ ਅਤੇ ਪੁਜਾਰੀਆਂ ਦੇ ਵਿਰੁੱਧ ਹੀ ਦਿਖਾਈ ਦਿੰਦੀ ਸੀ ਪਰ ਕਿਉਂ ਜੁ ਸਮੇਂ ਦੀ ਸਾਮਰਾਜੀ ਸਰਕਾਰ ਇਹਨਾਂ ਮਹੰਤਾਂ ਅਤੇ ਪੁਜਾਰੀਆਂ ਦੀ ਪਿੱਠ ਠੋਕਦੀ ਸੀ, ਇਸ ਲਈ ਇਹ ਲਹਿਰ ਅੰਤਮ ਰੂਪ ਵਿਚ ਵਿਦੇਸ਼ੀ ਅੰਗਰੇਜ਼ ਸਰਕਾਰ ਵਿਰੋਧੀ ਅੰਦੋਲਨ ਦਾ ਰੂਪ ਧਾਰ ਗਈ। ਅਕਤੂਬਰ, 1920 ਈਸਵੀ ਦੌਰਾਨ ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਸਿੱਖ ਪ੍ਰਤੀਨਿਧਾਂ ਦੇ ਹੱਥ ਆਉਣ ਤੋਂ ਲੈ ਕੇ ਜੁਲਾਈ, 1925 ਈਸਵੀ ਦੌਰਾਨ ਗੁਰਦੁਆਰਾ ਬਿੱਲ ਦੇ ਐਕਟ ਬਨਣ ਦੇ ਦਿਨ ਤੱਕ ਲਗਪਗ ਪੰਜ ਸਾਲ ਤੱਕ ਸਿੱਖ ਸਮੁਦਾਇ ਇਕ ਤੋਂ ਬਾਅਦ ਇਕ ਮੋਰਚੇ ਉੱਤੇ ਵਿਦੇਸ਼ੀ ਹੁਕਮਰਾਨਾਂ ਨਾਲ ਟੱਕਰ ਲੈਂਦਾ ਰਿਹਾ। ਗੁਰਦੁਆਰਾ ਸੁਧਾਰ ਲਹਿਰ ਸਾਮਰਾਜੀ ਬਰਤਾਨਵੀ ਸਰਕਾਰ ਵਿਰੁੱਧ ਲੜਿਆ ਗਿਆ ਇਕ ਅਜਿਹਾ ਜਨਤਕ ਸੰਘਰਸ਼ ਸੀ ਜਿਸ ਵਿੱਚ ਅਮੀਰ-ਗਰੀਬ, ਪੜ੍ਹੇ-ਅਨਪੜ੍ਹ, ਪੇਂਡੂ-ਸ਼ਹਿਰੀ, ਸੈਨਿਕ-ਅਸੈਨਿਕ, ਬਾਲ-ਬੁੱਢੇ, ਔਰਤ-ਮਰਦ ਅਰਥਾਤ ਹਰ ਵਰਗ ਦੇ ਅਕਾਲੀ ਸਿੱਖਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਲਹਿਰ ਦਾ ਹਰ ਪੜਾਅ, ਭਾਵੇਂ ਉਹ ਚਾਬੀਆਂ ਦਾ ਮੋਰਚਾ ਸੀ ਜਾਂ ਗੁਰੂ ਕੇ ਬਾਗ ਦਾ ਮੋਰਚਾ, ਚਾਹੇ ਨਨਕਾਣਾ ਸਾਹਿਬ ਦਾ ਸਾਕਾ ਸੀ ਜਾਂ ਜੈਤੋ ਦਾ ਮੋਰਚਾ, ਆਪਣੇ ਨਿਵੇਕਲੇ ਲੱਛਣਾਂ ਕਾਰਨ ਸੁਤੰਤਰਤਾ ਸੰਗਰਾਮ ਦੀ ਮਹੱਤਵਪੂਰਨ ਕੜੀ ਹੈ।

ਗੁਰਦੁਆਰਾ ਸੁਧਾਰ ਲਹਿਰ ਦੌਰਾਨ ਲਾਏ ਗਏ ਵਿਭਿੰਨ ਮੋਰਚਿਆਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁੱਕੇਵਾਲੀ, ਸਹਿੰਸਰਾ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਇਸ ਗੁਰਦੁਆਰੇ ਉਤੇ ਕਾਬਜ਼ ਮਹੰਤ ਦੀ ਥਾਂ ਸਿੱਖ ਸੰਗਤ ਦੇ ਚੋਣਵੇਂ ਪ੍ਰਤੀਨਿਧਾਂ ਦੇ ਹੱਥ ਲੈਣ ਦੀ ਗਾਥਾ ਸਿੱਖ-ਕੌਮ ਵੱਲੋਂ ਵਿਖਾਈ ਵਿਦੇਸ਼ੀ ਸਰਕਾਰ ਵਿਰੋਧੀ ਭਾਵਨਾ ਅਤੇ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ-ਭਾਵਨਾ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਮੋਰਚੇ ਦੌਰਾਨ ਗ੍ਰਿਫਤਾਰੀ ਦੇਣ ਲਈ ਆਏ ਅਕਾਲੀਆਂ ਦੀ ਗਿਣਤੀ ਬੇਹਿਸਾਬੀ ਸੀ

ਪਰ ਅੰਗਰੇਜ਼ ਸਰਕਾਰ ਨੇ ਇਹਨਾਂ ਵਿਚੋਂ ਲਗਪਗ ਸਾਢੇ ਪੰਜ ਹਜ਼ਾਰ ਨੂੰ ਗ੍ਰਿਫਤਾਰ ਕੀਤਾ। ਗ੍ਰਿਫਤਾਰ ਹੋਇਆਂ ਸਿੱਖਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 37 ਮੈਂਬਰ ਵੀ ਸ਼ਾਮਲ ਸਨ। ਜਦੋਂ ਗ੍ਰਿਫਤਾਰ ਅਕਾਲੀਆਂ ਨੂੰ ਰੱਖਣ ਲਈ ਪੰਜਾਬ ਦੀਆਂ ਜੇਲ੍ਹਾਂ ਵਿੱਚ ਥਾਂ ਨਾ ਰਹੀ ਤਾਂ ਅਟਕ ਅਤੇ ਹੋਰ ਪੁਰਾਣੇ ਕਿਲ੍ਹਿਆਂ ਨੂੰ ਆਰਜ਼ੀ ਜੇਲ੍ਹਾਂ ਦਾ ਰੂਪ ਦੇ ਕੇ ਅਕਾਲੀ ਕੈਦੀਆਂ ਨੂੰ ਰੱਖਣ ਲਈ ਥਾਂ ਬਨਾਉਣੀ ਪਈ। ਪੁਲਿਸ ਦੀ ਮਾਰ-ਕੁੱਟ ਕਾਰਨ ਇਕ ਹਜ਼ਾਰ ਤੋਂ ਵਧੇਰੇ ਅਕਾਲੀ ਜ਼ਖਮੀ ਹੋਏ। ਪੁਲਸ ਦੇ ਜ਼ੁਲਮ ਕਾਰਨ ਗੰਭੀਰ ਜ਼ਖਮੀ ਹੋਣ ਅਤੇ ਜੇਲ੍ਹ ਅੰਦਰਲੀਆਂ ਸਖ਼ਤੀਆਂ ਅਤੇ ਦੁੱਖਦਾਈ ਹਾਲਤਾਂ ਸਦਕਾ ਨੌਂ ਅਕਾਲੀ ਸ਼ਹੀਦ ਹੋਏ। ਆਮ ਜਨ-ਸਾਧਾਰਨ ਦੇ ਨਾਲ ਅੰਗਰੇਜ਼ ਸਰਕਾਰ ਦੀ ਫੌਜ ਵਿਚ ਨੌਕਰੀ ਕਰ ਚੁੱਕੇ ਪੈਨਸ਼ਨੀਏ ਸਿੱਖ ਸਿੱਖੀ ਪ੍ਰੇਮ ਵਿਚ ਸਰਸ਼ਾਰ ਹੋ ਕੇ ਅੰਗਰੇਜ਼ ਸਰਕਾਰ ਦੀ ਗੁਰਦੁਆਰਾ ਪ੍ਰਬੰਧ ਪ੍ਰਤੀ ਨੀਤੀ ਦਾ ਵਿਰੋਧ ਕਰਨ ਲਈ ਖੁੱਲ੍ਹ ਕੇ ਅਕਾਲੀਆਂ ਦੀਆਂ ਸਫ਼ਾਂ ਵਿੱਚ ਸ਼ਾਮਲ ਹੋਏ। ਫਲਸਰੂਪ ਸੈਂਕੜੇ ਸਾਬਕਾ ਸੈਨਿਕਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ। ਅੰਗਰੇਜ਼ੀ ਸਰਕਾਰ ਦੀ ਫੌਜ ਅਤੇ ਪੁਲਿਸ ਵਲੋਂ ਕੀਤੇ ਜਾ ਰਹੇ ਅਣਮਨੁੱਖੀ ਤਸ਼ੱਦਦ ਦੇ ਸਨਮੁੱਖ ਅਕਾਲੀਆਂ ਦੇ ਅਹਿੰਸਕ ਅਤੇ ਸ਼ਾਂਤੀਪੂਰਨ ਅੰਦੋਲਨ ਦੇ ਸਮਾਚਾਰਾਂ ਨੇ ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਆਗੂਆਂ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਉਹਨਾਂ ਨੇ ਅਕਾਲੀ ਸਿੱਖਾਂ ਦੀ ਸਹਿਨਸ਼ੀਲਤਾ ਦੀ ਸ਼ਲਾਘਾ ਅਤੇ ਸਰਕਾਰੀ ਬਰਬਰਤਾ ਦੀ ਘੋਰ ਨਿੰਦਿਆ ਕੀਤੀ। ਇਸ ਸਮੇਂ ਅਨੇਕਾਂ ਦੇਸੀ-ਵਿਦੇਸ਼ੀ ਪੱਤਰਕਾਰਾਂ, ਮਾਨਵ ਹਿਤੈਸ਼ੀ ਅੰਗ੍ਰੇਜ਼ ਪਾਦਰੀ ਮਿਸਟਰ ਸੀ.ਐਫ. ਐਂਡਰਿਊਜ਼, ਪੰਡਤ ਮਦਨ ਮੋਹਨ ਮਾਲਵੀਆ ਅਤੇ ਹੋਰ ਆਗੂਆਂ ਨੇ ਪੰਜਾਬ ਆ ਕੇ ਇਹ ਘਟਨਾਵਾਂ ਅੱਖੀਂ ਵੇਖੀਆਂ ਅਤੇ ਅਕਾਲੀਆਂ ਦੇ ਦੇਸ਼-ਪ੍ਰੇਮ ਅਤੇ ਧਰਮ-ਪਿਆਰ ਦੇ ਜਜ਼ਬੇ ਦੀ ਸ਼ਲਾਘਾ ਕੀਤੀ। ਅਕਾਲੀਆਂ ਦੇ ਸੰਘਰਸ਼ ਦਾ ਵਿਸ਼ਲੇਸ਼ਣ ਕਰਦਿਆਂ ਪ੍ਰੋ. ਰੁਚੀ ਰਾਮ ਸਾਹਨੀ ਨੇ ਲਿਖਿਆ, "ਪਿਛਲੇ ਦੋ ਸਾਲ ਤੋਂ ਮੁਲਕ ਭਰ ਵਿੱਚ ਤੇਜ਼ ਗਤੀ ਨਾਲ ਵਾਪਰ ਰਹੀਆਂ ਘਟਨਾਵਾਂ ਦੌਰਾਨ ਮਹਾਤਮਾ ਗਾਂਧੀ ਦੀ ਅਹਿੰਸਕ ਅਤੇ ਨਾ-ਮਿਲਵਰਤਨ ਲਹਿਰ ਨੂੰ ਬੇਰਹਿਮੀ, ਪਸ਼ੂਪੁਣੇ ਅਤੇ ਘਾਤਕ ਵਤੀਰੇ ਦੇ ਸਨਮੁੱਖ ਜਿਤਨਾ ਸ਼ਾਂਤ ਅਤੇ ਠਰੰਮੇ ਵਾਲੇ ਹੌਸਲੇ, ਸਬਰ ਸਗੋਂ ਪ੍ਰਸੰਨ-ਚਿੱਤ ਰਹਿ ਕੇ ਦੁੱਖ ਉਠਾਉਣ ਵਾਲੇ ਅਕਾਲੀਆਂ ਨੇ ਤਰਨਤਾਰਨ, ਨਨਕਾਣੇ ਅਤੇ ਗੁਰੂ ਦਾ ਬਾਗ ਵਿਖੇ ਸਹੀ ਸਿੱਧ ਕੀਤਾ ਹੈ, ਉਤਨਾ ਹੋਰ ਕਿਧਰੇ ਵੀ ਨਹੀਂ ਕੀਤਾ ਗਿਆ। ਮੈਂ ਇਹ ਆਖੇ ਬਿਨਾਂ ਨਹੀਂ ਰਹਿ ਸਕਦਾ ਕਿ ਸਾਡੀਆ ਅੱਖਾਂ ਦੇ ਸਾਹਮਣੇ ਖੇਡੇ ਜਾ ਰਹੇ ਵੀਹਵੀਂ ਸਦੀ ਦੇ ਮਹਾਂ-ਕਾਵਿ ਦੇ ਨਾਇਕ ਸਾਨੂੰ ਅਕਾਲੀ ਜਥਿਆਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਾਧਾਰਨ ਪੇਂਡੂ ਲੋਕ ਵਿਖਾਈ ਦਿੱਤੇ। ਇਹ ਸਾਰੀ ਗਾਥਾ ਸਚਮੁੱਚ ਹੀ ਸਾਡੀ ਸਿਮਰਤੀ ਵਿੱਚ ਓਨੇ ਹੀ ਪਿਆਰ, ਸਤਿਕਾਰ ਅਤੇ ਸ਼ਲਾਘਾ ਨਾਲ ਸੰਭਾਲਣ ਯੋਗ ਹੈ, ਜਿਵੇਂ ਪੁਰਾਤਨ ਮਹਾਂ-ਕਾਵਿ ਸੰਭਾਲੇ ਗਏ ਹਨ। ਉਹ ਦਿਨ ਦੂਰ ਨਹੀਂ ਜਦੋਂ ਸ਼ਾਨਦਾਰ ਆਦਰਸ਼ਵਾਦ ਤੋਂ ਪ੍ਰੇਰਿਤ ਨਾਇਕਤਵ ਦੀ ਇਸ ਵਿਥਿਆ ਨੂੰ ਕੋਈ ਉਚ-ਕੋਟੀ ਦਾ ਕਵੀ ਆਪਣੀ ਰਚਨਾ ਸਦਕਾ ਅਮਰ ਬਣਾਏਗਾ।"

ਸਚਮੁੱਚ ਹੀ ਪ੍ਰੋ. ਰੁਚੀ ਰਾਮ ਸਾਹਨੀ ਦੀ ਇਸ ਆਸ ਉਤੇ ਪੂਰਾ ਉਤਰਦਿਆਂ ਕੁੱਝ ਸਮਕਾਲੀ ਕਵੀਆਂ ਨੇ ਗੁਰੂ ਦਾ ਬਾਗ ਦੇ ਮੋਰਚੇ ਨੂੰ ਵਿਸ਼ਾ ਬਣਾ ਕੇ ਕਾਵਿ-ਰਚਨਾਵਾਂ ਕੀਤੀਆਂ ਜਿਨ੍ਹਾਂ ਨੂੰ ਪੜ੍ਹਦਿਆਂ ਜ਼ਾਲਮ ਅੰਗਰੇਜ਼ ਪ੍ਰਤੀ ਨਫ਼ਰਤ ਦੀਆਂ ਭਾਵਨਾਵਾਂ ਉਪਜਦੀਆਂ ਹਨ

ਅਤੇ ਅਕਾਲੀ ਸਤਿਆਗ੍ਰਹੀਆਂ ਦੀ ਨਿਸ਼ਕਾਮ ਕੁਰਬਾਨੀ ਅੱਗੇ ਆਪ-ਮੁਹਾਰੇ ਸਿਰ ਝੁਕਦਾ ਹੈ। ਲਗਪਗ ਪੌਣੀ ਸਦੀ ਪਹਿਲਾਂ ਬੀਤੇ ਇਸ ਘਟਨਾ-ਕ੍ਰਮ ਨੂੰ ਮਿਤੀ-ਵਾਰ ਕਰਕੇ ਰੋਜ਼ਨਾਮਚੇ ਦੇ ਰੂਪ ਵਿਚ ਇਸ ਆਸ ਨਾਲ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ ਕਿ ਇਸ ਤੋਂ ਉਸ ਵੇਲੇ ਦੇ ਸਿੱਖ ਆਚਰਣ ਵਿੱਚੋਂ ਪ੍ਰਦਰਸ਼ਿਤ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਮਿਲੇਗੀ।

ਗੁਰਦੇਵ ਸਿੰਘ ਸਿੱਧੂ, ਡਾ.

*I was in jail when the Guru-ka-Bagh struggle was gallantry fought and won by the Sikhs. I marveled at the courage and sacrifice of the Akalis and wished that I could be given an opportunity of showing my deep admiration of them by some form of service.*

*Sat Sri Akal*

Jawaharlal Nehru

*Central Jail, Nabha* *25 September, 1923*

## ਅਧਿਆਇ-1

# ਸਿੱਖ ਧਰਮ : ਪੁਨਰ-ਜਾਗ੍ਰਿਤੀ

### ਸਿੱਖ-ਧਰਮ ਅਤੇ ਗੁਰਦੁਆਰੇ

ਸਿੱਖ-ਧਰਮ ਵਿਚ ਗੁਰਦੁਆਰੇ ਨੂੰ ਬੜਾ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਹ ਸਿੱਖ ਜੀਵਨ ਦੀ ਹਰ ਧਾਰਮਿਕ ਅਤੇ ਸਮਾਜਿਕ ਗਤੀਵਿਧੀ ਦਾ ਕੇਂਦਰੀ ਧੁਰਾ ਹੈ। ਭਾਈ ਕਾਨ੍ਹ ਸਿੰਘ ਸਿੱਖ-ਸਮਾਜ ਵਿਚ ਗੁਰਦੁਆਰੇ ਦਾ ਮਹੱਤਵ ਬਿਆਨ ਕਰਦਿਆਂ ਲਿਖਦੇ ਹਨ :-

> ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤ੍ਰੀ ਜਾਤਿ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਿੱਖ ਗੁਰਦੁਆਰੇ ਸਿੱਖ ਇਤਿਹਾਸ ਨੂੰ ਦਿਸ਼ਾ ਦੇਣ ਦਾ ਕਾਰਨ ਬਣੇ ਹਨ। ਸਿੱਖ ਇਤਿਹਾਸ ਦੀਆਂ ਅਨੇਕਾਂ ਘਟਨਾਵਾਂ ਗੁਰਦੁਆਰਿਆਂ ਦੀ ਸਥਾਪਨਾ ਅਤੇ ਸੁਰੱਖਿਆ ਨਾਲ ਜੁੜੀਆਂ ਹੋਈਆਂ ਹਨ।

ਸਿੱਖ ਧਰਮ ਦੇ ਆਰੰਭ ਤੋਂ ਹੀ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਧਰਤੀ ਨੂੰ ਪਵਿੱਤਰ ਸਥਾਨ ਮੰਨ ਕੇ ਉਸਨੂੰ ਇਲਾਕੇ ਦੇ ਸ਼ਰਧਾਲੂ ਸਿੱਖਾਂ ਦੇ ਮੇਲ-ਮਿਲਾਪ ਅਤੇ ਵਿਚਾਰ-ਵਟਾਂਦਰੇ ਦੇ ਕੇਂਦਰ ਵਜੋਂ ਵਿਕਸਿਤ ਕੀਤਾ ਜਾਂਦਾ ਰਿਹਾ ਹੈ। ਗੁਰੂ ਰਾਮ ਦਾਸ ਜੀ ਦੀ ਬਾਣੀ ਵਿਚ ਅਜਿਹੇ ਗੁਰੂ ਅਸਥਾਨਾਂ ਦੀ ਸਿੱਖ ਸੰਗਤ ਲਈ ਮਹੱਤਤਾ ਬਾਰੇ ਹਵਾਲੇ ਮਿਲਦੇ ਹਨ।

ਸ਼ੁਰੂ-ਸ਼ੁਰੂ ਵਿਚ ਇਹਨਾਂ ਸਥਾਨਾਂ ਦੀ ਸਾਂਭ-ਸੰਭਾਲ ਸਥਾਨਕ ਸਿੱਖਾਂ ਦੁਆਰਾ ਕੀਤੀ ਜਾਂਦੀ ਸੀ। ਇਹਨਾਂ ਗੁਰੂ ਅਸਥਾਨਾਂ ਨਾਲ ਕੋਈ ਬੱਝਵੀਂ ਆਮਦਨ ਨਾ ਹੋਣ ਕਾਰਨ ਇਹਨਾਂ ਦੀ ਸਾਂਭ-ਸੰਭਾਲ ਵੀ ਨਿਰੋਲ ਸ਼ਰਧਾ ਵਾਲੇ ਲੋਕ ਹੀ ਕਰਦੇ ਸਨ। ਸਿੱਖਾਂ ਵੱਲੋਂ ਚੜ੍ਹਾਵੇ ਦੇ ਰੂਪ ਵਿਚ ਇਕੱਤਰ ਹੋਈ ਮਾਇਆ ਨੂੰ ਨਿੱਜੀ ਲੋੜਾਂ ਦੀ ਪੂਰਤੀ ਲਈ ਵਰਤਣਾ ਵਿਸ਼ਪਾਨ ਦੇ ਤੁਲ ਸਮਝਿਆ ਜਾਂਦਾ ਸੀ। ਚੜ੍ਹਾਵੇ ਦੀ ਰਕਮ ਲੰਗਰ ਚਲਾਉਣ ਜਾਂ ਸੰਗਤ ਦੀ ਭਲਾਈ ਲਈ ਹੋਰ ਕਾਰਜਾਂ ਉਤੇ ਵਰਤੀ ਜਾਂਦੀ ਸੀ। ਗੁਰਦੁਆਰਿਆਂ ਦੇ ਕੇਵਲ ਬਹੁਤ ਹੀ ਨਿਰਧਨਤਾ ਅਤੇ ਬੇਵੱਸੀ ਦੀ ਹਾਲਤ ਵਿਚ ਦੀ ਗੁਜ਼ਰ ਰਹੇ ਸੇਵਾਦਾਰਾਂ ਨੂੰ ਛੱਡਕੇ ਬਾਕੀ ਸਭ ਸੇਵਾਦਾਰ ਆਪਣੀ ਉਦਰ-ਪੂਰਤੀ ਲਈ ਹੱਥੀਂ ਕੰਮ ਕਰਦੇ ਸਨ। ਆਪਣੀ ਜਿਮੇਂਵਾਰੀ ਨੂੰ ਨਿਭਾਉਣ ਵਿਚ ਬਦਦਿਆਨਤੀ ਕਰਨ ਵਾਲੇ ਸੇਵਾਦਾਰਾਂ ਅਥਵਾ ਮਸੰਦਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੋਧੇ ਜਾਣ ਬਾਰੇ ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ।

ਅਠਾਰ੍ਹਵੀਂ ਸਦੀ ਦੇ ਉਤਰਾਰਧ ਦੌਰਾਨ ਮੁਗਲ ਹਕੂਮਤ ਦੀ ਪਕੜ ਢਿੱਲੀ ਹੋਣ ਅਤੇ

ਸਿੱਖ ਸਰਦਾਰਾਂ ਵੱਲੋਂ ਆਪਣੇ ਜ਼ੋਰ ਨਾਲ ਛੋਟੀਆਂ-ਵੱਡੀਆਂ ਰਿਆਸਤਾਂ ਬਣਾ ਲੈਣ ਉਪਰੰਤ ਸਿੱਖ ਮਿਸਲਦਾਰਾਂ ਵੱਲੋਂ ਭਿੰਨ-ਭਿੰਨ ਗੁਰਦੁਆਰਿਆਂ ਨੇ ਨਾਉਂ ਜ਼ਮੀਨੀ ਪਟੇ ਕਰਵਾ ਦੇਣ ਨਾਲ ਗੁਰਦੁਆਰਿਆਂ ਦੀ ਆਰਥਿਕ ਸਥਿਤੀ ਮਜ਼ਬੂਤ ਹੋ ਗਈ। ਇਉਂ ਗੁਰ ਅਸਥਾਨਾਂ ਦੀ ਪੱਕੀ ਅਤੇ ਬੱਝਵੀਂ ਆਮਦਨ ਯਕੀਨੀ ਹੋ ਗਈ। ਕੁੱਝ ਸਮਾਂ ਤਾਂ ਇਸ ਆਮਦਨ ਦੀ ਵਰਤੋਂ ਪਰੰਪਰਾਵਾਂ ਅਨੁਸਾਰ ਹੁੰਦੀ ਰਹੀ ਪਰ ਸਿੱਖ ਰਾਜ ਦੇ ਖਾਤਮੇ ਅਤੇ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਇਹ ਪੁਰਾਤਨ ਵਿਵਸਥਾ ਲੜਖੜਾ ਗਈ। ਰਾਜ-ਭਾਗ ਖੁੱਸਣ ਕਾਰਨ ਸਿੱਖ ਜਗਤ ਵਿਚ ਉਪਜੀ ਘੋਰ ਨਿਰਾਸ਼ਾ ਨੇ ਉਹਨਾਂ ਨੂੰ ਆਪਣੇ ਧਰਮ ਅਸਥਾਨਾਂ ਅੰਤੇ ਧਾਰਮਿਕ ਰਹੁ-ਰੀਤਾਂ ਦੀ ਪਾਲਣਾ ਵੱਲੋਂ ਅਵੇਸਲੇ ਕਰ ਦਿੱਤਾ। ਦੂਜੇ ਪਾਸੇ ਅੰਗਰੇਜ਼ੀ ਕਾਨੂੰਨ ਲਾਗੂ ਹੋਣ ਨਾਲ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰ ਰਹੇ ਸਾਧ, ਸੰਤ-ਮਹੰਤ ਜਾਂ ਹੋਰ ਵਿਅਕਤੀ ਸਿੱਖ-ਸੰਗਤ ਦੇ ਪ੍ਰਭਾਵ ਹੇਠੋਂ ਨਿਕਲ ਕੇ ਆਪਣੀ ਮਨਮਰਜ਼ੀ ਕਰਨ ਲੱਗ ਪਏ। ਉਹਨਾਂ ਨੇ ਨਾ ਕੇਵਲ ਗੁਰ-ਅਸਥਾਨਾਂ ਦੀ ਆਮਦਨ ਦੀ ਵਰਤੋਂ ਆਪ-ਹੁਦਰੇ ਢੰਗ ਨਾਲ ਕਰਨੀ ਸ਼ੁਰੂ ਕਰ ਦਿੱਤੀ, ਸਗੋਂ ਗੁਰਦੁਆਰਿਆਂ ਦੀ ਸਥਾਪਨਾ ਦੇ ਮੂਲ ਮਨੋਰਥ ਗੁਰਸਿੱਖੀ ਦੇ ਪ੍ਰਚਾਰ ਪ੍ਰਤੀ ਵੀ ਬੇਧਿਆਨੀ ਵਰਤਣ ਲੱਗ ਪਏ। ਸਿੱਖ ਰਹੁ-ਰੀਤਾਂ ਦੀ ਪਾਲਣਾ ਪ੍ਰਤੀ ਇਹ ਅਵਹੇਲਨਾ ਅਚਾਨਕ ਅਤੇ ਇਕਦਮ ਨਹੀਂ ਆਈ ਸਗੋਂ ਪਿਛਲੇ ਕਾਫ਼ੀ ਅਰਸੇ ਤੋਂ ਹੌਲੀ-ਹੌਲੀ ਅਜਿਹਾ ਹੁੰਦਾ ਆ ਰਿਹਾ ਸੀ।

## ਸਿੱਖ ਧਰਮ ਉਤੇ ਬ੍ਰਾਹਮਣੀ ਮੱਤ ਦਾ ਪ੍ਰਭਾਵ

ਇਤਿਹਾਸ ਗਵਾਹ ਹੈ ਕਿ ਸਿੱਖ ਧਰਮ ਨੂੰ ਅਜੇ ਚੰਗੀ ਤਰ੍ਹਾਂ ਪਲਰਨ-ਵਿਗਸਣ ਦਾ ਅਵਸਰ ਨਹੀਂ ਸੀ ਮਿਲਿਆ ਕਿ ਇਸਨੂੰ ਸਮੇਂ ਦੇ ਕੱਟੜ ਮਜ਼੍ਹਬ-ਪ੍ਰਸਤ ਮੁਸਲਮਾਨ ਹਾਕਮਾਂ ਦੇ ਕ੍ਰੋਪ ਦਾ ਸ਼ਿਕਾਰ ਹੋਣਾ ਪਿਆ। ਉਂਝ ਤਾਂ ਪੰਜਵੇਂ ਸਿੱਖ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਬਾਦਸ਼ਾਹੀ ਕਹਿਰ ਨਾਜ਼ਲ ਹੁੰਦਾ ਆ ਰਿਹਾ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਥੋੜ੍ਹਾ ਚਿਰ ਰਹੀ ਸਿੱਖ-ਸਰਦਾਰੀ ਦਾ ਸਮਾਂ ਗੁਜ਼ਰਨ ਉਪਰੰਤ ਪੰਥ ਲਈ ਅਤਿਅੰਤ ਬਿਖੜਾ ਸਮਾਂ ਆ ਗਿਆ। ਇਸ ਨੂੰ ਤ੍ਰਾਸਦੀ ਹੀ ਮੰਨਿਆ ਜਾਵੇਗਾ ਕਿ 'ਖਾਲਸਾ' ਦੀ ਸੰਪੂਰਨ ਸ਼ਖਸੀਅਤ ਸਾਕਾਰ ਹੁੰਦਿਆਂ ਹੀ ਇਸ ਉਤੇ ਬਿਪਤਾ ਦੇ ਪਹਾੜ ਆ ਡਿੱਗੇ। ਖਾਲਸੇ ਨੂੰ ਆਪਣੇ ਘਰ-ਘਾਟ ਤਿਆਗ ਕੇ ਜੰਗਲਾਂ, ਰੋਹੀਆਂ, ਬੀਆਬਾਨਾਂ ਆਦਿ ਵਿਚ ਟਿਕਾਣੇ ਬਣਾਉਣੇ ਪਏ। ਉਹਨਾਂ ਦੇ ਪਰਵਾਰ ਅਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਨਾਮ-ਲੇਵਾ ਹੋਰ ਲੋਕ ਪਿੱਛੋਂ ਪਿੰਡਾਂ ਅਤੇ ਸ਼ਹਿਰਾਂ ਵਿਚ ਰਹਿੰਦੇ ਰਹੇ, ਜੋ ਬਹੁ-ਗਿਣਤੀ ਦੇ ਰੰਗ ਵਿਚ ਰੰਗੇ ਗਏ। ਸਿੱਖ ਧਰਮ ਅਸਥਾਨਾਂ ਦੀ ਸਾਂਭ-ਸੰਭਾਲ ਜਿਨ੍ਹਾਂ ਸਾਧੂ-ਸੰਤਾਂ, ਉਦਾਸੀਆਂ ਆਦਿ ਦੇ ਹੱਥ ਆਈ, ਉਹ ਵੀ ਮੁਗਲ ਹਕੂਮਤ ਦੇ ਡਰ ਅਤੇ ਆਪਣੀ ਉਦਰ-ਪੂਰਤੀ ਦੀ ਸੁਖੈਨਤਾ ਨੂੰ ਧਿਆਨ-ਗੋਚਰੇ ਰੱਖਦਿਆਂ ਬ੍ਰਾਹਮਣੀ ਰੰਗਤ ਵਾਲੇ ਧਰਮ ਦਾ ਪਰਚਾਰ ਕਰਦੇ ਰਹੇ। ਇਹਨਾਂ ਕਾਰਨਾਂ ਸਦਕਾ ਬ੍ਰਾਹਮਣੀ ਮੱਤ, ਜੋ ਸਿੱਖ ਧਰਮ ਦੇ ਜਨਮ ਤੋਂ ਹੀ ਇਸਨੂੰ ਆਪਣੇ ਅੰਦਰ ਸਮਾਉਣ ਲਈ ਯਤਨਸ਼ੀਲ ਸੀ, ਨੇ ਸਿੱਖ ਧਰਮ ਨੂੰ ਆਪਣੇ ਪਰਛਾਵੇਂ ਹੇਠ ਲੈ ਲਿਆ।

ਅਜਿਹਾ ਹੋਣ ਦਾ ਇਕ ਹੋਰ ਕਾਰਨ ਸਿੱਖ-ਧਰਮ ਨੂੰ ਗ੍ਰਹਿਣ ਕਰਨ ਵਾਲੇ ਵਿਅਕਤੀਆਂ

ਦੇ ਧਾਰਮਿਕ ਪਿਛੋਕੜ ਵਿਚਲਾ ਅਨੁਪਾਤ ਬਦਲ ਜਾਣਾ ਵੀ ਹੈ। ਸਿੱਖ-ਧਰਮ ਦੇ ਬੂਹੇ, ਸ਼ੁਰੂ ਤੋਂ ਹੀ, ਬਿਨਾਂ ਕਿਸੇ ਭੇਦ-ਭਾਵ ਹਰ ਜਾਤ ਲਈ ਖੁੱਲ੍ਹੇ ਸਨ, ਇਸ ਲਈ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ ਤੋਂ ਪ੍ਰੇਰਨਾ ਪ੍ਰਾਪਤ ਹਿੰਦੂ ਅਤੇ ਮੁਸਲਮਾਨ ਦੋਵਾਂ ਫਿਰਕਿਆਂ ਦੇ ਲੋਕ ਸਿੱਖ-ਕੌਮ ਵਿਚ ਸ਼ਾਮਲ ਹੋ ਰਹੇ ਸਨ। ਗੁਰੂ ਨਾਨਕ ਦੇਵ ਜੀ ਦੀ ਅਰਬ-ਮੁਲਕਾਂ ਦੀ ਯਾਤਰਾ ਦੇ ਫਲਸਰੂਪ ਉਥੇ ਮੁਸਲਮਾਨੀ ਵਸੋਂ ਵਿਚ ਸਿੱਖ ਸੰਗਤਾਂ ਕਾਇਮ ਹੋਣ ਬਾਰੇ ਪਤਾ ਲੱਗਦਾ ਹੈ। ਭਾਈ ਗੁਰਦਾਸ ਰਚਿਤ ਗਿਆਰ੍ਹਵੀਂ ਵਾਰ ਵਿਚ ਉਸ ਸਮੇਂ ਦੇ ਚੋਣਵੇਂ ਸਿੱਖਾਂ ਦੀ ਨਾਮਾਂਵਲੀ ਵਿਚ ਚੋਖੇ ਨਾਉਂ ਇਸਲਾਮੀ ਪਿਛੋਕੜ ਵਾਲੇ ਸਿੱਖਾਂ ਦੇ ਹਨ। ਇਹ ਮੁੱਖ ਤੌਰ ਉਤੇ ਪਠਾਣ, ਆਦਿ ਮੁਸਲਮਾਨ ਸਨ ਜਿਨ੍ਹਾਂ ਨੂੰ ਰਾਜਸੀ ਪਿੜ ਵਿਚ ਹਾਰ ਦੇ ਕੇ ਮੁਗਲਾਂ ਨੇ ਆਪਣੀ ਚੌਧਰ ਕਾਇਮ ਕੀਤੀ ਸੀ ਅਤੇ ਉਹ ਸਮਾਜਿਕ ਤੌਰ ਉਤੇ ਇਹਨਾਂ ਨੂੰ ਆਪਣੇ ਨਾਲੋਂ ਹੀਣੇ ਮੰਨਦੇ ਸਨ। ਹਿੰਦੂਆਂ ਦੇ ਨਾਲ-ਨਾਲ ਅਜਿਹੇ ਮੁਸਲਮਾਨਾਂ ਦੀ ਸ਼ਮੂਲੀਅਤ ਨਾਲ ਬਣੇ ਸਿੱਖ ਆਪਣੇ ਆਪ ਨੂੰ ਆਪਣੇ ਪੂਰਬਲੇ ਫਿਰਕੇ ਨਾਲ ਜੋੜ ਕੇ ਵੇਖਣ ਦੀ ਥਾਂ ਆਪਣੀ ਨਿਵੇਕਲੀ ਹੈਸੀਅਤ ਬਾਰੇ ਸੁਚੇਤ ਹੋਏ। ਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੇ ਇਸ ਸੋਚ ਨੂੰ ਹੋਰ ਪਰਪੱਕ ਕੀਤਾ। ਇਸ ਸਬੰਧ ਵਿਚ ਆਪ੍ ਦਾ ਇਹ ਸ਼ਬਦ ਵਾਚਣਯੋਗ ਹੈ :-

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥2॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥3॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥4॥

(ਭੈਰਉ ਮਹਲਾ-5, ਪੰਨਾ-1136)

ਪਰ ਜਿਉਂ ਹੀ ਮੁਗਲ ਹਕੂਮਤ ਦੇ ਦਮਨਕਾਰੀ ਵਤੀਰੇ ਦੇ ਪ੍ਰਤੀਕਰਮ ਵਜੋਂ ਸਿੱਖਾਂ ਨੇ ਉਹਨਾਂ ਨਾਲ ਲੋਹਾ ਲੈਣਾ ਸ਼ੁਰੂ ਕੀਤਾ ਤਾਂ ਮੁਗਲਾਂ ਵੱਲੋਂ ਇਸ ਸੰਘਰਸ਼ ਨੂੰ ਕਾਫਰਾਂ ਨਾਲ ਜੰਗ ਐਲਾਨੇ ਜਾਣ ਸਦਕਾ ਮੁਸਲਮਾਨਾਂ ਵਿਚ ਕੰਮ ਕਰ ਰਹੇ ਸਿੱਖ-ਪ੍ਰਚਾਰਕਾਂ ਦਾ ਕੰਮ ਕਠਿਨ ਹੋ ਗਿਆ। ਥੋੜ੍ਹੇ ਸਮੇਂ ਵਿਚ ਹੀ ਮੁਗਲਾਂ ਅਤੇ ਸਿੱਖਾਂ ਦਾ ਆਪਸੀ ਟਕਰਾਅ ਏਨਾ ਵਧ ਗਿਆ ਕਿ ਮੁਗਲਾਂ ਤੋਂ ਦੁਖੀ, ਗਰੀਬ ਅਤੇ ਨਿਤਾਣੇ ਮੁਸਲਮਾਨ ਵੀ ਮਜ਼ਬੀ ਜੋਸ਼ ਵਿਚ ਸਿੱਖੀ ਤੋਂ ਦੂਰ ਰਹਿਣ ਲੱਗੇ। ਇਸ ਸਮੇਂ ਕੇਵਲ ਹਿੰਦੂ ਜਾਤੀ ਦੇ ਲੋਕਾਂ ਦੇ ਸਿੱਖੀ ਵੱਲ ਆਉਣ ਦਾ ਨਤੀਜਾ ਇਹ ਨਿਕਲਿਆ ਕਿ ਬ੍ਰਾਹਮਣੀ ਸੰਸਕਾਰ ਨਵੇਂ ਧਰਮ ਵਿੱਚ ਵੀ ਜੜ੍ਹਾਂ ਫੜਨ ਲੱਗ ਪਏ। ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਾਂ ਸ਼ਹਿਰਾਂ-ਗਰਾਵਾਂ ਵਿਚ ਵਸਦੇ ਲੋਕ ਹਕੂਮਤ ਦੀ ਸਖਤੀ ਤੋਂ ਬਚਣ ਲਈ ਸਿੱਖ-ਧਰਮ ਦੇ ਅਨੁਆਈ ਹੋਣ ਦੇ ਬਾਵਜੂਦ ਸਿੱਖ ਰਹਿਤ-ਬਹਿਤ

ਦੀ ਪਾਲਣਾ ਤੋਂ ਕੰਨੀ ਕਤਰਾਉਣ ਲੱਗ ਪਏ। ਸਿੱਖ-ਚਿੰਤਨ ਵਿਚ ਬ੍ਰਾਹਮਣੀ ਮੱਤ ਦਾ ਅਜਿਹਾ ਖੋਟ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੀ ਮਹਿਸੂਸ ਹੋਣ ਲੱਗ ਪਿਆ ਸੀ। ਇਸ ਤੋਂ ਚੌਂਕਸ ਕਰਦਿਆਂ ਦਸਮ ਗੁਰੂ ਨੇ ਫੁਰਮਾਇਆ ਸੀ :-

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਦੀ ਰੀਤ।
ਮੈਂ ਨਾ ਕਰੋਂ ਇਨਕੀ ਪ੍ਰਤੀਤ।

## ਅੰਗਰੇਜ਼ੀ ਰਾਜ ਦੌਰਾਨ ਸਿੱਖ-ਧਰਮ ਦੀ ਦਸ਼ਾ

ਬਦ-ਕਿਸਮਤੀ ਨੂੰ ਸਿੱਖ-ਧਰਮ ਦਾ ਬ੍ਰਾਹਮਣੀ ਮੱਤ ਵੱਲ ਉਲਾਰ ਦਿਨੋਂ ਦਿਨ ਵਧਦਾ ਹੀ ਗਿਆ। ਆਸ ਕੀਤੀ ਜਾਂਦੀ ਸੀ ਕਿ ਸਿੱਖ ਮਿਸਲਦਾਰੀ ਵਿਚੋਂ ਉੱਭਰੀ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਰਿਆਸਤ ਵਿਚ ਇਸ ਵਿਗਾੜ ਨੂੰ ਠੱਲ ਪਏਗੀ ਪਰ ਅਜਿਹਾ ਨਹੀਂ ਹੋਇਆ। ਇਸ ਸਮੇਂ ਭਾਵੇਂ ਖਾਲਸਾ ਜੰਗਲਾਂ-ਬੀਆਬਾਨਾਂ ਵਿਚੋਂ ਨਿਕਲ ਮੁੜ ਪਿੰਡਾਂ-ਸ਼ਹਿਰਾਂ ਵਿਚ ਆ ਵਸਿਆ ਪਰ ਧਾਰਮਿਕ ਸਥਿਤੀ ਨਿਘਾਰ ਵੱਲ ਨੂੰ ਹੀ ਗਈ। ਰਾਜ-ਸ਼ਕਤੀ ਦੇ ਘੇਰੇ ਅੰਤਰ ਆਪਣਾ ਪ੍ਰਭਾਵ ਵਧਾਉਣ ਲਈ ਮਹਾਰਾਜੇ ਵਰਗਾ ਸਿੱਖ ਸਰੂਪ ਧਾਰਨ ਕਰਨਾ ਜ਼ਰੂਰੀ ਸਮਝਦਿਆਂ ਜਣੇ-ਖਣੇ ਨੇ ਦਾੜ੍ਹੀ-ਕੇਸ ਸ਼ੁਰੂ ਕਰ ਦਿੱਤੇ। ਇਉਂ ਵੇਸ਼-ਭੂਸ਼ਾ ਅਤੇ ਬਾਹਰੀ ਦਿੱਖ ਦੇ ਪੱਖੋਂ ਸਿੱਖ ਮੰਨੇ ਜਾ ਸਕਦੇ ਵਿਅਕਤੀਆਂ ਦੀ ਗਿਣਤੀ ਤਾਂ ਬੇਸ਼ੱਕ ਕਈ ਗੁਣਾਂ ਵੱਧ ਗਈ ਪਰ ਸਿੱਖੀ ਰਹੁ-ਰੀਤ ਅਤੇ ਇਸ ਦੀ ਅੰਦਰਲੀ ਭਾਵਨਾ ਨੂੰ ਗ੍ਰਹਿਣ ਕਰਨ ਦੀ ਰੁਚੀ ਹੋਰ ਵੀ ਪਤਲੀ ਪੈ ਗਈ। ਸਿੱਖ-ਰਾਜ ਦੇ ਅੰਤ ਨਾਲ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਹੋ ਗਈ। ਇਸ ਸਮੇਂ ਸਿੱਖ ਧਰਮ ਵਿਚ ਘਰ ਕਰ ਗਈਆਂ ਅਨਮਤੀ ਕੁਰੀਤਾਂ ਬਾਰੇ ਪੁਰਾਤਨ ਗ੍ਰੰਥਾਂ ਵਿਚੋਂ ਵਿਸਤ੍ਰਿਤ ਹਵਾਲੇ ਮਿਲਦੇ ਹਨ। ਉੱਨੀਵੀਂ ਸਦੀ ਦੀ ਅੰਤਲੀ ਚੌਥਾਈ ਦੌਰਾਨ, ਗੌਰਮਿੰਟ ਕਾਲਜ, ਲਾਹੌਰ ਦੇ ਇਕ ਪ੍ਰਾਧਿਆਪਕ ਮਿਸਟਰ ਜੇ.ਸੀ. ਉਮੇਨ ਨੇ ਦਰਬਾਰ ਸਾਹਿਬ ਦੀ ਯਾਤਰਾ ਕਰਨ ਉਪਰੰਤ ਇੱਥੇ ਅੱਖੀਂ ਡਿੱਠੇ ਹਾਲ ਇਉਂ ਅੰਕਿਤ ਕੀਤੇ ਹਨ :-

(ੳ) ਦਰਬਾਰ ਸਾਹਿਬ ਵਿਚ ਬ੍ਰਾਹਮਣ ਹਿੰਦੂ ਸ਼ਾਸਤਰਾਂ ਵਿਚੋਂ ਕਥਾ ਕਰਕੇ ਸੁਣਾ ਰਹੇ ਸਨ। (ਪੰਨਾ-95)

(ਅ) ਦਰਬਾਰ ਸਾਹਿਬ ਦੀ ਪਰਕਰਮਾ ਦੇ ਆਲੇ-ਦੁਆਲੇ ਭੈੜੇ ਆਚਰਨ ਵਾਲੇ ਮਰਦ ਇਸਤ੍ਰੀਆਂ ਰਹਿੰਦੇ ਸਨ, ਜਿਹੜੇ ਧਰਮ ਦੀ ਓਟ ਲੈ ਕੇ ਦੁਰਾਚਾਰੀ ਦੇ ਸੌਦੇ ਕਰਦੇ ਸਨ ਅਤੇ ਗੁਰਦੁਆਰੇ ਦੇ ਪੁਜਾਰੀਆਂ ਵੱਲੋਂ ਉਹਨਾਂ ਨੂੰ ਹਰ ਪ੍ਰਕਾਰ ਦਾ ਸਮਰਥਨ ਪ੍ਰਾਪਤ ਸੀ। (ਪੰਨਾ-96)

(ੲ) ਪ੍ਰਕਰਮਾ ਦੀ ਉੱਤਰੀ ਬਾਹੀ ਵੱਲ ਦੀ ਲੰਘਦਿਆਂ ਅਸੀਂ ਦੇਖਿਆ ਕਿ ਇਕ ਬ੍ਰਾਹਮਣ ਗਣੇਸ਼ ਤੇ ਕ੍ਰਿਸ਼ਨ ਦੀਆਂ ਛੋਟੀਆਂ ਮੂਰਤੀਆਂ ਦੀ ਪੂਜਾ ਕਰ ਰਿਹਾ ਸੀ ਤੇ ਇਕ ਹੋਰ ਬ੍ਰਾਹਮਣ ਸੂਰਜ ਵੱਲ ਨੂੰ ਮੂੰਹ ਕਰਕੇ ਪੂਜਾ ਵਿਚ ਰੁੱਝਾ ਸੀ। (ਪੰਨਾ-97)

(ਸ) ਪ੍ਰਕਰਮਾ ਦੀ ਉੱਤਰ ਪੂਰਬੀ ਨੁੱਕਰ ਉਤੇ, ਸਰੋਵਰ ਦੇ ਕੰਢੇ, ਸ਼ਿਵ ਦਾ ਇਕ ਮੰਦਰ ਸੀ, ਜਿੱਥੇ ਸ਼ਿਵ-ਲਿੰਗ ਦੀ ਪੂਜਾ ਹੋ ਰਹੀ ਸੀ। ਇਹ ਸ਼ਿਵ ਲਿੰਗ ਚਾਰ ਇੰਚ ਉੱਚਾ ਸੀ ਤੇ ਸੰਗਮਰਮਰ ਦੇ ਥੜ੍ਹੇ ਉਤੇ ਟਿਕਾਇਆ ਹੋਇਆ ਸੀ।

(ਪੰਨਾ-97)

(ਹ) ਦੁੱਖ-ਭੰਜਨੀ ਬੇਰੀ ਦੇ ਨੇੜੇ ਇਕ ਈਸਾਈ ਪ੍ਰਚਾਰਕ ਬਾਈਬਲ ਵਿਚੋਂ ਉਦਾਹਰਨਾਂ ਦੇ ਕੇ ਜੀਵਨ ਦੇ ਉਦੇਸ਼, ਲੰਘ ਰਹੇ ਯਾਤਰੂਆਂ ਨੂੰ, ਸਮਝਾ ਰਿਹਾ ਸੀ।

(ਪੰਨਾ-98)

(ਕ) ਪ੍ਰਕਰਮਾ ਵਿਚ ਜ਼ਰਾ ਕੁ ਅੱਗੇ ਲੰਘੇ ਤਾਂ ਇਕ ਛੋਟੇ ਜਿਹੇ ਮੰਦਰ ਵਿਚ ਦੇਵੀ ਦੀ ਮੂਰਤੀ ਰੱਖੀ ਹੋਈ ਸੀ ਤੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ।

(ਪੰਨਾ-98)

(ਖ) ਅੱਗੇ ਗਏ ਤਾਂ ਇਕ ਬ੍ਰਾਹਮਣ ਸਾਲਗਰਾਮ ਸਾਹਮਣੇ ਪੂਜਾ ਕਰ ਰਿਹਾ ਸੀ ਤੇ ਉਸਦੇ ਹੱਥ ਵਿਚ ਬਦਰੀ ਨਰਾਇਣ ਦੇ ਮੰਦਰ ਦੀ ਫੋਟੋ ਸੀ।
ਇਕ ਹੋਰ ਬ੍ਰਾਹਮਣ ਸਾਲਗਰਾਮ ਨੂੰ ਤੁਲਸੀ ਨਾਲ ਸ਼ਿੰਗਾਰ ਰਿਹਾ ਸੀ।

(ਪੰਨਾ-98)

ਸਿੱਖ ਇਤਿਹਾਸ ਨੂੰ ਛੰਦ-ਬੰਧ ਕਵਿਤਾ ਵਿਚ ਰਚ ਕੇ ਪ੍ਰਸਿੱਧੀ ਖੱਟਣ ਵਾਲੇ ਕਵੀ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ (ਜੀਵਨ-ਕਾਲ 1882-1952), ਜੋ ਅਪ੍ਰੈਲ, 1922 ਤੋਂ 1937 ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਹਿਲਾਂ ਗ੍ਰੰਥੀ ਅਤੇ ਫਿਰ ਮੁੱਖ ਗ੍ਰੰਥੀ ਰਹੇ, ਇਸ ਗੁਰ-ਅਸਥਾਨ ਦੀ ਇਸ ਸਮੇਂ ਦੀ ਹਾਲਤ ਇਉਂ ਬਿਆਨ ਕਰਦੇ ਹਨ :-

ਰਿਹਾ ਪੰਥ ਦਾ ਮੂਲ ਅਧਿਕਾਰ ਨਹੀਂ ਰਾਇ ਦੇਣ ਦਾ ਨਾ ਅਧਿਕਾਰ ਭਾਈ।
ਦਖਲ ਕਿਸੇ ਵੀ ਕੰਮ ਵਿਚ ਦੇ ਜਿਹੜਾ ਓਹ ਸਜ਼ਾ ਦਾ ਹੋਇ ਹੱਕਦਾਰ ਭਾਈ।
ਹੱਟੀ ਬਣੀ ਪੁਜਾਰੀਆਂ ਗ੍ਰੰਥੀਆਂ ਦੀ ਹੋਈ ਧਰਮ ਦੀ ਕਾਰ ਉਡਾਰ ਭਾਈ।
ਰਲ ਚੋਰ ਕੁੱਤੀ ਆਪੋ ਵਿਚ ਗਏ ਦੂਜਾ ਕੋਈ ਨਾ ਪੁੱਛਣੇਹਾਰ ਭਾਈ।
ਅਸਥਾਨ ਪਵਿੱਤਰ ਜਹਾਨ ਵਿਚੋਂ ਅੱਡਾ ਲੁੱਚਯਾਂ ਦਾ ਬਣਯਾ ਜ਼ਾਹਰ ਭਾਈ।
ਸੇਵਾਦਾਰ ਬਾਦਮਾਸ਼ੀਆਂ ਕਰਨ ਲੱਗੇ ਦਿਨ ਦੀਵੀਂ ਖੌਫ ਉਤਾਰ ਭਾਈ।
ਸੈਰਗਾਹ ਬਾਦਮਾਸ਼ਾਂ ਦੀ ਬਣ ਗਿਆ ਫਿਰਨ ਲੱਗੇ ਲੁੱਚੇ ਨਰ ਨਾਰ ਭਾਈ।
ਕਾਰਾਂ ਹੁੰਦੀਆਂ ਜੋ ਦਰਬਾਰ ਸਾਹਿਬ ਮੇਰੇ ਲਿਖਣ ਤੋਂ ਹੈ ਉਹ ਬਾਹਰ ਭਾਈ।

(ਸੁਧਾਰ ਖਾਲਸਾ)

12 ਅਕਤੂਬਰ, 1920 ਨੂੰ ਖਾਲਸਾ ਬਰਾਦਰੀ ਵੱਲੋਂ ਅਖੌਤੀ ਨੀਵੀਆਂ ਜਾਤੀਆਂ ਦੇ ਵਿਅਕਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲੈਣ ਉਪਰੰਤ ਜਦੋਂ ਸੰਗਤ ਕੜਾਹ ਪ੍ਰਸ਼ਾਦ ਭੇਟ ਕਰਨ ਲਈ ਦਰਬਾਰ ਸਾਹਿਬ ਪਹੁੰਚੀ ਤਾਂ ਪੁਜਾਰੀਆਂ ਨੇ ਉਹਨਾਂ ਲਈ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਇਉਂ ਹੀ "ਭਾਈ ਕਾਹਨ ਸਿੰਘ ਨਾਭੇ ਵਾਲੇ ਦੀ ਅਰਦਾਸ ਏਸ ਵਾਸਤੇ ਨਹੀਂ ਸੀ ਹੋਈ ਕਿ ਇਹ ਸਿੰਘ ਸਭੀਆ ਹੈ।" ਪੁਜਾਰੀਆਂ ਨੂੰ ਜਿਸ ਦੀ ਬਾਬਤ ਪਤਾ ਲੱਗ ਜਾਂਦਾ ਸੀ ਕਿ ਇਹ ਸਿੰਘ ਸਭੀਆ ਹੈ ਉਸਦੀ ਅਰਦਾਸ ਨਹੀਂ ਸੀ ਕਰਦੇ। "ਹੋਰ ਤਾਂ

ਹੋਰ, ਖਾਸ ਦਰਬਾਰ ਸਾਹਿਬ ਦੇ ਗ੍ਰੰਥੀ ਕਿਵੇਂ ਸਤਿਗੁਰੂ ਦੇ ਡਰ ਭਉ ਤੋਂ ਵਿਹੂਣੇ ਹੋ ਗਏ ਸਨ, ਇਹ ਅਨੁਮਾਨ ਲਾਉਣ ਲਈ ਇੰਨਾ ਦੱਸਣਾ ਕਾਫ਼ੀ ਹੈ ਕਿ "ਭਾਈ ਹਰਨਾਮ ਸਿੰਘ ਜੀ ਵੱਡੇ ਗ੍ਰੰਥੀ ਦਾ ਭਰਾ ਜਵਾਹਰ ਸਿੰਘ ਸ਼ਰਾਬ ਪੀ ਕੇ ਤਾਬਿਆ ਬੈਠਾ ਸੀ, ਉਸਨੂੰ ਜ਼ਿਆਦਾ ਸ਼ਰਾਬ ਦੇ ਸਬੱਬ ਉਲਟੀ ਆਈ ਜਿਹੜੀ ਉਸ ਹੇਠ ਰੱਖੇ ਪਰਸ਼ਾਦ ਵਾਲੇ ਛੰਨੇ ਵਿਚ ਹੀ ਕਰ ਦਿੱਤੀ।"

(ਸੁਧਾਰ ਖਾਲਸਾ)

ਇਹ ਤਾਂ ਰਹੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਗੱਲ, ਆਮ ਡੇਰਿਆਂ-ਗੁਰਦੁਆਰਿਆਂ ਅਤੇ ਉਥੇ ਕੰਮ ਕਰਦੇ ਸਾਧਾਂ-ਮਹੰਤਾਂ ਦੀ ਹਾਲਤ ਵੀ ਇਸ ਨਾਲੋਂ ਚੰਗੀ ਨਹੀਂ ਸੀ। ਗਿਆਨੀ ਕਰਤਾਰ ਸਿੰਘ ਕਲਾਸ ਵਾਲੀਆ ਦੱਸਦੇ ਹਨ :-

ਧਰਮਸ਼ਾਲਾ ਬਣੀਆਂ ਸੱਭੇ ਪਾਪਸ਼ਾਲਾ ਡੇਰੇ ਬਣੇ ਬੇੜੇ ਪਾਪਾਂ ਜਾਣ ਭਾਈ।
ਕਿਤੇ ਕਿਤੇ ਕੋਈ ਰੱਬ ਦੇ ਪਿਆਰ ਵਾਲਾ ਬਹੁਤੇ ਬਣ ਰਹੇ ਪੱਤ ਸ਼ੈਤਾਨ ਭਾਈ।
ਨਾਲ ਪਾਪ ਉਪਾਧ ਦੇ ਭਰੇ ਪਏ ਰਾਤ ਦਿਨੇ ਹੀ ਪਾਪ ਕਮਾਨ ਭਾਈ।
ਨਾ ਬਾਣੀ ਨਾ ਜਪ ਤੇ ਤਪ ਕੋਈ ਪੀਣ ਬੋਤਲਾਂ ਤੇ ਮਾਸ ਖਾਣ ਭਾਈ।
ਭੋਗਨ ਰੰਡੀਆਂ ਭੰਡੀਆਂ ਪਾਇ ਰਹੇ ਝਗੜੇ ਗ੍ਰਿਸਤੀਆਂ ਨਾਲ ਉਡਾਨ ਭਾਈ।
ਪੰਜੇ ਐਬ ਪੂਰੇ ਹੋ ਰਹੇ ਪਾਪੀ ਗੁਰਧਾਮ ਬਦਨਾਮ ਕਰਾਨ ਭਾਈ।
ਖਾਣ ਲੱਖਾਂ ਰੁਪਏ ਉਡਾਣ ਮਜ਼ੇ ਧਰਮ ਅਰਥ ਨ ਟਕਾ ਖਰਚਾਨ ਭਾਈ।
ਦੇਣ ਕੰਜਰਾਂ ਨੂੰ ਖੁਲ੍ਹੇ ਦਿਲ ਗੱਫੇ ਨਾ ਗਰੀਬ ਨੂੰ ਟੁਕੜਾ ਪਾਣ ਭਾਈ।
ਡੇਰੀਂ ਵੜਨ ਨਾ ਦੇਣ ਮੁਸਾਫਰਾਂ ਨੂੰ ਪੰਜੇ ਹਾਕਮਾਂ ਅੰਦਰੀ ਸਾਨ ਭਾਈ।
ਜਿੱਥੇ ਖਾਂਵਦੇ ਹੱਗਦੇ ਥਾਂ ਓਸੇ ਧੀਆਂ ਭੈਣਾਂ ਦੀਆਂ ਪੱਤਾਂ ਲਾਹੁਣ ਭਾਈ।
ਧਰਮ ਘਟ ਰਿਹਾ ਕਰਤਾਰ ਸਿੰਘਾਂ ਪੁੱਜ ਰਿਹਾ ਭਾਰਾ ਨੁਕਸਾਨ ਭਾਈ।

(ਸੁਧਾਰ ਖਾਲਸਾ)

1923 ਈਸਵੀ ਵਿਚ ਇਕ ਕਾਵਿ ਗ੍ਰੰਥ ਪ੍ਰਕਾਸ਼ਿਤ ਹੋਇਆ ਸੀ : 'ਜਾਗ੍ਰਿਤ ਖਾਲਸਾ'। ਇਸ ਦਾ ਕਰਤਾ ਭਾਈ ਸੂਰਜ ਸਿੰਘ, ਜਿਸ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਭਾਗ ਲਿਆ, ਆਪਣੇ ਸਮੇਂ ਦਾ ਜਾਣਿਆਂ ਪਛਾਣਿਆਂ ਵਿਦਵਾਨ ਪੁਰਸ਼ ਸੀ। ਕਵੀ ਨੇ 'ਜਾਗ੍ਰਿਤ ਖਾਲਸਾ' ਵਿਚ ਸਿੱਖ ਰਾਜ ਦੇ ਖਾਤਮੇ ਉਪਰੰਤ ਧਰਮ ਪ੍ਰਤੀ ਸਿੱਖ ਜਗਤ ਵਿਚ ਉਪਜੀ ਨਿੱਸਲਤਾ, ਪੁਨਰ ਜਾਗ੍ਰਿਤੀ ਲਈ ਲੋੜੀਂਦੇ ਸਮਾਜਿਕ, ਰਾਜਨੀਤਿਕ ਵਾਤਾਵਰਨ ਦੇ ਉਪਜਣ ਅਤੇ ਇਸਦੇ ਫਲਸਰੂਪ ਸਿੱਖ-ਜਗਤ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਦਾ ਵਿਸਤ੍ਰਿਤ ਬਿਆਨ ਕੀਤਾ ਹੈ। ਭਾਈ ਸੂਰਜ ਸਿੰਘ ਨੇ ਗੁਰਦੁਆਰਾ ਸੁਧਾਰ ਲਹਿਰ ਤੋਂ ਪਹਿਲਾਂ ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾ ਵਿਚ ਚੱਲਦੀ ਦੁਕਾਨਦਾਰੀ ਦਾ ਦ੍ਰਿਸ਼ ਇਉਂ ਪੇਸ਼ ਕੀਤਾ ਹੈ :-

ਵਿੱਚ ਪ੍ਰਕਰਮਾ ਲਾਂਵਦੇ ਕਈ ਲੋਕੀ ਹੱਟੀ।
ਕੜੇ, ਕੰਘੇ, ਕ੍ਰਿਪਾਨ ਦੀ ਕੀ ਰਚਨ ਨੱਟੀ।
ਫਿਰਦੇ ਲੈ ਕੇ ਛਾਬੜੀ ਕਈ ਚਟਣੀ ਖੱਟੀ।
ਬਰਫ਼, ਫਲੂਦੇ, ਕੁਲਫੀਆਂ ਲੱਖ ਬਹੁਤੀ ਖੱਟੀ।

ਕਈ ਕਿਤਾਬਾਂ ਵੇਚਦੇ ਪੈ ਢਾਲ ਪਲੱਟੀ।
ਗੁਰਬਾਣੀ ਦੇ ਨਾਮ 'ਤੇ ਰਹਿ ਬਾਣੀ ਰੱਟੀ।
ਗੰਦੇ ਕਿੱਸੇ ਵੇਚਦੇ, ਜੋ ਇਜ਼ਤ ਪੱਟੀ।
ਲੇਵਨ ਮਾਈਆਂ ਬੀਬੀਆਂ ਹੋ ਚੌੜ-ਚਪੱਟੀ।
ਕੋ ਨ ਏਨ੍ਹਾ ਰੋਕਦਾ, ਜੋ ਕਰਨ ਉੱਲਟੀ।

ਦਰਬਾਰ ਸਾਹਿਬ ਦੇ ਗ੍ਰੰਥੀਆਂ ਅਤੇ ਪੁਜਾਰੀਆਂ ਦੇ ਸਿੱਖ ਰਹਿਤ-ਬਹਿਤ ਦੇ ਵਿਪਰੀਤ ਵਿਵਹਾਰ ਦਾ ਵੇਰਵਾ ਦਿੰਦਿਆਂ ਕਵੀ ਲਿਖਦਾ ਹੈ :-

ਹਰਮੰਦਰ ਦੇ ਸੇਵਕਾਂ ਜੋ ਸਨ ਪੁਜਾਰੀ।
ਖਾ ਖਾ ਪੂਜਾ ਪਾਠ ਨੂੰ ਮੱਤ ਕਈਆਂ ਮਾਰੀ।
ਵਿਰਲੇ ਚੰਗੇ ਸਨ ਭੀ ਬਹੁਤੇ ਦੁਰਾਚਾਰੀ।
ਹੱਥਾਂ ਵਿਚੋਂ ਖੋਵੰਦੇ ਪੈਸੇ ਹੰਕਾਰੀ।
ਪੀਣ ਸ਼ਰਾਬ ਬੈਠ ਕੇ ਮੰਦਰ ਵਿੱਚਕਾਰੀ।
ਡਰ ਨਹੀਂ ਰੱਖਦੇ ਗੁਰੂ ਦਾ ਕਰਦੇ ਬਦਕਾਰੀ।

ਕਵੀ ਦੱਸਦਾ ਹੈ ਕਿ ਇਹਨਾਂ ਦਿਨੀਂ ਅਕਾਲ ਬੁੰਗੇ ਵਾਲਾ ਚੌਂਕ ਚਰਿੱਤਰਹੀਣ ਇਸਤਰੀ ਮਰਦਾਂ ਲਈ ਮੇਲ-ਮੁਲਾਕਾਤਾਂ ਦਾ ਕੇਂਦਰ ਬਣਿਆ ਹੋਇਆ ਸੀ ਅਤੇ ਅਜਿਹੇ ਅਸਮਾਜਿਕ ਤੱਤਾਂ ਨੂੰ ਭਿੰਨ-ਭਿੰਨ ਬੁੰਗਿਆਂ ਵਿਚ ਬੈਠੇ ਪੁਜਾਰੀਆਂ ਵੱਲੋਂ ਸਰਪ੍ਰਸਤੀ ਮਿਲਦੀ ਸੀ। ਕਵੀ ਦੇ ਸ਼ਬਦਾਂ ਵਿੱਚ :-

ਬੁੰਗੇ ਪਾਸ ਅਕਾਲ ਦੇ ਜੋ ਚੌਂਕ ਸੁਹਾਈ।
ਲੱਗਦੇ ਕਦੇ ਦੀਵਾਨ ਸੀ ਸਿੱਖਾਂ ਅਧਿਕਾਈ।
ਓਥੇ ਹੋਵਨ ਲੱਗਦਾ ਕੀ ਆ ਕੇ ਭਾਈ।
ਵਿਭਚਾਰਨ ਜੋ ਤੀਵੀਆਂ ਆ ਬਹੈ ਸਬਾਈ।
ਹਾਰ ਸ਼ਿੰਗਾਰ ਲਗਾ ਕੇ ਕੱਜਲ ਮਟਕਾਈ।
ਪਾਵਨ ਕੱਪੜੇ ਰੇਸ਼ਮੀ ਦੇ ਭੜਕ ਦਿਖਾਈ।
ਲੁੱਚੇ ਪਾਸ ਖਲੋਵੰਦੇ ਓਥੈ ਹੀ ਆਈ।
ਨਾਲ ਅੱਖੀਆਂ ਸੈਨਤਾਂ ਜੋ ਰਹੇ ਲੜਾਈ।
ਲੈ ਕੇ ਲਾਂਭੇ ਹੋਂਵਦੇ ਵਿੱਚ ਬੁੰਗੇ ਜਾਈ।
ਜਿੱਥੇ ਹੁੰਦੀ ਗੱਲ ਮਿਲਾਈ।

## ਗੁਰਦੁਆਰਾ ਸੁਧਾਰ ਲਹਿਰ

ਸਿੱਖ ਧਰਮ ਦੀ ਅਧੋਗਤੀ ਦਾ ਇਹੋ ਜਿਹਾ ਸਮਾਂ ਸਿੱਖ ਰਾਜ ਦੀ ਸਮਾਪਤੀ ਤੋਂ ਪਿੱਛੋਂ ਸ਼ੁਰੂ ਹੋਇਆ। ਰਾਜ-ਭਾਗ ਦੇ ਖੁੱਸ ਜਾਣ ਕਾਰਨ ਨਿਰਾਸ਼ਤਾ ਦੀ ਸ਼ਿਕਾਰ ਸਿੱਖ ਕੌਮ ਨੂੰ ਈਸਾਈ ਅਤੇ ਹਿੰਦੂ ਧਰਮ ਨੇ ਆਪਣੇ ਪ੍ਰਭਾਵ ਅਧੀਨ ਲੈਣਾ ਸ਼ੁਰੂ ਕਰ ਦਿੱਤਾ। ਅਜਿਹੇ ਸਮੇਂ ਕੁੱਝ ਸਿੱਖ ਵਿਚਾਰਵਾਨਾਂ ਨੇ 1873 ਈਸਵੀ ਦੌਰਾਨ ਅੰਮ੍ਰਿਤਸਰ ਵਿਖੇ ਸਿੰਘ ਸਭਾ ਲਹਿਰ ਦੀ ਬੁਨਿਆਦ ਰੱਖੀ। ਸਿੰਘ ਸਭਾ ਲਹਿਰ ਨੇ ਸੁੱਤੀ ਪਈ ਸਿੱਖ ਕੌਮ ਨੂੰ ਹਲੂਣ ਕੇ ਆਪਣੇ ਅਸਲੇ

ਪ੍ਰਤੀ ਚੇਤੰਨ ਕਰਵਾਇਆ। ਅਗਲੇ ਸਮੇਂ ਵਿੱਚ ਚੀਫ ਖਾਲਸਾ ਦੀਵਾਨ ਨੇ ਇਸ ਕੰਮ ਨੂੰ ਜਾਰੀ ਰੱਖਦਿਆਂ ਸਿੱਖਾਂ ਅੰਦਰ ਵਿਦਿਆ ਦੇ ਪਾਸਾਰ ਅਤੇ ਸਮਾਜ-ਸੁਧਾਰ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਦੇ ਫਲਸਰੂਪ ਸਿੱਖਾਂ ਅੰਦਰ ਇੱਕ ਅਜਿਹੇ ਪੜ੍ਹੇ-ਲਿਖੇ ਅਤੇ ਚੇਤੰਨ ਵਰਗ ਨੇ ਜਨਮ ਲਿਆ ਜੋ ਸਿੱਖ ਸਮਾਜ ਦੇ ਧਾਰਮਿਕ ਜੀਵਨ ਵਿੱਚ ਘਰ ਕਰ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਕੇ ਇਸ ਨੂੰ ਗੁਰੂ ਆਸ਼ੇ ਦੇ ਅਨੁਰੂਪ ਢਾਲਣ ਲਈ ਯਤਨਸ਼ੀਲ ਹੋਇਆ। ਪਰ ਇਸ ਵਰਗ ਨੂੰ ਆਪਣੇ ਮਨੋਰਥ ਵਿੱਚ ਬਹੁਤੀ ਸਫਲਤਾ ਨਹੀਂ ਸੀ ਮਿਲ ਰਹੀ ਕਿਉਂਕਿ ਗੁਰਮਤ ਦਾ ਪ੍ਰਚਾਰ ਕਰਨ ਲਈ ਸਥਾਪਤ ਕੀਤੇ ਗਏ ਗੁਰ-ਅਸਥਾਨਾਂ ਵਿੱਚ ਬੈਠੇ ਮਹੰਤ, ਪੁਜਾਰੀ ਆਦਿ ਅਜਿਹੇ ਯਤਨਾਂ ਦਾ ਵਿਰੋਧ ਕਰ ਰਹੇ ਸਨ। ਨਤੀਜਾ ਇਹ ਨਿਕਲਿਆ ਕਿ ਸਿੱਖ ਸਮਾਜ ਦੇ ਸੁਧਾਰ ਲਈ ਯਤਨਸ਼ੀਲ ਆਗੂਆਂ ਦੇ ਏਜੰਡੇ ਉਤੇ ਗੁਰਦੁਆਰਿਆਂ ਦੇ ਸੁਧਾਰ ਦਾ ਨੁਕਤਾ ਪਹਿਲੇ ਸਥਾਨ ਉਤੇ ਆ ਗਿਆ।

ਇਸ ਸਮੇਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰ ਰਹੇ ਮਹੰਤ ਅਤੇ ਪੁਜਾਰੀ ਇਕ ਤਰ੍ਹਾਂ ਨਾਲ ਇਹਨਾਂ ਅਸਥਾਨਾਂ ਨੂੰ ਜੱਦੀ ਜਾਇਦਾਦ ਬਣਾਈ ਬੈਠੇ ਸਨ। ਸਿੱਖ ਸਰਦਾਰਾਂ ਅਤੇ ਹੋਰਨਾਂ ਨੇ ਜ਼ਮੀਨ ਅਤੇ ਹੋਰ ਜਾਇਦਾਦ ਗੁਰਦੁਆਰਿਆਂ ਦੇ ਨਾਉਂ ਇਸ ਲਈ ਲਵਾਈ ਸੀ ਕਿ ਗੁਰਦੁਆਰਿਆਂ ਲਈ ਪੱਕੀ ਅਤੇ ਬੱਝਵੀਂ ਆਮਦਨ ਯਕੀਨੀ ਹੋ ਜਾਵੇ, ਜਿਸ ਨਾਲ ਗੁਰਦਵਾਰੇ ਅਤੇ ਇਹਨਾਂ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਦੀ ਸੇਵਾ-ਸੰਭਾਲ ਹੁੰਦੀ ਰਹੇ ਪਰ ਵਾਸਤਵਿਕ ਸਥਿਤੀ ਇਹ ਬਣ ਚੁੱਕੀ ਸੀ ਕਿ ਗੁਰਦੁਆਰਿਆਂ ਦੀ ਜਾਇਦਾਦ ਅਤੇ ਚੜ੍ਹਾਵੇ ਸਦਕਾ ਹੋਣ ਵਾਲੀ ਆਮਦਨ ਨੂੰ ਗੁਰਦੁਆਰਿਆਂ ਵਿੱਚ ਬੈਠੇ ਮਹੰਤ ਅਤੇ ਪੁਜਾਰੀ ਆਪਣੇ ਨਿੱਜੀ ਸੁੱਖ-ਸੁਆਦ ਦੀ ਪੂਰਤੀ ਲਈ ਹੀ ਵਰਤ ਰਹੇ ਸਨ।

ਧਰਮ-ਪ੍ਰਚਾਰ ਦੀ ਆਪਣੀ ਜ਼ਿੰਮੇਵਾਰੀ ਤੋਂ ਬੇਮੁੱਖ ਹੋਏ ਪੁਜਾਰੀ-ਮਹੰਤਾਂ ਨੂੰ ਸਿੱਧੇ ਰਾਹ ਲਿਆਉਣ ਲਈ ਸਿੱਖ ਸੰਗਤ ਪਾਸ ਤਿੰਨ ਬਦਲਵੇਂ ਰਾਹ ਪ੍ਰਾਪਤ ਸਨ। ਪੁਜਾਰੀਆਂ ਅਥਵਾ ਮਹੰਤਾਂ ਦਾ ਬਾਈਕਾਟ, ਅਦਾਲਤੀ ਚਾਰਾਜੋਈ ਅਤੇ ਜਨਤਕ ਦਬਾਓ। ਮਹੰਤਾਂ ਅਥਵਾ ਪੁਜਾਰੀਆਂ ਦੇ ਬਾਈਕਾਟ ਦਾ ਅਸਿੱਧਾ ਅਰਥ ਸੀ, ਗੁਰਦੁਆਰਿਆਂ ਦਾ ਬਾਈਕਾਟ ਜੋ ਆਪਣੇ ਧਰਮ ਅਤੇ ਧਰਮ ਅਸਥਾਨਾਂ ਦੀ ਰੱਖਿਆ ਲਈ ਅਣਗਿਣਤ ਕੁਰਬਾਨੀਆਂ ਦੇਣ ਦੇ ਇਤਿਹਾਸ ਵਾਲੀ ਕੌਮ ਲਈ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ ਅਤੇ ਜੇਕਰ ਕਿਸੇ ਤਰ੍ਹਾਂ ਇਹ ਬਾਈਕਾਟ ਅਮਲ ਵਿੱਚ ਲਿਆਂਦਾ ਵੀ ਜਾਂਦਾ ਤਾਂ ਇਸ ਦਾ ਮਤਲਬ ਪੁਜਾਰੀਆਂ ਅਤੇ ਮਹੰਤਾਂ ਨੂੰ ਹੋਰ ਵੀ ਖੁਲ੍ਹ ਖੇਡਣ ਦਾ ਅਵਸਰ ਪ੍ਰਦਾਨ ਕਰਨਾ ਹੋਣਾ ਸੀ। ਇਸ ਲਈ ਅਜਿਹਾ ਕਰਨਾ ਸਿਆਣਪ ਨਹੀਂ ਸੀ ਹੋਣੀ। ਅਦਾਲਤੀ ਚਾਰਾਜੋਈ ਦੂਜਾ ਰਾਹ ਸੀ। ਕੁੱਝ ਕੁ ਗੁਰਦੁਆਰਿਆਂ ਨੂੰ ਸਿੱਖ-ਸੰਗਤਾਂ ਨੇ ਇਸ ਰਾਹ ਉਤੇ ਚੱਲ ਕੇ ਪੁਜਾਰੀਆਂ ਅਤੇ ਮਹੰਤਾਂ ਦੇ ਸਿਕੰਜ਼ੇ ਵਿਚੋਂ ਮੁਕਤ ਵੀ ਕਰਵਾਇਆ। ਪਰ ਇਕ ਤਾਂ ਇਸ ਤਰ੍ਹਾਂ ਸਮਾਂ ਬੜਾ ਲੱਗਦਾ ਸੀ, ਦੂਜੇ ਇੱਕ ਦੋ ਮੁਕੱਦਮੇ ਹਾਰਨ ਉਪਰੰਤ ਮਹੰਤਾਂ ਨੂੰ ਆਪਣੇ ਕਮਜ਼ੋਰ ਨੁਕਤਿਆਂ ਦਾ ਗਿਆਨ ਹੋ ਗਿਆ ਅਤੇ ਉਹ ਇਹਨਾਂ ਬਾਰੇ ਸਾਵਧਾਨੀ ਵਰਤਣ ਲੱਗ ਪਏ ਅਤੇ ਤੀਜਾ ਇਸ ਮੁਕੱਦਮੇਬਾਜ਼ੀ ਉਤੇ ਜਿੱਥੇ ਗੁਰਦੁਆਰਿਆਂ ਉਤੇ ਕਾਬਜ਼ ਮਹੰਤ ਅਥਵਾ ਪੁਜਾਰੀ ਗੁਰਦੁਆਰੇ ਦੀ ਆਮਦਨ ਵਿੱਚੋਂ ਖਰਚਾ ਕਰ ਲੈਂਦੇ ਸਨ, ਉਥੇ ਦੂਜੀ ਧਿਰ ਦੇ ਮੋਹਰੀ ਸਿੱਖ ਆਗੂਆਂ ਨੂੰ ਇਹ ਖਰਚਾ ਆਪਣੀ ਜੇਬ

ਵਿਚੋਂ ਕਰਨਾ ਪੈਂਦਾ ਸੀ। ਇਸ ਲਈ ਗੁਰਦੁਆਰਿਆਂ ਨੂੰ ਭ੍ਰਿਸ਼ਟ ਅਤੇ ਦੁਰਾਚਾਰੀ ਮਹੰਤਾਂ ਦੇ ਕਬਜ਼ੇ ਵਿਚੋਂ ਮੁਕਤ ਕਰਾਉਣ ਦਾ ਇਕੋ ਇਕ ਰਾਹ ਜਨਤਕ ਦਬਾਓ ਹੀ ਸਹੀ ਮੰਨਿਆ ਗਿਆ। ਜਿੱਥੇ ਜਿੱਥੇ ਸਰਕਾਰ ਨਿਰਪੱਖ ਰਹੀ, ਜਨਤਕ ਦਬਾਓ ਵਾਲਾ ਪੈਂਤੜਾ ਬਹੁਤ ਸਫਲ ਰਿਹਾ ਪਰ ਜਿਥੇ ਅਮਨ-ਕਾਨੂੰਨ ਦੀ ਕਾਇਮੀ ਦੇ ਬਹਾਨੇ ਸਰਕਾਰ ਨੇ ਮਹੰਤਾਂ-ਪੁਜਾਰੀਆਂ ਦਾ ਪੱਖ ਪੂਰਿਆ, ਉਥੇ ਸਿੱਖਾਂ ਨੂੰ ਆਪਣੇ ਨਿਸ਼ਾਨੇ ਉਤੇ ਪੁੱਜਣ ਲਈ ਲੰਮੇ ਅਤੇ ਕਸ਼ਟਦਾਇਕ ਸੰਘਰਸ਼ ਵਿੱਚ ਦੀ ਗੁਜ਼ਰਨਾ ਪਿਆ। ਦਰਬਾਰ ਸਾਹਿਬ ਅੰਮ੍ਰਿਤਸਰ, ਗੁਰਦੁਆਰਾ ਪੰਜਾ ਸਾਹਿਬ, ਦਰਬਾਰ ਸਾਹਿਬ ਤਰਨਤਾਰਨ ਆਦਿ ਨੂੰ ਅਜਿਹੇ ਸੰਘਰਸ਼ ਦੇ ਫਲਸਰੂਪ ਹੀ ਪੁਜਾਰੀਆਂ ਮਹੰਤਾਂ ਦੇ ਅਧਿਕਾਰ ਵਿੱਚੋਂ ਮੁਕਤ ਕਰਵਾਇਆ ਜਾ ਸਕਿਆ। ਗੁਰਦੁਆਰਾ ਗੁਰੂ ਕਾ ਬਾਗ ਦੀ ਗਾਥਾ ਵੀ ਇਹੋ ਜਿਹੀ ਹੀ ਹੈ।

## ਅਧਿਆਇ-2

# ਗੁਰਦੁਆਰਾ 'ਗੁਰੂ ਕਾ ਬਾਗ'

ਸਿੱਖ ਜਗਤ ਵਿੱਚ ਐਸੇ ਕਈ ਸਥਾਨ ਹਨ, ਜਿਨ੍ਹਾਂ ਨੂੰ 'ਗੁਰੂ ਕਾ ਬਾਗ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਵਿਖੇ ਹੀ ਅੰਮ੍ਰਿਤ ਸਰੋਵਰ ਅਤੇ ਕੌਲਸਰ ਦੇ ਵਿਚਕਾਰਲੀ ਜਗ੍ਹਾ ਵਿੱਚ ਗੁਰੂ ਅਰਜਨ ਦੇਵ ਜੀ ਦੁਆਰਾ ਬਾਗ ਲਗਾਏ ਜਾਣ ਸਦਕਾ ਇਸ ਥਾਂ ਦਾ ਨਾਉਂ ਅੱਜ ਤੱਕ 'ਗੁਰੂ ਕਾ ਬਾਗ' ਪ੍ਰਸਿੱਧ ਹੈ। ਇਉਂ ਹੀ ਗੁਰੂ ਤੇਗ ਬਹਾਦਰ ਜੀ ਨੇ ਦੇਸ਼-ਰਟਨ ਕਰਦਿਆਂ ਕਾਂਸ਼ੀ ਅਤੇ ਪਟਨੇ ਵਿਖੇ ਜਿਨ੍ਹਾਂ ਬਾਗਾਂ ਵਿੱਚ ਵਿਸ਼ਰਾਮ ਕੀਤਾ, ਉਹਨਾਂ ਲਈ ਵੀ ਇਹੀ ਸੰਗਿਆ ਵਰਤੀ ਜਾਂਦੀ ਹੈ ਪਰ 'ਗੁਰੂ ਕਾ ਬਾਗ' ਨਾਉਂ ਦਾ ਸਥਾਨ, ਜੋ ਗੁਰੁਦੁਆਰਾ ਸੁਧਾਰ ਲਹਿਰ ਦੌਰਾਨ ਚਰਚਾ ਦਾ ਕੇਂਦਰ ਬਣਿਆ ਅਤੇ ਜਿਸ ਦੀ ਗੱਲ ਅਸੀਂ ਇੱਥੇ ਕਰਨ ਲੱਗੇ ਹਾਂ, ਉਹ ਉਪਰੋਕਤ ਸਾਰੇ ਸਥਾਨਾਂ ਤੋਂ ਭਿੰਨ ਅੰਮ੍ਰਿਤਸਰ ਦੇ ਉਤਰ ਵੱਲ ਲਗਪਗ 15 ਮੀਲ ਦੀ ਵਿੱਥ ਉਤੇ ਘੁੱਕੇ ਵਾਲੀ, ਸਹਿੰਸਰਾ ਆਦਿ ਪਿੰਡਾਂ ਦੇ ਵਿਚਕਾਰ ਸਥਿਤ ਸਿੱਖ ਧਰਮ-ਅਸਥਾਨ ਹੈ।

ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ 'ਗੁਰਧਾਮ ਸੰਗ੍ਰਹਿ' ਵਿੱਚ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਗੁਰਦੁਆਰਿਆਂ ਦੇ ਵੇਰਵੇ 'ਮੰਜੀ ਸਾਹਿਬ ਸਹਿੰਸਰਾ ਪਿੰਡ (ਅੰਮ੍ਰਿਤਸਰ)' ਉਨਵਾਨ ਅਧੀਨ ਇਸ ਗੁਰਧਾਮ ਦਾ ਵਰਣਨ ਇਹਨਾਂ ਸ਼ਬਦਾਂ ਵਿੱਚ ਕੀਤਾ ਹੈ :

> ਅੰਮ੍ਰਿਤਸਰੋਂ ਅੱਠ ਕੋਹ ਗੁਰੂ ਕਾ ਬਾਗ ਹੈ। ਇਸ ਨੂੰ 'ਗੁਰੂ ਕੀ ਰੌੜ' ਭੀ ਆਖਦੇ ਹਨ। ਏਥੇ ਸਿੱਖਾਂ ਨੇ ਲੈ ਜਾ ਕੇ ਚੰਗੀ ਸੇਵਾ ਕੀਤੀ, ਹੁਣ ਗੁਰ ਅਸਥਾਨ ਪੱਕੇ, ਜਗੀਰ ਚੰਗੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨਕੋਸ਼ ਵਿੱਚ ਇਸ ਅਸਥਾਨ ਦਾ ਵੇਰਵਾ 'ਘੁੱਕੇਵਾਲੀ' ਸਿਰਲੇਖ ਅਧੀਨ ਇਉਂ ਅੰਕਿਤ ਕੀਤਾ ਹੈ :

**ਘੁੱਕੇਵਾਲੀ**

ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਥਾਣਾ ਅਜਨਾਲਾ ਵਿੱਚ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਤੋਂ 15 ਮੀਲ ਉੱਤਰ ਹੈ, ਰਾਜਾ ਸਾਂਸੀ ਤੱਕ ਪੱਕੀ ਸੜਕ ਹੈ, ਅੱਗੇ ਚਾਰ ਮੀਲ ਕੱਚਾ ਰਸਤਾ ਹੈ, ਇਥੇ ਦੋ ਗੁਰਦੁਆਰੇ ਹਨ ਜੋ ਪਹਿਲਾਂ ਪਿੰਡ 'ਸੰਹਿੰਸਰੇ' ਵਿੱਚ ਸਨ :


ਸ੍ਰੀ ਅਕਾਲ ਤਖ਼ਤ ਸਾਹਿਬ
ਹਾਲ ਗੇਟ
ਉੱਚਾ ਪੁਲ ਅੰਮ੍ਰਿਤਸਰ
ਜ਼ਿਲ੍ਹਾ ਕਚਹਿਰੀ
ਰਾਜਾ ਸਾਂਸੀ
ਛੀਨੇ ਦਾ ਪੁਲ
ਹਰੜਾ ਛੀਨਾ
ਕੁਕੜਾਂ ਵਾਲਾ ਚੌਕ
ਅਜਨਾਲਾ ਨੂੰ ਸੜਕ
ਸਹਿੰਸਰਾ ਚੌਕ
ਸਹਿੰਸਰਾ ਕਲਾਂ
ਸਹਿੰਸਰਾ ਖੁਰਦ
ਗੁਰੂ ਕਾ ਬਾਗ
ਲਾਹੌਰ ਬ੍ਰਾਂਚ (ਅਪਰਬਾਰੀ ਦੁਆਬ ਨਹਿਰ)
ਪੈਮਾਨਾ - 1 ਸ.ਮ. = 1 ਕਿ.ਮ.
ਪੱਛਮ
ਦੱਖਣ
ਉੱਤਰ
ਪੂਰਬ

(1) **ਗੁਰੂ ਕਾ ਬਾਗ :-** ਸ੍ਰੀ ਗੁਰੂ ਅਰਜਨ ਦੇਵ ਨੂੰ ਸੰਹਿੰਸਰੇ ਦੀ ਸੰਗਤਿ ਪ੍ਰੇਮਭਾਵ ਨਾਲ ਇਥੇ ਲੈ ਆਈ ਸੀ। ਗੁਰੂ ਸਾਹਿਬ ਕਈ ਦਿਨ ਰਹੇ। ਦਰਬਾਰ ਬਹੁਤ ਸੁੰਦਰ ਬਣਿਆ ਹੋਇਆ ਹੈ, ਜਿਸਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਗੁਰਦੁਆਰੇ ਨਾਲ ਸੌ ਘੁਮਾਉਂ ਜ਼ਮੀਨ ਹੈ, ਜਿਸ ਵਿੱਚ ਬਾਗ ਹੈ। ਇਹ ਬਾਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਲਗਵਾਇਆ ਸੀ। ਪਹਿਲਾਂ ਇਸ ਗੁਰੂ ਅਸਥਾਨ ਦਾ ਨਾਉਂ 'ਗੁਰੂ ਦੀ ਰੌੜ' ਸੀ।



ਗੁਰੂ ਕਾ ਬਾਗ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਬਣੇ ਪੁਰਾਤਨ ਗੁਰਦਵਾਰੇ ਦਾ ਇੱਕ ਭਾਗ

(2) ਪਿੰਡ ਤੋਂ ਦੱਖਣ ਦੋ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਵੱਲੇ ਤੋਂ ਆ ਕੇ ਇੱਥੇ ਕੁੱਝ ਸਾਲ ਰਹੇ। ਉਸ ਵੇਲੇ ਗੁਰੂ ਕੀ ਰੌੜ ਵਿੱਚ ਬਾਗ ਲਾਉਣ ਦੀ ਸੰਗਤਿ ਨੂੰ ਆਗਿਆ ਕੀਤੀ।

## ਇਤਿਹਾਸਕ-ਪਿਛੋਕੜ

ਗੁਰੂ ਅਰਜਨ ਦੇਵ ਜੀ ਨੇ 1 ਸਤੰਬਰ, 1581 ਈਸਵੀ ਨੂੰ ਗੁਰਗੱਦੀ ਉਤੇ ਬਿਰਾਜਮਾਨ ਹੋਣ ਤੋਂ ਤੁਰੰਤ ਪਿੱਛੋਂ ਕੁਝ ਸਮਾਂ ਗੋਇੰਦਵਾਲ ਸਾਹਿਬ ਗੁਜ਼ਾਰਨ ਉਪਰੰਤ ਚੱਕ ਰਾਮ ਦਾਸ ਆ ਡੇਰੇ ਲਾਏ ਅਤੇ ਇਥੇ ਰਹਿ ਕੇ ਗੁਰਮਤ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਆਪ ਜੀ ਦੀ ਪ੍ਰੇਰਨਾ ਨਾਲ ਜਿਹੜੇ ਕੁੱਝ ਗੁਰਸਿੱਖ ਭਿੰਨ ਭਿੰਨ ਇਲਾਕਿਆਂ ਵਿੱਚ ਗੁਰਮਤ ਦਾ ਗਿਆਨ ਵੰਡਣ ਲਈ ਗਏ, ਉਹਨਾਂ ਵਿੱਚ ਇੱਕ ਭਾਈ ਕਲਿਆਣਾ ਵੀ ਸੀ ਜਿਸ ਨੂੰ ਪਹਾੜੀ ਇਲਾਕੇ ਵਿੱਚ ਸਿੱਖੀ ਪਰਚਾਰ ਦੀ ਸੇਵਾ ਸੌਂਪੀ ਗਈ। ਭਾਈ ਕਲਿਆਣਾ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਗੁਰਮਤ ਦਾ ਪਰਚਾਰ ਕਰਦਾ ਕਰਦਾ 1647 ਬਿਕਰਮੀ ਅਰਥਾਤ 1590 ਈਸਵੀ ਦੀ ਜਨਮ ਅਸ਼ਟਮੀ ਦੇ ਦਿਨ ਮੰਡੀ ਸ਼ਹਿਰ ਪਹੁੰਚਿਆ। ਮੰਡੀ ਦੇ ਰਾਜੇ ਹਰੀ ਸੈਨ ਨੇ ਹਿੰਦੂ ਧਾਰਮਿਕ ਵਿਸ਼ਵਾਸ ਅਨੁਸਾਰ ਜਨਮ ਅਸ਼ਟਮੀ ਦੇ ਦਿਨ ਅੱਗ ਨਾ ਬਾਲਣ ਦੀ ਪਰੰਪਰਾ ਦਾ ਪਾਲਣ ਕਰਨ ਹਿਤ ਸਾਰੇ ਸ਼ਹਿਰ ਵਾਸੀਆਂ ਨੂੰ ਆਦੇਸ਼ ਕੀਤਾ ਹੋਇਆ ਸੀ ਪਰ ਭਾਈ ਕਲਿਆਣਾ ਨੇ ਅੱਗ ਬਾਲ ਕੇ ਆਪਣਾ ਪ੍ਰਸ਼ਾਦਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਇਸ ਦੀ ਸ਼ਿਕਾਇਤ ਰਾਜੇ ਪਾਸ ਪੁੱਜੀ ਤਾਂ ਉਸ ਨੇ ਭਾਈ ਕਲਿਆਣਾ ਨੂੰ ਕਚਹਿਰੀ ਵਿੱਚ ਪੇਸ਼ ਹੋਣ ਦਾ ਹੁਕਮ ਕੀਤਾ।



ਗੁਰੂ ਕਾ ਬਾਗ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਬਣੇ ਵਰਤਮਾਨ ਗੁਰਦਵਾਰੇ ਦਾ ਇੱਕ ਭਾਗ

ਕਚਹਿਰੀ ਵਿੱਚ ਭਾਈ ਕਲਿਆਣਾ ਨੇ ਰਾਜੇ ਨੂੰ ਗੁਰਮਤ ਦੀ ਵਿਚਾਰਧਾਰਾ ਦਾ ਸਾਰ ਦੱਸਦਿਆਂ ਵਹਿਮਾਂ ਭਰਮਾਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਕੀਤੀ। ਰਾਜਾ ਭਾਈ ਕਲਿਆਣਾ ਨਾਲ ਹੋਈ ਵਿਚਾਰ ਚਰਚਾ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਜੀਵਨ-ਮੁਕਤੀ ਦੀ ਪ੍ਰਾਪਤੀ ਲਈ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਲੱਗਣ ਦਾ ਫੈਸਲਾ ਕਰ ਲਿਆ। ਉਸ ਨੇ ਭਾਈ ਕਲਿਆਣਾ ਨੂੰ ਮੰਡੀ ਠਹਿਰਾ ਕੇ ਉਸ ਦੀ ਖੂਬ ਟਹਿਲ ਸੇਵਾ ਕੀਤੀ। ਕੁੱਝ ਸਮੇਂ ਪਿੱਛੋਂ ਜਦੋਂ ਭਾਈ ਕਲਿਆਣਾ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਵਾਪਸ ਆਉਣ ਲੱਗਾ ਤਾਂ ਰਾਜਾ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਉਸ ਦੇ ਨਾਲ ਹੀ ਆ ਗਿਆ। ਭਾਈ ਕਲਿਆਣੇ ਦੇ ਪ੍ਰਚਾਰ ਸਦਕਾ ਰਾਜੇ ਨੂੰ ਪੂਰਨ ਵਿਸ਼ਵਾਸ ਹੋ ਗਿਆ ਸੀ ਕਿ ਗੁਰੂ ਅਰਜਨ ਦੇਵ ਪਿਛਲੇ ਜਨਮਾਂ ਦੇ ਮੰਦ ਕਰਮਾਂ ਤੋਂ ਬੰਦ ਖਲਾਸ ਕਰਵਾਉਣ ਦੇ ਸਮਰੱਥ ਹਨ।

ਰਾਜਾ ਬੜੇ ਚਾਅ ਅਤੇ ਉਤਸ਼ਾਹ ਨਾਲ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿੱਚ ਪੇਸ਼ ਹੋਇਆ। ਉਸ ਵੇਲੇ ਸ਼ਬਦ ਕੀਰਤਨ ਹੋ ਰਿਹਾ ਸੀ। ਰਾਜਾ ਇਕ ਮਨ ਇੱਕ ਚਿੱਤ ਹੋ ਕੇ ਸ਼ਬਦ ਕੀਰਤਨ ਸਰਵਣ ਕਰਨ ਲੱਗਾ। ਸ਼ਬਦ ਦੀ ਇੱਕ ਪੰਕਤੀ 'ਲੇਖ ਨਾ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ' ਸੁਣਦਿਆਂ ਰਾਜੇ ਦਾ ਮੱਥਾ ਠਣਕਿਆ। ਉਸ ਦਾ ਗੁਰੂ ਅਰਜਨ ਦੇਵ ਜੀ ਬਾਰੇ ਮੁਕਤੀ-ਦਾਤਾ ਵਾਲਾ ਬਨਿਆ ਵਿਸ਼ਵਾਸ ਖੰਡਿਤ ਹੋਣ ਲੱਗਾ। ਉਸ ਦੇ ਮਨ ਵਿੱਚ ਇਹ ਵਿਚਾਰ ਉਤਪੰਨ ਹੋਣ ਲੱਗੇ ਕਿ ਜੇਕਰ ਵਿੱਧ-ਮਾਤਾ ਦੀ ਲਿਖੀ ਤਕਦੀਰ ਹੀ ਅਟੱਲ ਹੈ, ਤਾਂ ਉਸ ਦਾ ਗੁਰੂ ਅਰਜਨ ਦੀ ਸੇਵਾ ਵਿੱਚ ਹਾਜ਼ਰ ਹੋਣਾ ਨਿਰਾਰਥਕ ਹੀ ਹੈ।

ਰਾਜਾ ਇਹਨਾਂ ਵਿਚਾਰਾਂ ਦੀ ਉਧੇੜ-ਬੁਣ ਕਰਦਿਆਂ ਆਪਣੇ ਟਿਕਾਣੇ ਆਇਆ। ਰਾਤ ਨੂੰ ਪ੍ਰਸ਼ਾਦਾ ਪਾਣੀ ਛਕਿਆ ਅਤੇ ਸੌਂ ਗਿਆ। ਰਾਜੇ ਨੂੰ ਸੁੱਤਿਆਂ ਪਿਆਂ ਸੁਪਨਾ ਆਇਆ ਕਿ ਉਸ ਦੀ ਮੌਤ ਹੋਣ ਉਪਰੰਤ ਉਸ ਦਾ ਨਵਾਂ ਜਨਮ ਇੱਕ ਗਰੀਬ ਘਰ ਵਿੱਚ ਹੋਇਆ, ਗੱਭਰੂ ਹੋਣ ਉਤੇ ਉਸ ਦਾ ਵਿਆਹ ਹੋਇਆ ਅਤੇ ਉਸ ਦੇ ਘਰ ਮੁੰਡੇ ਕੁੜੀਆਂ ਵੀ ਪੈਦਾ ਹੋਏ। ਗਰੀਬੀ ਕਾਰਨ ਪਰਵਾਰ ਲਈ ਅੰਨ-ਧੰਨ ਦੀ ਤੋਟ ਰਹੀ ਅਤੇ ਉਹ ਜੰਗਲੀ ਜੜੀ-ਬੂਟੀ ਅਤੇ ਫਲ-ਪੱਤੇ ਤੋੜ ਕੇ ਟੱਬਰ ਦਾ ਪੇਟ ਭਰਦਿਆਂ ਪੂਰਾ ਹੋਇਆ। ਦਿਨ ਚੜ੍ਹਿਆ ਤਾਂ ਹੈਰਾਨ-ਪਰੇਸ਼ਾਨ ਰਾਜਾ ਰਾਤ ਦੇ ਸੁਪਨੇ ਬਾਰੇ ਵਿਚਾਰ ਕਰਦਾ ਰਿਹਾ ਪਰ ਉਸ ਨੂੰ ਕੋਈ ਸਮਝ ਨਾ ਪਈ।

ਓਧਰ ਇਸ ਦਿਨ ਗੁਰੂ ਅਰਜਨ ਦੇਵ ਜੀ ਨੇ ਲਾਗਲੇ ਪਿੰਡਾਂ ਦੀਆਂ ਸੰਗਤਾਂ ਦੀ ਬਨਤੀ ਉਤੇ ਉਹਨਾਂ ਦੇ ਪਿੰਡਾਂ ਵੱਲ ਜਾਣਾ ਸੀ। ਗੁਰੂ ਜੀ ਨੇ ਰਾਜੇ ਨੂੰ ਵੀ ਆਪਣੇ ਨਾਲ ਚੱਲਣ ਲਈ ਕਿਹਾ। ਰਾਤ ਦੇ ਸੁਪਨੇ ਨੂੰ ਯਾਦ ਕਰ ਕਰ ਕੇ ਚਿੰਤਾ ਅਤੇ ਫਿਕਰ ਵਿੱਚ ਫਸਿਆ ਰਾਜਾ ਗੁਰੂ ਜੀ ਨਾਲ ਤੁਰ ਤਾਂ ਪਿਆ ਪਰ ਉਸ ਦੇ ਮਨ ਵਿੱਚ ਸੁਪਨੇ ਦਾ ਭੈਅ ਬਣਿਆ ਹੋਇਆ ਸੀ। ਗੁਰੂ ਜੀ ਨੇ ਆਪਣੇ ਸਿੱਖਾਂ ਸਮੇਤ ਪਿੰਡ ਸੰਹਿਸਰੇ ਨੇੜੇ ਇੱਕ ਵਣ ਹੇਠ ਜਾ ਆਸਣ ਲਾਏ। ਰਾਜਾ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਇਥੇ ਸਾਰਾ ਆਲਾ-ਦੁਆਲਾ ਉਸ ਦੇ ਰਾਤ ਨੂੰ ਦੇਖੇ ਸੁਪਨੇ ਵਾਲਾ ਸੀ। ਸੁਪਨੇ ਵਿੱਚ ਦੇਖੇ ਧੀਆਂ-ਪੁੱਤਰ ਅਤੇ ਹੋਰ ਲੋਕ ਉਸ ਨੇ ਆਪਣੇ ਆਲੇ ਦੁਆਲੇ ਤੁਰੇ ਫਿਰਦੇ ਦੇਖੇ। ਉਸ ਨੇ ਉਹ ਔਰਤ ਵੀ ਰੋਂਦੀ ਕੁਲਾਉਂਦੀ ਵੇਖੀ ਜਿਸ ਦੇ ਪਤੀ ਦੇ

ਰੂਪ ਵਿੱਚ ਉਸ ਦੀ ਪਿਛਲੀ ਰਾਤ ਹੀ ਮੌਤ ਹੋਈ ਸੀ। ਸੁਪਨੇ ਅਤੇ ਵਾਸਤਵਿਕਤਾ ਵਿੱਚਲੀ ਸਮਾਨਤਾ ਨੇ ਰਾਜੇ ਨੂੰ ਅੰਦਰੋਂ ਹਿਲੂਣਿਆ ਅਤੇ ਉਸ ਨੇ ਸਾਰੀ ਘਟਨਾ ਗੁਰੂ ਅਰਜਨ ਦੇਵ ਜੀ ਨੂੰ ਦੱਸਦਿਆਂ ਇਸ ਵਿਚਲੀ ਗੁੱਝੀ ਰਮਜ਼ ਸਮਝਾਉਣ ਦੀ ਪ੍ਰਾਰਥਨਾ ਕੀਤੀ। ਜਾਣੀ-ਜਾਣ ਸਤਿਗੁਰੂ ਨੇ ਰਾਜੇ ਨੂੰ ਦੱਸਿਆ ਕਿ ਉਸ ਦਾ ਸੁਪਨਾ ਅਸਲ ਵਿੱਚ ਉਸ ਦੁਆਰਾ ਭੋਗਿਆ ਜਾਣ ਵਾਲਾ ਭਾਵੀ ਜੀਵਨ ਸੀ ਜੋ ਗੁਰੂ ਚਰਨਾਂ ਦੀ ਓਟ ਵਿੱਚ ਆਉਣ ਕਾਰਨ ਸੁਪਨੇ ਦੇ ਮਾਧਿਅਮ ਦੁਆਰਾ ਪੂਰਾ ਹੋ ਗਿਆ ਹੈ। ਗੁਰੂ ਜੀ ਦੇ ਬਚਨ ਸੁਣਕੇ ਰਾਜੇ ਦੀ ਨਿਛਾ ਹੋ ਗਈ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਸਮੇਤ ਜਿਸ ਜਗ੍ਹਾ ਟਿਕਾਣਾ ਕੀਤਾ ਉਹ ਸਥਾਨ ਪਿੰਡ ਸਹਿੰਸਰੇ ਅਤੇ ਘੁੱਕੇਵਾਲੀ ਦੇ ਵਿਚਕਾਰ ਸੀ। ਕਿਉਂਜੁ ਉਹਨੀਂ ਦਿਨੀਂ ਇਹ ਖੇਤਰ ਅਣਉਪਜਾਊ ਅਤੇ ਬੰਜਰ ਪਿਆ ਸੀ, ਇਸ ਲਈ ਇਹ ਥਾਂ 'ਗੁਰੂ ਕੀ ਰੌੜ' ਨਾਉਂ ਨਾਲ ਜਾਣਿਆ ਜਾਣ ਲੱਗਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਪਿੰਡ ਘੁੱਕੇਵਾਲੀ ਦੀ ਹੱਦ ਅੰਦਰ ਪੈਂਦਾ ਸੀ, ਇਸ ਲਈ ਇਥੇ ਉਸਾਰੇ ਗਏ ਗੁਰਦੁਆਰੇ 'ਦਰਬਾਰ ਸਾਹਿਬ ਗੁਰੂ ਅਰਜਨ' ਦੀ ਦੇਖ ਭਾਲ ਇਸ ਪਿੰਡ ਦੀ ਮੋਹੜੀ ਗੱਢਣ ਵਾਲੇ ਬਾਬੇ ਘੁੱਕੇ ਦੀ ਔਲਾਦ ਵੱਲੋਂ ਹੀ ਕੀਤੀ ਜਾਂਦੀ ਸੀ।

ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਨੇ ਵੀ ਇਸ ਸਥਾਨ ਉਤੇ ਆਪਣੇ ਚਰਨ ਪਾਏ। ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਲਈ ਆਏ ਸਨ ਪਰ ਇੱਥੋਂ ਦੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਅੰਦਰ ਨਾ ਆਉਣ ਦਿੱਤਾ। ਇਸ ਮੌਕੇ ਪਿੰਡ ਘੁਕੇਵਾਲੀ ਦੀ ਸੰਗਤ ਦੀ ਬੇਨਤੀ ਉਤੇ ਉਹ ਇਸ ਥਾਂ ਉਤੇ ਪਧਾਰੇ ਸਨ। ਉਹਨਾਂ ਸੰਗਤ ਨੂੰ ਰੌੜ ਵਿੱਚ ਬਾਗ ਲਾਉਣ ਦੀ ਪ੍ਰੇਰਨਾ ਕੀਤੀ ਜਿਸ ਤੋਂ ਇਸ ਸਥਾਨ ਦਾ ਨਾਉਂ 'ਗੁਰੂ ਕੀ ਰੌੜ' ਦੀ ਥਾਂ 'ਗੁਰੂ ਕਾ ਬਾਗ' ਪ੍ਰਚੱਲਿਤ ਹੋਇਆ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਬਣਿਆ ਗੁਰਦੁਆਰਾ ਪਹਿਲੇ ਗੁਰਦੁਆਰੇ ਤੋਂ ਲਗਪਗ 100 ਗਜ਼ ਦੂਰ ਉੱਤਰ ਵੱਲ ਸ਼ਸ਼ੋਭਿਤ ਹੈ।

ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਇਕ ਅਹਿਲਕਾਰ ਪੰਜਾਬ ਸਿੰਘ ਬੋਪਾਰਾਈਏ ਵੱਲੋਂ ਇਸ ਗੁਰਦਵਾਰੇ ਦੀ ਨਵੀਂ ਇਮਾਰਤ ਬਣਾਉਣ ਤੋਂ ਛੁੱਟ ਇਕ ਸਰੋਵਰ ਵੀ ਬਣਵਾਇਆ ਗਿਆ। ਕੁਮੇਦਾਨ ਪੰਜਾਬ ਸਿੰਘ ਇੱਥੋਂ ਨੇੜਲੇ ਹੀ ਇੱਕ ਪਿੰਡ ਖਤਰਾਇ ਕਲਾਂ ਦੇ ਭਾਈ ਅਮੀਰ ਸਿੰਘ ਦਾ ਪੁੱਤਰ ਸੀ। ਉਸ ਨੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਭਾਵਨਾ ਅਧੀਨ ਆਪਣੇ ਇਲਾਕੇ ਦੇ ਇਤਿਹਾਸਕ ਗੁਰਦੁਆਰੇ ਦੀ ਉਸਾਰੀ ਅਤੇ ਸੇਵਾ-ਸੰਭਾਲ ਵੱਲ ਧਿਆਨ ਦਿੱਤਾ। ਇਸ ਸਮੇਂ ਹੀ ਗੁਰਦੁਆਰੇ ਦੇ ਰੱਖ-ਰੱਖਾ ਲਈ ਚੋਖੀ ਜ਼ਮੀਨ ਗੁਰਦੁਆਰੇ ਦੇ ਨਾਉਂ ਲਵਾਈ ਗਈ, ਜਿਸ ਵਿੱਚ ਅੰਬਾਂ ਦਾ ਬਾਗ ਲਗਾਇਆ ਗਿਆ। ਗੁਰਦੁਆਰੇ ਦੀ ਸੇਵਾ ਸੰਭਾਲ ਦੀ ਪੱਕੀ ਜ਼ਿੰਮੇਵਾਰੀ ਇਕ ਉਦਾਸੀ ਸਾਧੂ ਨੂੰ ਸੌਂਪੀ ਗਈ।

## ਗੁਰਦੁਆਰਾ ਗੁਰੂ ਕਾ ਬਾਗ ਪੰਥਕ ਪ੍ਰਬੰਧ ਹੇਠ

ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਸਮੇਂ ਗੁਰਦੁਆਰਾ ਗੁਰੂ ਕਾ ਬਾਗ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਮਹੰਤ ਸੁੰਦਰ ਦਾਸ ਦੇ ਹੱਥ ਸੀ। ਅੰਮ੍ਰਿਤਸਰ ਸ਼ਹਿਰ ਦੇ ਵਸਨੀਕ ਹਰਸਾ ਸਿੰਘ ਜ਼ਿਮੀਂਦਾਰ ਨੇ ਇਕ ਮਹਿਰੀ ਆਪਣੇ ਘਰ ਵਸਾਈ ਹੋਈ ਸੀ ਜਿਸ ਦੇ ਪੇਟੋਂ ਸੁੰਦਰ ਦਾਸ



ਗੁਰੂ ਕਾ ਬਾਗ ਵਿਖੇ ਵਰਤਮਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ

ਦਾ ਜਨਮ ਹੋਇਆ ਸੀ। ਛੋਟੀ ਉਮਰ ਵਿੱਚ ਉਹ ਸ਼ਹਿਰ ਵਿੱਚ ਹੀ ਕਿਸੇ ਹਲਵਾਈ ਦੀ ਦੁਕਾਨ ਉੱਤੇ ਕੰਮ ਕਰਦਾ ਕਰਦਾ ਜੁਆਨੀ ਸਮੇਂ ਪਹਿਲਵਾਨੀ ਕਰਨ ਲੱਗ ਪਿਆ। ਕੁੱਝ ਸਾਲਾਂ ਬਾਅਦ ਗੁਰਦੁਆਰਾ ਗੁਰੂ ਕਾ ਬਾਗ ਦੇ ਮਹੰਤ ਬਿਸ਼ਨ ਦਾਸ ਦਾ ਚੇਲਾ ਆ ਬਣਿਆ ਅਤੇ ਗੁਰਦੁਆਰੇ ਦੀ ਸੇਵਾ ਕਰਦਾ ਮਹੰਤ ਬਿਸ਼ਨ ਦਾਸ ਦੀ ਮੌਤ ਉਪਰੰਤ ਇਹ ਮਹੰਤ ਬਣਿਆ। ਉਹ ਖੁਲ੍ਹੇ-ਆਮ ਮਾਸ ਅਤੇ ਸ਼ਰਾਬ ਦਾ ਸੇਵਨ ਕਰਦਾ ਸੀ ਅਤੇ ਉਸ ਨੇ ਦੋ ਔਰਤਾਂ ਆਪਣੇ ਘਰ ਰੱਖੀਆਂ ਹੋਈਆਂ ਸਨ। ਉਹ ਗੁਰਦੁਆਰੇ ਵਿੱਚ ਸਿੱਖ ਰਹੁ-ਰੀਤ ਦੀ ਪਾਲਣਾ ਕਰਨ ਬਾਰੇ ਮੁਕੰਮਲ ਲਾਪ੍ਰਵਾਹੀ ਵਰਤ ਰਿਹਾ ਸੀ ਅਤੇ ਗੁਰਦੁਆਰਾ ਜਾਇਦਾਦ ਤੋਂ ਹੋਣ ਵਾਲੀ ਆਮਦਨ ਨੂੰ ਆਪਣੀ ਅਯਾਸ਼ੀ ਲਈ ਖਰਚ ਕਰਦਾ ਸੀ। ਇਸ ਸਮੇਂ ਗੁਰਦੁਆਰਾ ਗੁਰੂ ਕਾ ਬਾਗ ਦੀ ਇਮਾਰਤ ਤੋਂ ਬਿਨਾਂ ਇਸ ਨਾਲ ਚੋਖੀ ਜ਼ਮੀਨ ਵੀ ਸਬੰਧਤ ਸੀ। ਇਮਾਰਤ ਅੱਡੋ ਅੱਡ ਥਾਵਾਂ ਉਤੇ ਉਸਾਰੇ ਗਏ ਕਈ ਭਾਗਾਂ ਵਿੱਚ ਵੰਡੀ ਹੋਈ ਸੀ। ਇਸ ਵਿੱਚ ਗੁਰਦੁਆਰਾ ਗੁਰੂ ਅਰਜਨ ਦੇਵ, ਗੁਰਦੁਆਰਾ ਗੁਰੂ ਤੇਗ ਬਹਾਦਰ, ਮਹੰਤ ਦੀ ਰਿਹਾਇਸ਼, ਲੰਗਰ ਆਦਿ ਸ਼ਾਮਲ ਸਨ।


ਪੁਲਸ ਗਾਰਦ
ਪੁਲਸ ਗਾਰਦ
ਸਰੋਵਰ
ਅੰਬਾਂ ਦੇ ਬੂਟੇ
ਇਮਾਰਤ

ਗੁਰਦੁਆਰੇ ਦੀ ਜ਼ਮੀਨ ਦੋ ਟੋਟਿਆਂ ਵਿਚ ਵੰਡੀ ਹੋਈ ਸੀ। ਗੁਰਦੁਆਰਾ ਬਿਲਡਿੰਗ ਅਤੇ ਇਸ ਨਾਲ ਲੱਗਦਾ ਬਾਗ, ਜਿਸ ਵਿੱਚ ਅੰਬਾਂ ਅਤੇ ਜਾਮਨਾਂ ਦੇ ਰੁੱਖ ਸਨ, ਘੁੱਕੇਵਾਲੀ ਪਿੰਡ ਦੀ ਹਦੂਦ ਅੰਦਰ ਸੀ। ਪਟਵਾਰ ਹਲਕਾ ਲਸ਼ਕਰੀ ਨੰਗਲ ਅੰਦਰ ਪੈਂਦੀ ਇਹ ਜ਼ਮੀਨ ਮਾਲ ਮਹਿਕਮੇ ਦੇ ਕਾਗਜ਼ਾਂ ਵਿੱਚ ਖਤੌਨੀ ਨੰ: 9 ਅਤੇ ਖਸਰਾ ਨੰ: 1079, 1081 ਅਤੇ 1085 ਵਜੋਂ ਦਰਜ ਸੀ। ਗੁਰਦੁਆਰਾ ਗੁਰੂ ਅਰਜਨ ਦੇਵ ਜੀ ਦੇ ਉੱਤਰ-ਪੂਰਬ ਵਿਚ ਸਹਿੰਸਰਾ ਪਿੰਡ ਨੂੰ ਜਾਣ ਵਾਲਾ ਰਾਹ ਸੀ ਅਤੇ ਇਸ ਰਾਹ ਦੇ ਨਾਲ ਲੱਗਦਾ ਸੀ ਜ਼ਮੀਨ ਦਾ ਦੂਜਾ ਵੱਡਾ ਟੁਕੜਾ, ਜੋ ਵਿਵਾਦ ਦਾ ਕਾਰਨ ਬਣਿਆ। ਗੁਰਦੁਆਰੇ ਦੀ ਇਮਾਰਤ ਤੋਂ ਥੋੜ੍ਹਾ ਹਟਵਾਂ ਇਹ ਰਕਬਾ ਪਿੰਡ ਸਹਿੰਸਰੇ ਦੀ ਹੱਦ ਵਿਚ ਪਟਵਾਰ ਹਲਕਾ ਸਹਿੰਸਰਾ ਅਧੀਨ ਪੈਂਦਾ ਸੀ। ਖਤੌਨੀ ਨੰ: 837 ਅਤੇ ਖਸਰਾ ਨੰ: 1975, 1976 ਅਤੇ 1989 ਵਿੱਚ ਵੰਡੀ 'ਬੰਜਰ ਕਦੀਮ' ਇਸ ਜ਼ਮੀਨ ਦਾ ਕੁੱਲ ਰਕਬਾ 562 ਕਨਾਲਾਂ 14 ਮਰਲੇ ਸੀ। ਸਹਿੰਸਰੇ ਨੂੰ ਜਾਣ ਵਾਲੇ ਰਾਹ ਦੇ ਨਾਲ-ਨਾਲ ਫਲਦਾਰ ਰੁੱਖ ਸਨ ਅਤੇ ਹੋਰ ਪੂਰਬ ਵੱਲ ਕਿੱਕਰਾਂ ਦਾ ਝੁੰਡ। 1911-12 ਈਸਵੀ ਦੀ ਜਮਾਂਬੰਦੀ ਅਨੁਸਾਰ ਮਾਲਕੀ ਦੇ ਖਾਨੇ ਵਿੱਚ "ਦਰਬਾਰ ਸਾਹਿਬ ਗੁਰੂ ਅਰਜਨ ਸਾਹਿਬ, ਘੁਕੇਵਾਲੀ ਮਾਲਕ ਕਬਜਾ ਸ਼ਾਮਲਾਟ ਤਰਫ ਬਾਗਾਨ ਦੇ ਹਿੱਸਾਦਾਰਾਨ ਮੁਤਾਬਿਕ ਸ਼ਜਰਾ ਨਸਬ" ਲਿਖਿਆ ਹੋਇਆ ਸੀ। ਜਮਾਂਬੰਦੀ ਵਿੱਚ ਇਸ ਜ਼ਮੀਨ ਦਾ ਕਾਸ਼ਤਕਾਰ "ਮਹੰਤ ਸੁੰਦਰ ਦਾਸ ਚੇਲਾ ਮਹੰਤ ਬਿਸ਼ਨ ਦਾਸ, ਸਾਧ ਉਦਾਸੀ" ਦੱਸਿਆ ਗਿਆ ਸੀ, ਜਿਸ ਪਾਸ ਇਹ ਜ਼ਮੀਨ "ਬਿਲਾ ਲਾਗਾਨ ਬੇਵਜਾ ਕਬਜ਼ਾ ਮੁਖਾਲਿਫਾਨਾ" ਦੱਸੀ ਗਈ ਸੀ। 'ਕਬਜ਼ਾ ਮੁਖਾਲਿਫਾਨਾ' ਦਾ ਇੰਦਰਾਜ 1892 ਈਸਵੀ ਤੋਂ ਚੱਲਿਆ ਆ ਰਿਹਾ ਸੀ, ਜਿਸ ਦਾ ਭਾਵ ਇਹ ਸੀ ਕਿ ਇਹ ਕਿਸੇ ਹੋਰ ਦੀ ਜ਼ਮੀਨ ਉਪਰ 12 ਸਾਲ ਤੋਂ ਵੱਧ ਪੁਰਾਣਾ ਕਬਜ਼ਾ ਸੀ। ਸਪੱਸ਼ਟ ਹੈ ਕਿ ਇਸ ਜ਼ਮੀਨ ਦੀ ਮਾਲਕੀ ਅਨੇਕ ਹਿੱਸਿਆਂ ਵਿੱਚ ਵੰਡੀ ਹੋਣ ਕਾਰਨ ਹਰ ਮਾਲਕ ਨੂੰ ਥੋੜ੍ਹਾ ਥੋੜ੍ਹਾ ਹਿੱਸਾ ਹੀ ਮਿਲਦਾ ਸੀ ਜਿਸ ਕਾਰਨ ਕੋਈ ਵੀ ਇਸ ਨੂੰ ਗੁਰਦੁਆਰੇ ਦੇ ਮਹੰਤ ਦੇ ਹੱਕ ਵਿਚ ਚੱਲੇ ਆ ਰਹੇ "ਕਬਜ਼ਾ ਮੁਖਾਲਿਫਾਨਾ" ਵਿਚੋਂ ਕੱਢਣ-ਕਢਵਾਉਣ ਲਈ ਦਿਲਚਸਪੀ ਨਹੀਂ ਸੀ ਰੱਖਦਾ। ਫਲਸਰੂਪ ਸਾਲ 1918 ਈਸਵੀ ਦੀ ਰਜਿਸਟਰੀ ਨੰਬਰ 1634 ਦੁਆਰਾ ਇਸ ਜ਼ਮੀਨ ਦਾ ਇੰਤਕਾਲ ਗੁਰਦੁਆਰੇ ਦੇ ਨਾਉਂ ਕਰਵਾ ਦਿਤਾ ਗਿਆ। ਮਹੰਤ ਨਿਸ਼ੰਗ ਇਸ ਸਾਰੀ ਜਾਇਦਾਦ ਦੀ ਵਰਤੋਂ ਕੇਵਲ ਆਪਣੇ ਹੀ ਖਾਣ-ਪੀਣ ਅਤੇ ਐਸ਼ੋ-ਆਰਾਮ ਖਾਤਰ ਕਰ ਰਿਹਾ ਸੀ। ਸੁਭਾਵਕ ਹੀ ਇਲਾਕੇ ਦੀ ਸਿੱਖ ਸੰਗਤ ਮਹੰਤ ਸੁੰਦਰ ਦਾਸ ਤੇ ਗੁਰਮਤ ਵਿਰੋਧੀ ਵਿਹਾਰ ਕਾਰਨ ਉਸ ਤੋਂ ਦੁਖੀ ਸੀ ਪਰ ਮਹੰਤ ਗੁਰਸਿੱਖਾਂ ਦੀ ਚਿੰਤਾ ਤੋਂ ਲਾਪਰਵਾਹ ਆਪਣੇ ਢੰਗ ਨਾਲ ਹੀ ਸਾਰਾ ਕਾਰਵਿਹਾਰ ਚਲਾ ਰਿਹਾ ਸੀ। ਫਲਸਰੂਪ ਸਿੱਖ ਆਗੂਆਂ ਨੇ ਮਹੰਤ ਨੂੰ ਸਿੱਧੇ ਰਾਹ ਲਿਆਉਣ ਦਾ ਫੈਸਲਾ ਕੀਤਾ ਅਤੇ ਇਸ ਮਨੋਰਥ ਲਈ ਅੰਮ੍ਰਿਤਸਰ ਤੋਂ ਅਕਾਲੀ ਸਿੱਖਾਂ ਦਾ ਇੱਕ ਜੱਥਾ ਸ੍ਰ. ਕਰਤਾਰ ਸਿੰਘ ਝੱਬਰ, ਸ੍ਰ. ਦਾਨ ਸਿੰਘ ਵਛੋਆ ਆਦਿ ਦੀ ਅਗਵਾਈ ਵਿੱਚ 31 ਜਨਵਰੀ, 1921 ਈਸਵੀ ਨੂੰ ਗੁਰਦੁਆਰਾ ਗੁਰੂ ਕੇ ਬਾਗ ਪਹੁੰਚਿਆ। ਭਰੀ ਸੰਗਤ ਵਿੱਚ ਮਹੰਤ ਨੂੰ ਉਸ ਦੇ ਕੁਕਰਮਾਂ ਦਾ ਵੇਰਵਾ ਦੱਸਿਆ ਗਿਆ। ਮਹੰਤ ਸੁੰਦਰ ਦਾਸ ਵੱਲੋਂ ਪਿਛਲੀ ਭੁੱਲ ਦੀ ਖਿਮਾਂ ਮੰਗਣ ਅਤੇ ਭਵਿੱਖ ਵਿੱਚ ਗੁਰੂ ਆਸ਼ੇ ਅਨੁਸਾਰ ਚੱਲਣ ਦਾ ਇਕਰਾਰ ਕਰਨ ਉਪਰੰਤ ਉਸ ਵੱਲੋਂ ਹੇਠ ਲਿਖੀਆਂ ਸ਼ਰਤਾਂ ਲਿਖਤੀ ਤੌਰ 'ਤੇ ਮੰਨਣ ਸਦਕਾ ਗੁਰਦੁਆਰੇ ਦਾ

ਮਹੰਤ ਬਣਿਆ ਰਹਿਣ ਦੀ ਆਗਿਆ ਦਿੱਤੀ ਗਈ। ਇਹ ਸ਼ਰਤਾਂ ਸਨ :-

(ੳ) ਮਹੰਤ ਸ਼੍ਰੋਮਣੀ ਕਮੇਟੀ ਦੁਆਰਾ ਸਿੱਖਾਂ ਦੀ ਨਾਮਜ਼ਦ ਕਮੇਟੀ ਦੇ ਅਧੀਨ ਕੰਮ ਕਰੇਗਾ।

(ਅ) ਉਹ ਅੰਮ੍ਰਿਤਧਾਰੀ ਸਿੰਘ ਸਜੇਗਾ।

(ੲ) ਜੇਕਰ ਉਹ ਚਾਹੇ ਤਾਂ ਕਿਸੇ ਵੀ ਇਕ ਔਰਤ ਨਾਲ ਸ਼ਾਦੀ ਕਰ ਸਕਦਾ ਹੈ ਪਰ ਉਸ ਨੂੰ ਕਿਸੇ ਔਰਤ ਨਾਲ ਨਜ਼ਾਇਜ਼ ਤੁਅੱਲਕ ਰੱਖਣ ਦੀ ਆਗਿਆ ਨਹੀਂ ਹੋਵੇਗੀ।

ਪਹਿਲੀ ਸ਼ਰਤ ਦੀ ਲੋਅ ਵਿੱਚ ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਕਰਨ ਲਈ ਇੱਕ ਗਿਆਰਾਂ ਮੈਂਬਰੀ ਦਾ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਵਿੱਚ ਸ. ਦਾਨ ਸਿੰਘ ਵਛੋਆ ਦੇ ਨਾਲ ਸ. ਅਮਰ ਸਿੰਘ ਝੁਬਾਲ, ਭਾਈ ਇੰਦਰ ਸਿੰਘ ਰਾਜੀਆ, ਸ. ਨਰੈਣ ਸਿੰਘ ਘੁੱਕੇਵਾਲੀ, ਸ. ਗੰਡਾ ਸਿੰਘ ਜਗਦੇ, ਸ੍ਰ. ਅਮਰ ਸਿੰਘ ਖਤਰਾਕਰ, ਭਾਈ ਆਤਮਾ ਸਿੰਘ ਸਹਿੰਸਰਾ, ਸ. ਅਰਜਨ ਸਿੰਘ ਭੋਇਵਾਲ, ਭਾਈ ਭਗਵਾਨ ਸਿੰਘ ਜੱਸੜਾਂ ਅਤੇ ਮਹੰਤ ਸੁੰਦਰ ਦਾਸ ਨੂੰ ਸ਼ਾਮਲ ਕੀਤਾ ਗਿਆ। ਸ੍ਰ. ਦਾਨ ਸਿੰਘ ਵਛੋਆ ਨੂੰ ਇਸ ਕਮੇਟੀ ਦਾ ਪ੍ਰਧਾਨ ਅਤੇ ਭਾਈ ਇੰਦਰ ਸਿੰਘ ਨੂੰ ਸਕੱਤਰ ਥਾਪਿਆ ਗਿਆ। ਦੋ ਢਾਈ ਮਹੀਨੇ ਪਿੱਛੋਂ ਜਦੋਂ ਭਾਈ ਇੰਦਰ ਸਿੰਘ ਨੇ ਹੋਰ ਰੁਝੇਵਿਆਂ ਕਾਰਨ ਇਸ ਜ਼ਿੰਮੇਵਾਰੀ ਤੋਂ ਫਾਰਗੀ ਲੈ ਲਈ ਤਾਂ ਅਪ੍ਰੈਲ, 1921 ਦੌਰਾਨ ਭਾਈ ਭਗਵਾਨ ਸਿੰਘ ਨੂੰ ਤਨਖਾਹਦਾਰ ਸਕੱਤਰ ਨਿਯੁਕਤ ਕੀਤਾ ਗਿਆ। ਉਸ ਨੂੰ ਲੰਗਰ ਦੀ ਸਹੂਲਤ ਅਤੇ ਰਹਿਣ ਲਈ ਗੁਰਦੁਆਰਾ ਇਮਾਰਤ ਵਿੱਚ ਇਕ ਕਮਰਾ ਦੇ ਦਿੱਤਾ ਗਿਆ।

ਦੂਸਰੀਆਂ ਸ਼ਰਤਾਂ ਦੀ ਪੂਰਤੀ ਹਿਤ ਮਹੰਤ ਨੇ 8 ਫਰਵਰੀ, 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਹਾਜ਼ਰ ਹੋ ਕੇ ਨਾ ਕੇਵਲ ਆਪ ਹੀ ਅੰਮ੍ਰਿਤ ਛਕਿਆ ਸਗੋਂ ਉਸ ਨੇ ਆਪਣੇ ਪਾਸ ਰੱਖੀਆਂ ਜ਼ਨਾਨੀਆਂ ਵਿਚੋਂ ਇਕ ਜ਼ਨਾਨੀ ਈਸਰੀ, ਜੋ ਪਿੰਡ ਰੱਖੇ ਦੀ ਜੰਮਪਲ ਸੀ, ਨੂੰ ਵੀ ਅੰਮ੍ਰਿਤ ਛਕਾ ਕੇ ਉਸ ਨਾਲ ਸਿੱਖ ਰੀਤ ਅਨੁਸਾਰ ਅਨੰਦ ਕਾਰਜ ਕਰਵਾਇਆ। ਅੰਮ੍ਰਿਤ ਪਾਨ ਕਰਨ ਉਪਰੰਤ ਮਹੰਤ ਸੁੰਦਰ ਦਾਸ ਦਾ ਨਾਉਂ ਜੋਗਿੰਦਰ ਸਿੰਘ ਅਤੇ ਉਸ ਦੀ ਵਹੁਟੀ ਈਸਰੀ ਦਾ ਨਾਉਂ ਗਿਆਨ ਕੌਰ ਰੱਖਿਆ ਗਿਆ। ਮਹੰਤ ਸੁੰਦਰ ਦਾਸ ਨੂੰ ਗੁਰਦੁਆਰੇ ਦੇ ਚੌਗਿਰਦੇ ਅੰਦਰ ਬਣੇ ਨਿਵਾਸ, ਜਿਥੇ ਉਹ ਪਹਿਲਾਂ ਤੋਂ ਰਹਿ ਰਿਹਾ ਸੀ, ਵਿੱਚ ਟਿਕੇ ਰਹਿਣ ਦੀ ਆਗਿਆ ਦਿੱਤੀ ਗਈ।

ਉਪਰੋਕਤ ਸ਼ਰਤਾਂ ਦੀ ਪੂਰਤੀ ਕਰਨ ਉਪਰੰਤ ਮਹੰਤ ਸੁੰਦਰ ਦਾਸ ਬਹੁਤ ਥੋੜ੍ਹਾ ਸਮਾਂ ਇਹਨਾਂ ਦਾ ਪਾਬੰਦ ਰਿਹਾ। ਛੇਤੀ ਹੀ ਉਸ ਨੇ ਆਪਣੇ ਵਾਅਦਿਆਂ ਨੂੰ ਭੁਲਾ ਕੇ ਪਹਿਲਾਂ ਵਾਲੇ ਢੰਗ ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। ਜੂਨ ਮਹੀਨੇ ਜਦੋਂ ਕਿਸੇ ਕੰਮ ਦੇ ਸਿਲਸਿਲੇ ਵਿਚ ਭਾਈ ਭਗਵਾਨ ਸਿੰਘ ਅੰਮ੍ਰਿਤਸਰ ਗਿਆ ਹੋਇਆ ਸੀ ਤਾਂ ਮਹੰਤ ਸੁੰਦਰ ਦਾਸ ਨੇ ਉਸ ਦੇ ਕਮਰੇ ਦਾ ਤਾਲਾ ਤੋੜ ਕੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਰਾ ਰਿਕਾਰਡ ਸਾੜ ਦਿੱਤਾ। ਉਸ ਦੇ ਅਜਿਹੇ ਵਿਵਹਾਰ ਤੋਂ ਦੁਖੀ ਸਿੱਖਾਂ ਨੇ 23 ਅਗਸਤ, 1921 ਨੂੰ ਗੁਰਦੁਆਰੇ ਦਾ ਪ੍ਰਬੰਧ ਆਪ ਸੰਭਾਲ ਲਿਆ। ਮਹੰਤ ਨੇ ਜ਼ਿਲ੍ਹਾ ਅਧਿਕਾਰੀਆਂ ਪਾਸ ਸ਼ਿਕਾਇਤ ਕੀਤੀ ਪਰ ਜਦੋਂ ਜ਼ਿਲਾ ਅੰਮ੍ਰਿਤਸਰ ਦੇ ਸੁਪਰਡੰਟ ਪੁਲਸ ਮਿਸਟਰ ਮੈਕਫਰਸਨ ਨੇ ਮੌਕੇ ਉਤੇ ਆ ਕੇ ਗੁਰਦੁਆਰੇ ਦਾ ਪ੍ਰਬੰਧ ਪੂਰਨ ਰੂਪ ਵਿੱਚ ਸਿੱਖਾਂ ਦੇ ਹੱਥ ਵਿੱਚ ਵੇਖਿਆ ਤਾਂ ਉਸ ਦੀ ਤਸੱਲੀ

ਹੋ ਗਈ। ਉਸ ਨੇ ਸੰਭਾਵਿਤ ਝਗੜਾ-ਫਸਾਦ ਟਾਲਣ ਦੀ ਇੱਛਾ ਨਾਲ ਕੇਵਲ ਪੰਜ ਸਿੱਖਾਂ ਨੂੰ ਉਥੇ ਠਹਿਰਣ ਅਤੇ ਬਾਕੀਆਂ ਨੂੰ ਉਥੋਂ ਚਲੇ ਜਾਣ ਦਾ ਹੁਕਮ ਦਿਤਾ। ਇਸ ਡਰੋਂ ਕਿ ਕਿਧਰੇ ਮਹੰਤ ਕੋਈ ਵਾਰਦਾਤ ਨਾ ਕਰੇ, ਗੁਰਦੁਆਰੇ ਦੇ ਪ੍ਰਬੰਧਕਾਂ ਦੀ ਸਹਾਇਤਾ ਲਈ ਪੁਲਸ ਦੀ ਇੱਕ ਟੁਕੜੀ ਪੱਕੇ ਤੌਰ 'ਤੇ ਉਥੇ ਤਾਇਨਾਤ ਕਰ ਦਿੱਤੀ ਅਤੇ ਉਦੋਂ ਹਟਾਈ, ਜਦੋਂ ਗੁਰਦੁਆਰਾ ਪ੍ਰਬੰਧਕਾਂ ਨੇ ਕਿਹਾ ਕਿ ਉਹਨਾਂ ਨੂੰ ਮਹੰਤ ਦਾ ਕੋਈ ਡਰ ਨਹੀਂ।

ਜਦੋਂ ਮਹੰਤ ਦੀ ਕੋਈ ਹੋਰ ਵਾਹ ਨਾ ਚੱਲੀ ਤਾਂ ਉਸ ਨੇ ਫਰਵਰੀ, 1922 ਵਿੱਚ ਸ਼੍ਰੋਮਣੀ ਕਮੇਟੀ ਨਾਲ ਸਮਝੌਤੇ ਦੀ ਗੱਲ ਚਲਾਈ। ਉਸ ਨੇ ਸ੍ਰ. ਤੇਜਾ ਸਿੰਘ ਸਮੁੰਦਰੀ, ਸ੍ਰ. ਬਾਲ ਸਿੰਘ ਅਤੇ ਸ੍ਰ. ਗੁਰਚਰਨ ਸਿੰਘ ਵਲੋਂ ਸਾਲਸੀ ਕਰਨ ਉੱਤੇ ਗੁਰਦੁਆਰਾ ਗੁਰੂ ਕਾ ਬਾਗ ਦਾ ਕਬਜਾ ਛੱਡਣ ਬਦਲੇ 120 ਰੁਪਏ ਪ੍ਰਤੀ ਮਹੀਨਾ ਗੁਜ਼ਾਰਾ ਅਤੇ ਰਿਹਾਇਸ਼ ਲਈ ਅੰਮ੍ਰਿਤਸਰ ਸ਼ਹਿਰ ਵਿੱਚ ਇਕ ਮਕਾਨ ਲੈਣਾ ਪ੍ਰਵਾਨ ਕਰ ਲਿਆ। ਪਰ ਪਹਿਲਾਂ ਵਾਂਗ ਹੀ ਮੁੜ ਕੁੱਝ ਮਹੀਨਿਆਂ ਪਿਛੋਂ ਹੀ ਉਸ ਨੇ ਫਿਰ ਆਪਣੀ ਮਹੰਤੀ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦਾ ਇਹ ਸਾਰਾ ਝਗੜਾ ਬੇਫਾਇਦਾ ਰਿਹਾ ਅਤੇ ਕੋਈ ਵੀ ਉਸ ਦੇ ਪੱਖ ਨਾਲ ਸਹਿਮਤ ਨਾ ਹੋਇਆ।

### ਮੋਰਚੇ ਦਾ ਆਰੰਭ

ਅਗਸਤ, 1921 ਵਿੱਚ ਜਦੋਂ ਤੋਂ ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਸਿੱਖ ਨੁਮਾਇੰਦਿਆਂ ਦੇ ਹੱਥ ਵਿਚ ਆਇਆ ਸੀ, ਸਾਰਾ ਕਾਰ-ਵਿਹਾਰ ਗੁਰਮਤ ਰਹੁ-ਰੀਤ ਅਨੁਸਾਰ ਅਤੇ ਸ਼ਾਂਤੀ ਪੂਰਨ ਚੱਲ ਰਿਹਾ ਸੀ। ਗੁਰਦੁਆਰੇ ਵਿੱਚ ਹਰ ਮਹੀਨੇ ਪੂਰਨਮਾਸ਼ੀ ਅਤੇ ਮੱਸਿਆ ਦੇ ਦਿਨ ਭਾਰੀ ਦੀਵਾਨ ਸਜਾਏ ਜਾਣ ਲੱਗ ਪਏ ਸਨ। ਉਦੋਂ ਤੋਂ ਹੀ ਗੁਰਦੁਆਰੇ ਵਿੱਚ ਆਏ-ਗਏ ਸ਼ਰਧਾਲੂਆਂ ਲਈ ਗੁਰੂ ਕੇ ਲੰਗਰ ਦੀ ਪਰੰਪਰਾ ਪੱਕੇ ਤੌਰ ਉਤੇ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਲੰਗਰ ਤਿਆਰ ਕਰਨ ਲਈ ਲੱਕੜਾਂ ਦੀ ਲੋੜ ਗੁਰਦੁਆਰੇ ਦੀ ਜ਼ਮੀਨ ਵਿੱਚ ਖੜੀਆਂ ਕਿੱਕਰਾਂ ਨੂੰ ਵੱਢ ਕੇ ਪੂਰੀ ਕੀਤੀ ਜਾ ਰਹੀ ਸੀ।

1922 ਈਸਵੀ ਦੌਰਾਨ ਜਦੋਂ ਸਰਕਾਰ ਨੇ ਸਿੱਖ-ਸੰਗਤ ਵਿੱਚ ਗੁਰਦੁਆਰਿਆਂ ਦੇ ਸੁਧਾਰ ਲਈ ਵਧ ਰਹੀ ਜਾਗ੍ਰਤੀ ਤੋਂ ਘਬਰਾ ਕੇ ਇਸ ਨੂੰ ਤਸ਼ੱਦਦ ਨਾਲ ਠੱਲ ਪਾਉਣ ਦੀ ਨੀਤੀ ਧਾਰਨ ਕੀਤੀ ਤਾਂ ਸਰਕਾਰ ਨੂੰ ਸਿੱਖਾਂ ਵੱਲੋਂ ਸ਼ਾਂਤੀਪੂਰਨ ਤਰੀਕੇ ਨਾਲ ਆਪਣੇ ਹੱਥ ਵਿੱਚ ਲਿਆ ਗਿਆ ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਵੀ ਰੜਕਣ ਲੱਗ ਪਿਆ। ਇਹ ਕਿੜ ਕੱਢਣ ਲਈ ਸਰਕਾਰ ਨੇ ਗੁਰਦੁਆਰੇ ਦੇ ਸੇਵਾਦਾਰਾਂ ਨੂੰ ਕਹਿਰ ਦਾ ਨਿਸ਼ਾਨਾ ਬਣਾਉਣ ਦੀ ਠਾਣੀ ਅਤੇ ਸਰਕਾਰੀ ਕ੍ਰੋਪੀ ਦਾ ਸ਼ਿਕਾਰ ਬਣੇ ਗੁਰਦੁਆਰੇ ਦੇ ਪੰਜ ਸੇਵਾਦਾਰ ਭਾਈ ਸੰਤੋਖ ਸਿੰਘ ਲਸ਼ਕਰੀ ਨੰਗਲ, ਭਾਈ ਲਾਭ ਸਿੰਘ ਰਾਜਾ ਸਾਂਸੀ, ਭਾਈ ਲਾਭ ਸਿੰਘ ਮੱਤੇ ਨੰਗਲ, ਭਾਈ ਸੰਤਾ ਸਿੰਘ ਮਸਾ ਨਕੋਦਰ ਅਤੇ ਫੂਲਾ ਸਿੰਘ ਨਾਉਂ ਦਾ ਇਕ ਹੋਰ ਅਕਾਲੀ ਸਿੰਘ, ਜਿਨ੍ਹਾਂ ਨੇ ਪਿਛਲੇ ਕਈ ਮਹੀਨਿਆਂ ਤੋਂ ਚੱਲੀ ਆ ਰਹੀ ਪਰੰਪਰਾ ਅਨੁਸਾਰ 8 ਅਗਸਤ, 1922 ਨੂੰ ਗੁਰਦੁਆਰੇ ਦੇ ਲੰਗਰ ਲਈ ਗੁਰਦੁਆਰੇ ਦੀ ਜ਼ਮੀਨ ਵਿੱਚ ਖੜੀਆਂ ਕਿੱਕਰਾਂ ਵਿਚੋਂ ਇੱਕ ਸੁੱਕੀ ਕਿੱਕਰ ਨੂੰ ਵੱਢ ਕੇ ਬਾਲਣ ਲਿਆਂਦਾ। ਗੁਰਦੁਆਰਾ ਸੁਧਾਰ ਲਹਿਰ ਦਾ ਕੇਂਦਰ ਕਿਉਂ ਜੁ ਅੰਮ੍ਰਿਤਸਰ ਸੀ, ਇਸ ਲਈ ਅੰਮ੍ਰਿਤਸਰ ਜ਼ਿਲ੍ਹੇ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਡੰਨਟ, ਜੋ ਪਿਛਲੇ ਕਾਫੀ ਸਮੇਂ ਤੋਂ ਇਸ ਲਹਿਰ ਨੂੰ ਠੱਲ ਪਾਉਣ ਦੇ ਕਿਸੇ ਢੁਕਵੇਂ ਅਵਸਰ ਦੀ

ਭਾਲ ਵਿਚ ਸੀ, ਨੇ ਬਾਵਾ ਬ੍ਰਿਜ ਲਾਲ ਸਿੰਘ ਬੇਦੀ, ਜ਼ੈਲਦਾਰ ਪਿੰਡ ਮਹਿਲਾਂ ਵਾਲਾ, ਨੂੰ ਆਖ ਕੇ ਇਹਨਾਂ ਅਕਾਲੀ ਸੇਵਾਦਾਰਾਂ ਦੇ ਖਿਲਾਫ ਰਿਪੋਰਟ ਲਈ ਅਤੇ ਇਸ ਉਤੇ ਆਪਣੀ ਟਿੱਪਣੀ ਦਰਜ ਕਰਕੇ ਡਿਪਟੀ ਸੁਪਰਡੰਟ ਪੁਲਸ ਮਿਸਟਰ ਬੀਟੀ ਦੇ ਹੱਥ ਥਾਨਾ ਅਜਨਾਲਾ ਵਿੱਚ ਭੇਜੀ। ਇਸ ਰਿਪੋਰਟ ਦੇ ਆਧਾਰ ਉਤੇ ਹੀ ਥਾਨਾ ਅਜਨਾਲਾ ਵਿਚ ਨਿਯੁਕਤ ਸਬ ਇੰਸਪੈਕਟਰ ਪੁਲਸ ਆਗਾ ਆਬਾਸ ਮਿਰਜ਼ਾ ਨੇ ਹਿੰਦ ਦੰਡਾਵਲੀ ਦੀ ਧਾਰਾ 154 ਅਧੀਨ ਐੱਫ. ਆਈ. ਆਰ. ਨੰ: 1288, ਮਿਤੀ 9 ਅਗਸਤ, 1922, ਦਰਜ ਕਰਕੇ ਇਸ ਬਾਰੇ ਮਹੰਤ ਸੁੰਦਰ ਦਾਸ ਅਤੇ ਕੁਝ ਹੋਰਨਾਂ ਦੀਆਂ ਗਵਾਹੀਆਂ ਲੈਣ ਉਪਰੰਤ ਕਾਰਵਾਈ ਕਰਦਿਆਂ ਪੁਲਿਸ ਦੀ ਇਕ ਧਾੜ ਲੈ ਕੇ 9 ਅਗਸਤ, 1922 ਨੂੰ ਹੀ ਗੁਰਦੁਆਰਾ ਗੁਰੂ ਕਾ ਬਾਗ ਆ ਕੇ ਇਹਨਾਂ ਪੰਜਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਅਗਲੇ ਦਿਨ ਭਾਵ 10 ਅਗਸਤ ਨੂੰ ਇਹ ਸਾਰੇ ਸਿੰਘ ਬਿਗਾਨੀ ਜਾਇਦਾਦ ਦੀ ਲੁੱਟ ਕਰਨ ਦੇ ਦੋਸ਼ ਵਿੱਚ ਅੰਮ੍ਰਿਤਸਰ ਵਿਖੇ ਮਿਸਟਰ ਈਵਾਨ ਜਿਨਕਿਨਜ਼ ਮੈਜਿਸਟ੍ਰੇਟ ਦਰਜਾ ਅੱਵਲ ਦੇ ਸਾਹਮਣੇ ਪੇਸ਼ ਕੀਤੇ ਗਏ ਜਿਥੇ ਇਹਨਾਂ ਨੂੰ ਪੰਜਾਹ ਪੰਜਾਹ ਰੁਪਏ ਜੁਰਮਾਨਾ ਅਤੇ ਛੇ ਛੇ ਮਹੀਨੇ ਦੀ ਕੈਦ-ਬਾ-ਮੁਸ਼ੱਕਤ ਦੀ ਸਜ਼ਾ ਸੁਣਾਈ ਗਈ।

ਸਿੱਖਾਂ ਦੀ ਮਾਨਤਾ ਸੀ ਕਿ ਕਿਉਂ ਜੁ ਜ਼ਮੀਨ ਗੁਰਦੁਆਰੇ ਦੀ ਮਾਲਕੀ ਹੈ ਅਤੇ ਗੁਰਦੁਆਰੇ ਦਾ ਪ੍ਰਬੰਧ ਸਿੱਖਾਂ ਦੀ ਕਮੇਟੀ ਦੇ ਹੱਥ ਹੈ, ਇਸ ਲਈ ਇਸ ਜ਼ਮੀਨ ਅਤੇ ਇਸ ਵਿੱਚ ਖੜੇ ਦਰਖਤ ਵੀ ਗੁਰਦੁਆਰੇ ਦੀ ਇਮਾਰਤ ਵਾਂਗ ਹੀ ਅਤੇ ਮਾਲ ਮਹਿਕਮੇ ਦੇ ਕਾਗਜ਼ਾਂ ਅਨੁਸਾਰ ਕਮੇਟੀ ਦੇ ਅਧਿਕਾਰ ਅਧੀਨ ਹਨ ਅਤੇ ਇਹਨਾਂ ਕਿੱਕਰਾਂ ਦੀ ਲੱਕੜ ਨੂੰ ਗੁਰਦੁਆਰੇ ਦੇ ਲੰਗਰ ਵਿੱਚ ਬਾਲਣ ਲਈ ਵਰਤੋਂ ਕਰਨ ਨੂੰ ਕਿਸੇ ਤਰ੍ਹਾਂ ਗੈਰਕਾਨੂੰਨੀ ਕਾਰਵਾਈ ਨਹੀਂ ਮੰਨਿਆ ਜਾ ਸਕਦਾ। ਫਲਸਰੂਪ ਪਹਿਲੇ ਸਿੰਘਾਂ ਨੂੰ ਪੁਲਸ ਵਲੋਂ ਗ੍ਰਿਫਤਾਰ ਕਰਕੇ ਸਜ਼ਾ ਦਵਾਉਣ ਦੇ ਬਾਵਜੂਦ ਉਹ ਕਿੱਕਰਾਂ ਦੀ ਕਟਾਈ ਕਰਦੇ ਰਹੇ। ਪਹਿਲੀਆਂ ਗ੍ਰਿਫਤਾਰੀਆਂ ਦੇ ਦਿਨ ਤੋਂ ਹੀ ਮਾਲ ਮਹਿਕਮੇ ਅਤੇ ਪੁਲਸ ਵਿਭਾਗ ਦੇ ਅਧਿਕਾਰੀ ਗੁਰੂ ਕਾ ਬਾਗ ਠਹਿਰੇ ਹੋਏ ਸਨ। ਉਹਨਾਂ ਨੇ ਲਗਪਗ ਦੋ ਹਫਤੇ ਤਾਂ ਕੋਈ ਕਾਰਵਾਈ ਨਾ ਕੀਤੀ ਪਰ 22 ਅਗਸਤ, 1922 ਦੇ ਦਿਨ ਪੁਲਸ ਅਚਾਨਕ ਹੀ ਹਰਕਤ ਵਿੱਚ ਆ ਗਈ ਅਤੇ ਉਸ ਨੇ ਗ੍ਰਿਫਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਦੇ ਇਸ ਪੈਂਤੜੇ ਦੇ ਮੋੜਵੇਂ ਜੁਆਬ ਵਜੋਂ ਸਿੰਘਾਂ ਨੇ ਗ੍ਰਿਫਤਾਰੀਆਂ ਦੇਣ ਦੀ ਯੋਜਨਾ ਬਣਾ ਲਈ ਅਤੇ ਇਹ ਮੋਰਚਾ ਸ਼ੁਰੂ ਹੋ ਗਿਆ, ਜੋ ਸਰਕਾਰ ਵਲੋਂ ਕਿੱਕਰਾਂ ਦੀ ਛਾਂਗ-ਛੰਗਾਈ ਉਤੇ ਲੱਗੀ ਰੋਕ 18 ਨਵੰਬਰ, 1922 ਤੋਂ ਚੁੱਕ ਦੇਣ ਨਾਲ ਖਤਮ ਹੋ ਗਿਆ। ਲਗਪਗ ਤਿੰਨ ਮਹੀਨੇ ਚੱਲੇ ਇਸ ਮੋਰਚੇ ਵਿੱਚ ਵਾਪਰੀਆਂ ਘਟਨਾਵਾਂ ਦਾ ਮਿਤੀਵਾਰ ਵੇਰਵਾ ਅੱਗੇ ਦਰਜ ਹੈ।

## ਅਧਿਆਇ-3

# ਰੋਜ਼ਨਾਮਚਾ

### 22 ਅਗਸਤ 1922 (7 ਭਾਦੋਂ, ਮੱਸਿਆ, ਮੰਗਲਵਾਰ) :

### ਮੋਰਚਾ ਆਰੰਭ

ਸਵੇਰੇ ਹੀ ਡਿਪਟੀ ਸੁਪਰਡੰਟ ਪੁਲਿਸ, ਅੰਮ੍ਰਿਤਸਰ ਮਿਸਟਰ ਬੀਟੀ ਅਤੇ ਕੁੱਝ ਹੋਰ ਪੁਲਸ ਅਫ਼ਸਰ ਭਾਰੀ ਪੁਲਸ ਫੋਰਸ ਨਾਲ ਲੈ ਕੇ ਗੁਰਦੁਆਰਾ ਗੁਰੂ ਕਾ ਬਾਗ ਪਹੁੰਚ ਗਏ ਸਨ। ਇਸ ਦਿਨ ਭਾਦੋਂ ਦੀ ਮੱਸਿਆ ਹੋਣ ਕਾਰਨ ਗੁਰਦੁਆਰੇ ਵਿੱਚ ਵਿਸ਼ੇਸ਼ ਦੀਵਾਨ ਸਜਾਇਆ ਗਿਆ ਸੀ ਜਿਸ ਵਿੱਚ ਆਮ ਵਾਂਗ ਅੰਮ੍ਰਿਤਸਰ ਸ਼ਹਿਰ ਅਤੇ ਆਸੇ ਪਾਸੇ ਦੇ ਪਿੰਡਾਂ ਵਿੱਚੋਂ ਬੇਅੰਤ ਸੰਗਤ ਪੁੱਜੀ ਹੋਈ ਸੀ। ਪੁਲਸ ਨੇ ਦੀਵਾਨ ਦੀ ਕਾਰਵਾਈ ਵਿੱਚ ਤਾਂ ਕੋਈ ਵਿਘਨ ਨਾ ਪਾਇਆ ਪਰ ਗੁਰਦੁਆਰੇ ਦੀ ਜ਼ਮੀਨ ਵਿੱਚ ਖੜ੍ਹੀਆਂ ਕਿੱਕਰਾਂ ਤੋਂ ਬਾਲਣ ਕੱਟਣ ਗਏ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਇਹ ਉਹ ਹੀ ਕਿੱਕਰਾਂ ਸਨ ਜਿੱਥੋਂ 8 ਅਗਸਤ ਨੂੰ ਬਾਲਣ ਦੀ ਕਟਾਈ ਕਰਨ ਵਾਲੇ ਪੰਜ ਸਿੰਘਾਂ ਨੂੰ ਪੁਲਸ ਨੇ ਗ੍ਰਿਫਤਾਰ ਕਰਕੇ ਅਦਾਲਤ ਰਾਹੀਂ ਸਜ਼ਾ ਦੁਆ ਕੇ ਜੇਲ੍ਹ ਭੇਜ ਦਿੱਤਾ ਸੀ। ਪਿਛਲੇ ਦੋ ਹਫ਼ਤਿਆਂ ਤੋਂ ਅਕਾਲੀ ਸਿੰਘ ਇਹਨਾਂ ਕਿੱਕਰਾਂ ਤੋਂ ਬਾਲਣ ਦੀ ਨਿਰੰਤਰ ਕਟਾਈ ਕਰ ਰਹੇ ਸਨ ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਸੀ ਕੀਤੀ। ਇਸ ਲਈ ਸਮਝਿਆ ਜਾ ਰਿਹਾ ਸੀ ਕਿ ਇਹ ਕਾਂਡ ਖਤਮ ਹੋ ਗਿਆ ਹੈ ਪਰ ਪੁਲਸ ਦੀ ਤਾਜ਼ਾ ਕਾਰਵਾਈ ਨੇ ਸਪੱਸ਼ਟ ਕਰ ਦਿੱਤਾ ਕਿ ਪ੍ਰਸ਼ਾਸਨ ਗੁਰਦੁਆਰੇ ਦੀ ਜ਼ਮੀਨ ਵਿਚ ਖੜ੍ਹੀਆਂ ਕਿੱਕਰਾਂ ਤੋਂ ਲੱਕੜਾਂ ਕੱਟੇ ਜਾਣ ਦਾ ਅਧਿਕਾਰ ਸਿੰਘਾਂ ਨੂੰ ਦੇਣ ਲਈ ਤਿਆਰ ਨਹੀਂ। ਫਲਸਰੂਪ ਸਿੰਘਾਂ ਨੂੰ ਆਪਣੇ ਵਿਵਾਦ-ਰਹਿਤ ਅਧਿਕਾਰ ਦੀ ਬਹਾਲੀ ਲਈ ਗ੍ਰਿਫ਼ਤਾਰੀਆਂ ਦੇਣ ਵਾਸਤੇ ਅੱਗੇ ਆਉਣਾ ਸ਼ੁਰੂ ਕਰ ਦਿੱਤਾ। ਇਉਂ ਇਸ ਦਿਨ 60 ਅਕਾਲੀਆਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀਆਂ ਲਈ ਪੇਸ਼ ਕੀਤਾ।

### 23 ਅਗਸਤ (8 ਭਾਦੋਂ, ਬੁੱਧਵਾਰ) :

### ਗ੍ਰਿਫਤਾਰੀਆਂ ਜਾਰੀ, ਗਿਣਤੀ 110 ਹੋਈ

ਪਿਛਲੇ ਦਿਨ ਦੀ ਪੁਲਸ ਕਾਰਵਾਈ ਨੂੰ ਦੇਖਦਿਆਂ ਕੋਈ ਸ਼ੱਕ ਨਹੀਂ ਸੀ ਰਿਹਾ ਕਿ ਪੁਲਸ ਨੇ ਸਿੰਘਾਂ ਨੂੰ ਗੁਰਦੁਆਰੇ ਦੀ ਜ਼ਮੀਨ ਵਿੱਚ ਖੜ੍ਹੀਆਂ ਕਿੱਕਰਾਂ ਨੂੰ ਗੁਰਦੁਆਰੇ ਦੇ ਲੰਗਰ ਵਿੱਚ ਬਾਲਣ ਵਜੋਂ ਵਰਤਣ ਲਈ ਵੱਢਣ ਤੋਂ ਰੋਕਣ ਲਈ ਗ੍ਰਿਫ਼ਤਾਰੀਆਂ ਦਾ ਚੱਕਰ ਚਲਾ ਦਿੱਤਾ ਹੈ। ਸੋ ਅਕਾਲੀ ਸਿੰਘ ਵੀ ਗ੍ਰਿਫਤਾਰੀਆਂ ਦੇਣ ਲਈ ਤਿਆਰ ਹੋ ਗਏ। ਫੈਸਲਾ

ਹੋਇਆ ਕਿ ਅਕਾਲੀ ਵਰਕਰ ਪੰਜ ਪੰਜ ਦੀ ਟੋਲੀ ਵਿੱਚ ਲੱਕੜਾਂ ਕੱਟਣ ਲਈ ਜਾ ਕੇ ਗ੍ਰਿਫਤਾਰੀਆਂ ਦੇਣ। ਇਸ ਨੀਤੀ ਅਨੁਸਾਰ ਹੀ ਪੰਜ ਪੰਜ ਸਿੰਘਾਂ ਦੀਆਂ ਦਸ ਟੋਲੀਆਂ ਵਾਰੀ ਵਾਰੀ ਗ੍ਰਿਫ਼ਤਾਰੀ ਲਈ ਆਈਆਂ ਅਤੇ ਇਸ ਦਿਨ ਕੁੱਲ ਪੰਜਾਹ ਸਿੰਘ ਗ੍ਰਿਫਤਾਰ ਕੀਤੇ ਗਏ। ਇਉਂ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 110 ਹੋ ਗਈ।

ਜਨਤਾ ਨੂੰ ਅੰਗਰੇਜ਼ ਸਰਕਾਰ ਦੀ ਬਦਨੀਤੀ ਤੋਂ ਜਾਣੂੰ ਕਰਵਾਉਣ ਲਈ ਰਾਤ ਸਮੇਂ ਅੰਮ੍ਰਿਤਸਰ, ਅਕਾਲੀਆਂ ਦੇ ਬਾਗ ਵਿੱਚ ਇਕ ਜਲਸਾ ਕੀਤਾ ਗਿਆ ਜਿਸ ਨੂੰ ਸਰਦਾਰ ਮਹਿਤਾਬ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਕਾਲੀ ਆਗੂਆਂ ਨੇ ਸੰਬੋਧਨ ਕੀਤਾ ਅਤੇ 25 ਅਗਸਤ ਨੂੰ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਸਜਾਏ ਜਾ ਰਹੇ ਵਿਸ਼ੇਸ਼ ਦੀਵਾਨ ਵਿੱਚ ਪੁੱਜਣ ਦੀ ਅਪੀਲ ਕੀਤੀ।

### 24 ਅਗਸਤ (9 ਭਾਦੋਂ, ਵੀਰਵਾਰ) :

### ਅੰਗਰੇਜ਼ ਅਧਿਕਾਰੀ ਗੁਰੂ ਕੇ ਬਾਗ ਪੁੱਜੇ, ਕੁੱਲ ਗ੍ਰਿਫ਼ਤਾਰੀਆਂ 180

ਅੰਮ੍ਰਿਤਸਰ ਜ਼ਿਲ੍ਹੇ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਡੰਨਟ ਕਿਸੇ ਕੰਮ ਸ਼ਿਮਲੇ ਗਿਆ ਹੋਇਆ ਸੀ। ਉਸ ਦੀ ਗੈਰ-ਹਾਜ਼ਰੀ ਵਿੱਚ ਮਿਸਟਰ ਈ.ਐਮ. ਜੈਨਕਿਨਜ਼, ਸਹਾਇਕ ਕਮਿਸ਼ਨਰ ਅਤੇ ਮਿਸਟਰ ਮੈਕਫਰਸਨ ਸੁਪਰਡੰਟ ਪੁਲਸ, ਜ਼ਿਲ੍ਹਾ ਅੰਮ੍ਰਿਤਸਰ ਨੇ ਮੌਕਾ ਵੇਖਣ ਲਈ ਗੁਰਦੁਆਰਾ ਗੁਰੂ ਕਾ ਬਾਗ ਦਾ ਦੌਰਾ ਕੀਤਾ।

ਪਿਛਲੇ ਦੋ ਦਿਨਾਂ ਵਾਂਗ ਅੱਜ ਵੀ ਅਕਾਲੀ ਸਿੱਖ ਪੰਜ ਪੰਜ ਦੇ ਜਥੇ ਦੇ ਰੂਪ ਵਿੱਚ ਲੱਕੜਾਂ ਕੱਟਣ ਜਾਂਦੇ ਰਹੇ। ਇਸ ਦਿਨ ਪੁਲਸ ਨੇ ਸੱਤਰ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਗ੍ਰਿਫ਼ਤਾਰ ਸਿੰਘਾਂ ਦੀ ਗਿਣਤੀ 180 ਹੋ ਗਈ। ਪੁਲਸ ਨੇ ਗ੍ਰਿਫ਼ਤਾਰੀਆਂ ਕਰਨ ਸਮੇਂ ਅਕਾਲੀਆਂ ਨਾਲ ਧੱਕਾ-ਮੁੱਕੀ ਅਤੇ ਮਾਰ ਕੁੱਟ ਵੀ ਕੀਤੀ। ਇਉਂ ਗ੍ਰਿਫ਼ਤਾਰੀ ਲਈ ਅੱਗੇ ਆਉਣ ਵਾਲੇ ਅਕਾਲੀ ਸਤਿਆਗ੍ਰਹੀਆਂ ਦੀ ਮਾਰ ਕੁੱਟ ਕਰਨ ਦਾ ਦੌਰ ਸ਼ੁਰੂ ਹੋਇਆ।

### 25 ਅਗਸਤ (10 ਭਾਦੋਂ, ਸ਼ੁਕਰਵਾਰ) :

### ਪੁਲਸ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗ੍ਰਿਫ਼ਤਾਰੀਆਂ ਦੀ ਗਿਣਤੀ 210

ਗੁਰਦੁਆਰਾ ਗੁਰੂ ਕੇ ਬਾਗ ਵਿੱਚ ਚੱਲ ਰਹੇ ਗ੍ਰਿਫ਼ਤਾਰੀਆਂ ਦੇ ਚੱਕਰ ਬਾਰੇ ਸੋਚ-ਵਿਚਾਰ ਕਰਨ ਲਈ ਅੱਜ ਇੱਥੇ ਵਿਸ਼ੇਸ਼ ਦੀਵਾਨ ਵਿੱਚ ਪੁੱਜਣ ਲਈ ਦਿੱਤੇ ਗਏ ਸੱਦੇ ਕਾਰਨ ਇਸ ਦਿਨ ਬੇਅੰਤ ਸੰਗਤਾਂ ਗੁਰਦੁਆਰੇ ਦੇ ਦਰਸ਼ਨਾਂ ਲਈ ਆਈਆਂ। ਵਧੇਰੇ ਇਕੱਠ ਕਾਰਨ ਦੀਵਾਨ ਗੁਰਦੁਆਰੇ ਤੋਂ ਬਾਹਰ ਖੁਲ੍ਹੇ ਮੈਦਾਨ ਵਿੱਚ ਸਜਾਇਆ ਗਿਆ। ਸਿੰਘਾਂ ਦੇ ਇਸ ਇਕੱਠ ਨੂੰ ਵੇਖਦਿਆਂ ਪੁਲਸ ਆਪੇ ਤੋਂ ਬਾਹਰ ਹੋ ਗਈ। ਡਿਪਟੀ ਸੁਪਰਡੰਟ ਪੁਲਸ

ਮਿਸਟਰ ਬੀਟੀ ਦੇ ਨਾਲ ਸ਼ੇਖ ਜ਼ਹੂਰ-ਉਦ-ਦੀਨ, ਤਹਿਸੀਲਦਾਰ ਅਜਨਾਲਾ ਅਤੇ ਲਾਲਾ ਸ਼ਾਮ ਸਿੰਘ ਡਿਪਟੀ ਸੁਪਰਡੰਟ ਪੁਲਸ ਇਸ ਮੌਕੇ ਹਾਜ਼ਰ ਸਨ। ਪੁਲਸ ਨੇ ਦੀਵਾਨ ਵਿੱਚ ਸ਼ਾਂਤੀ ਨਾਲ ਬੈਠੇ ਸਿੰਘਾਂ ਨੂੰ ਮਾਰਨਾ ਕੁੱਟਣਾ ਸ਼ੁਰੂ ਕਰ ਦਿੱਤਾ। ਕਈਆਂ ਨੂੰ ਦਾੜ੍ਹੀਆਂ ਅਤੇ ਕੇਸਾਂ ਤੋਂ ਫੜ ਕੇ ਧੂਹਿਆ ਗਿਆ ਅਤੇ ਮਾਰ-ਕੁੱਟ ਨਾਲ ਨਿਢਾਲ ਕੁੱਝ ਕੁ ਨੂੰ ਦੀਵਾਨ ਸਥਾਨ ਵਿਚੋਂ ਚੁੱਕ ਕੇ ਗੁਰੂਦੁਆਰੇ ਦੀ ਢਠੀ ਹੋਈ ਚਾਰ-ਦੀਵਾਰੀ ਦੇ ਉੱਪਰ ਦੀ ਗੁਰਦੁਆਰੇ ਅੰਦਰ ਵਗਾਹ ਮਾਰਿਆ। ਪੁਲਸ ਦੇ ਪਿਛਲੇ ਦਿਨ ਦੇ ਵਤੀਰੇ ਨੂੰ ਵੇਖਦਿਆਂ ਗੁਰੂ ਕਾ ਬਾਗ ਵਿਖੇ ਜ਼ਖਮੀ ਹੋਣ ਵਾਲੇ ਅਕਾਲੀਆਂ ਦੀ ਦੇਖਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ ਚਾਰ ਡਾਕਟਰਾਂ- ਡਾ: ਭਗਵਾਨ ਸਿੰਘ, ਡਾ: ਪ੍ਰਤਾਪ ਸਿੰਘ, ਡਾ: ਸੰਤ ਰਾਮ ਅਤੇ ਡਾ: ਕਿਰਪਾ ਰਾਮ- ਨੇ ਜ਼ਖਮੀਆਂ ਦੀ ਸੇਵਾ ਸੰਭਾਲ ਦਾ ਕੰਮ ਸ਼ੁਰੂ ਕੀਤਾ। ਇਸ ਦਿਨ ਜ਼ਖਮੀ ਹੋਏ 40 ਅਕਾਲੀਆਂ ਅਤੇ ਪਿਛਲੇ ਦਿਨੀਂ ਜ਼ਖਮੀ ਹੋਏ ਅਕਾਲੀਆਂ ਦੀ ਮਲ੍ਹਮ-ਪੱਟੀ ਕਰਨ ਉਪਰੰਤ ਡਾਕਟਰਾਂ ਦੀ ਇਹ ਟੋਲੀ ਸ਼ਾਮ ਨੂੰ ਅੰਮ੍ਰਿਤਸਰ ਵਾਪਸ ਆ ਗਈ।

ਇਸ ਦਿਨ ਪੁਲਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਕੀਤੀ। ਇਸ ਦਿਨ ਹੋਈ ਬਾਰਸ਼ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਭਿੱਜ ਗਈ। ਪੁਲਸ ਵਾਲੇ ਆਸੇ ਪਾਸੇ ਮੰਜਿਆਂ ਉੱਤੇ ਬੈਠੇ ਹੁੱਕੇ ਪੀਂਦੇ ਰਹੇ। ਭਾਵੇਂ ਇਹ ਦੀਵਾਨ ਉਸੇ ਥਾਂ ਸਜਾਇਆ ਗਿਆ ਸੀ, ਜਿਸ ਸਥਾਨ ਉੱਤੇ ਮੱਸਿਆ ਜਾਂ ਹੋਰ ਦਿਨ ਦਿਹਾਰ ਸਮੇਂ ਅਕਸਰ ਹੀ ਦੀਵਾਨ ਸਜਾਇਆ ਜਾਂਦਾ ਸੀ, ਪਰ ਅੱਜ ਪੁਲਸ ਨੇ ਭਾਈ ਸੁਚੇਤ ਸਿੰਘ ਅਤੇ ਵਰਿਆਮ ਸਿੰਘ ਨੂੰ ਮਹੰਤ ਸੁੰਦਰ ਦਾਸ ਦੀ ਜ਼ਮੀਨ ਵਿੱਚ ਦੀਵਾਨ ਸਜਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ। ਇਸ ਦਿਨ ਕੁੱਲ ਤੀਹ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸ ਨਾਲ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 210 ਹੋ ਗਈ।

ਦੀਵਾਨ ਲਈ ਆਈ ਸੰਗਤ ਦੀ ਸੰਖਿਆ ਨੂੰ ਵੇਖ ਕੇ ਅਫ਼ਸਰ ਘਬਰਾ ਗਏ। ਇਸ ਦਿਨ ਤਾਂ ਉਹਨਾਂ ਨੇ ਤਸ਼ੱਦਦ ਕਰਕੇ ਸਿੱਖਾਂ ਨੂੰ ਖਿੰਡਾ ਦਿੱਤਾ ਪਰ ਉਹਨਾਂ ਨੂੰ ਡਰ ਸੀ ਕਿ ਅਗਲੇ ਦਿਨਾਂ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਗੁਰਦੁਆਰੇ ਪਹੁੰਚਣਗੇ। ਇਸ ਲਈ ਗੁਰਦੁਆਰਾ ਗੁਰੂ ਕੇ ਬਾਗ ਆਉਣ ਵਾਲੇ ਸਾਰੇ ਰਾਹਾਂ 'ਤੇ ਪੁਲਸ ਚੌਂਕੀਆਂ ਬੈਠਾ ਦਿੱਤੀਆਂ ਗਈਆਂ ਤਾਂ ਜੋ ਕੋਈ ਵੀ ਵਿਅਕਤੀ ਗੁਰਦੁਆਰੇ ਪਹੁੰਚ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਨਾ ਕਰ ਸਕੇ।

ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਬਾਬਾ ਕੇਹਰ ਸਿੰਘ ਪੱਟੀ ਆਪਣੇ ਜਥੇ ਸਮੇਤ ਸ਼ਾਮ ਸਮੇਂ ਗੁਰਦੁਆਰਾ ਗੁਰੂ ਕਾ ਬਾਗ ਪਹੁੰਚੇ।

**26 ਅਗਸਤ (11 ਭਾਦੋਂ, ਸ਼ਨਿਚਰਵਾਰ):**

**ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ-ਆਗੂਆਂ ਦੀ ਗ੍ਰਿਫ਼ਤਾਰੀ**

ਗੁਰਦੁਆਰਾ ਗੁਰੂ ਕਾ ਬਾਗ ਵਿੱਚ ਪੁਲਸ ਵੱਲੋਂ ਕੀਤੀ ਜਾ ਰਹੀ ਵਧੀਕੀ ਬਾਰੇ ਸੋਚ-

ਵਿਚਾਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਇਸ ਦਿਨ ਮੀਟਿੰਗ ਰੱਖੀ ਹੋਈ ਸੀ। ਪੁਲਸ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁਖੀ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਸਨ : ਸ: ਮਹਿਤਾਬ ਸਿੰਘ, ਬੈਰਿਸਟਰ ਪ੍ਰਧਾਨ; ਭਗਤ ਜਸਵੰਤ ਸਿੰਘ ਬੀ.ਏ. ਸਹਾਇਕ ਸਕੱਤਰ; ਮਾਸਟਰ ਤਾਰਾ ਸਿੰਘ ਬੀ.ਏ. ਕਾਰਜਕਾਰਨੀ ਮੈਂਬਰ; ਸ: ਸਰਮੁੱਖ ਸਿੰਘ ਝਬਾਲ-ਕਾਰਜਕਾਰਨੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ; ਸ੍ਰ: ਤੇਜਾ ਸਿੰਘ ਚੂਹੜਕਾਣਾ-ਕਾਰਜਕਾਰਨੀ ਮੈਂਬਰ ਅਤੇ ਮੀਤ-ਪ੍ਰਧਾਨ ਸ਼੍ਰੋਮਣੀ ਅਕਾਲੀ ਦਲ; ਸ੍ਰ: ਰਵੇਲ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਗੁਰਦੁਆਰਾ ਕਮੇਟੀ, ਅੰਮ੍ਰਿਤਸਰ ਦਾ ਸਕੱਤਰ। ਇਹਨਾਂ ਸਾਰਿਆਂ ਵਿਰੁੱਧ ਗੈਰ-ਕਾਨੂੰਨੀ ਇਕੱਤਰਤਾਵਾਂ, ਫ਼ਸਾਦ, ਚੋਰੀ ਆਦਿ ਲਈ ਉਕਸਾਹਟ ਪੈਦਾ ਕਰਨ ਦੇ ਦੋਸ਼ ਲਾਏ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਬਹਾਦਰ ਸ੍ਰ. ਮਹਿਤਾਬ ਸਿੰਘ ਅਤੇ ਭਗਤ ਜਸਵੰਤ ਸਿੰਘ, ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗ੍ਰਿਫ਼ਤਾਰੀ ਕਾਰਨ ਇਹ ਜ਼ਿੰਮੇਵਾਰੀ ਕ੍ਰਮਵਾਰ ਰਸਾਲਦਾਰ ਸੁੰਦਰ ਸਿੰਘ ਅਤੇ ਸ੍ਰ. ਭਾਗ ਸਿੰਘ ਨੂੰ ਸੌਂਪੀ ਗਈ।

ਇਸ ਦਿਨ ਬਾਬਾ ਕੇਹਰ ਸਿੰਘ ਪੱਟੀ ਦੀ ਗ੍ਰਿਫ਼ਤਾਰੀ ਸੰਬੰਧੀ ਵੀ ਨਾਟਕੀ ਰੌਚਿਕਤਾ ਉਤਪੰਨ ਹੋਈ। ਬਾਬਾ ਕੇਹਰ ਸਿੰਘ, ਜਿਨ੍ਹਾਂ ਦੀ ਸਿਆਣਪ, ਸਹਿਨਸ਼ੀਲਤਾ ਅਤੇ ਦੂਰਅੰਦੇਸ਼ੀ ਕਾਰਨ ਸਾਰੇ ਸਿੱਖ ਜਗਤ ਵਿੱਚ ਉਹਨਾਂ ਦਾ ਉਚਾ ਮਾਣ-ਸਤਿਕਾਰ ਬਣਿਆ ਹੋਇਆ ਸੀ, ਪਿਛਲੇ ਦਿਨ ਇੱਕ ਜਥਾ ਲੈ ਕੇ ਗੁਰਦੁਆਰਾ ਗੁਰੂ ਕਾ ਬਾਗ ਪਹੁੰਚ ਗਏ ਸਨ। ਜਦੋਂ ਇਥੇ ਤਾਇਨਾਤ ਡਿਪਟੀ ਸੁਪਰਡੰਟ ਪੁਲਿਸ ਅੰਮ੍ਰਿਤਸਰ ਮਿਸਟਰ ਬੀਟੀ ਨੂੰ ਉਹਨਾਂ ਦੇ ਇਥੇ ਆਉਣ ਬਾਰੇ ਪਤਾ ਲੱਗਾ ਤਾਂ ਉਸਨੇ ਬਾਬਾ ਜੀ ਨੂੰ ਸ਼੍ਰੋਮਣੀ ਕਮੇਟੀ ਅਤੇ ਮਹੰਤ ਦਰਮਿਆਨ ਰਾਜ਼ੀਨਾਮਾ ਕਰਵਾਉਣ ਦੀ ਅਪੀਲ ਕੀਤੀ। ਬਾਬਾ ਜੀ ਉਸ ਦੀ ਗੱਲ ਮੰਨ ਗਏ ਤਾਂ ਉਸ ਨੇ ਬਾਬਾ ਜੀ ਨੂੰ ਤਹਿਸੀਲਦਾਰ ਅਤੇ ਮਹੰਤ ਸੁੰਦਰ ਦਾਸ ਦੇ ਨਾਲ ਅੰਮ੍ਰਿਤਸਰ ਜਾਣ ਲਈ ਆਪਣੀ ਕਾਰ ਵੀ ਦੇ ਦਿੱਤੀ। ਬਾਬਾ ਜੀ ਨੇ ਕਿਹਾ ਕਿ ਕਿਉਂਕਿ ਉਹ ਘਰੋਂ ਗੁਰਦੁਆਰਾ ਗੁਰੂ ਕੇ ਬਾਗ ਦੇ ਲੰਗਰ ਲਈ ਲੱਕੜਾਂ ਕੱਟਣ ਦਾ ਪ੍ਰਣ ਕਰਕੇ ਤੁਰੇ ਸਨ, ਇਸ ਲਈ ਉਹ ਪਹਿਲਾਂ ਆਪਣਾ ਪ੍ਰਣ ਪੂਰਾ ਕਰਕੇ ਜਾਣਗੇ। ਪੁਲਸ ਅਫ਼ਸਰ ਬੀਟੀ ਨੇ ਉਹਨਾਂ ਨੂੰ ਅਜਿਹਾ ਕਰਨ ਦੀ ਆਗਿਆ ਦੇ ਦਿੱਤੀ ਅਤੇ ਉਹ ਆਪਣਾ ਪ੍ਰਣ ਨਿਭਾਉਣ ਉਪਰੰਤ ਤਹਿਸੀਲਦਾਰ ਅਤੇ ਮਹੰਤ ਸੁੰਦਰ ਦਾਸ ਨਾਲ ਅੰਮ੍ਰਿਤਸਰ ਰਵਾਨਾ ਹੋ ਗਏ। ਅੰਮ੍ਰਿਤਸਰ ਪਹੁੰਚ ਕੇ ਉਹਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਅਤੇ ਮਹੰਤ ਸੁੰਦਰ ਦਾਸ ਨੂੰ ਆਹਮੋ-ਸਾਹਮਣੇ ਬੈਠਾ ਕੇ ਸਮਝਾਇਆ ਅਤੇ ਦੋਵਾਂ ਧਿਰਾਂ ਨੂੰ ਰਾਜੀਨਾਮੇ ਲਈ ਸਹਿਮਤ ਕਰ ਲਿਆ। ਵਾਪਸੀ ਤੋਂ ਪਹਿਲਾਂ ਤਹਿਸੀਲਦਾਰ ਘਟਨਾ-ਕ੍ਰਮ ਦੇ ਇਸ ਚੰਗੇ ਪਾਸੇ ਤੁਰੇ ਨਵੇਂ ਮੋੜ ਦੀ ਜਾਣਕਾਰੀ ਡਿਪਟੀ ਕਮਿਸ਼ਨਰ ਨੂੰ ਦੇ ਕੇ ਸ਼ਾਬਾਸ਼ ਲੈਣ ਦੀ ਨੀਅਤ ਨਾਲ ਬਾਬਾ ਜੀ ਨੂੰ ਨਾਲ ਲੈ ਕੇ ਉਸ ਦੀ ਕੋਠੀ ਚਲਾ ਗਿਆ, ਜਿਥੇ ਡਿਪਟੀ ਕਮਿਸ਼ਨਰ ਨੇ ਕੁੱਝ ਦੇਰ ਗੱਲ ਬਾਤ ਸੁਣਨ ਤੋਂ ਪਿੱਛੋਂ ਬਾਬਾ ਜੀ ਅਤੇ ਮਹੰਤ ਨੂੰ ਕੋਠੀ ਤੋਂ ਬਾਹਰ ਭੇਜ ਦਿਤਾ ਅਤੇ ਪਿਛੋਂ ਤਹਿਸੀਲਦਾਰ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਆਗੂਆਂ ਦੇ ਨਾਲ ਹੀ ਬਾਬਾ ਕੇਹਰ ਸਿੰਘ ਦੀ ਗ੍ਰਿਫ਼ਤਾਰੀ ਲਈ ਵੀ ਵਾਰੰਟ ਨਿਕਲ ਚੁੱਕੇ ਹਨ। ਤਹਿਸੀਲਦਾਰ

ਨੇ ਬਾਹਰ ਆ ਕੇ ਇਹ ਗੱਲ ਬਾਬਾ ਜੀ ਨੂੰ ਦੱਸੀ। ਬਾਬਾ ਕੇਹਰ ਸਿੰਘ ਸਥਿਤੀ ਦਾ ਜਾਇਜ਼ਾ ਲੈਣ ਲਈ ਰਾਤ ਅੰਮ੍ਰਿਤਸਰ ਹੀ ਠਹਿਰੇ ਪਰ ਤਹਿਸੀਲਦਾਰ ਅਤੇ ਮਹੰਤ ਸੁੰਦਰ ਦਾਸ ਵਾਪਸ ਗੁਰੂ ਕਾ ਬਾਗ ਪਹੁੰਚੇ।

•

## 27 ਅਗਸਤ (12 ਭਾਦੋਂ, ਐਤਵਾਰ) :
## ਪੁਲਸ ਵੱਲੋਂ ਸਿੰਘਾਂ ਦੀ ਮਾਰ-ਕੁੱਟ ਆਰੰਭ

ਪਹਿਲੇ ਦਿਨਾਂ ਵਾਂਗ ਹੀ ਇਸ ਦਿਨ ਵੀ ਅਕਾਲੀ ਸਿੱਖ ਗੁਰਦੁਆਰਾ ਗੁਰੂ ਕਾ ਬਾਗ ਵਿੱਚੋਂ ਪੰਜ ਪੰਜ ਸਿੰਘਾਂ ਦੀ ਟੋਲੀ ਵਿੱਚ ਨਿਕਲ ਕੇ ਗੁਰਦੁਆਰੇ ਦੀ ਜ਼ਮੀਨ ਵਿਚੋਂ ਲੱਕੜਾਂ ਕੱਟਣ ਲਈ ਜਾਂਦੇ ਰਹੇ, ਜਿਨ੍ਹਾਂ ਨੂੰ ਪੁਲਸ ਨੇ ਬੜੀ ਬੇਰਹਿਮੀ ਨਾਲ ਕੁੱਟਿਆ। ਪੰਜਾਹ ਅਕਾਲੀ ਜ਼ਖਮੀ ਹੋਏ, ਕੁੱਝ ਕੁ ਹੋਰ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਬਾਬਾ ਕੇਹਰ ਸਿੰਘ ਪੱਟੀ, ਜੋ



ਪੁਲਿਸ ਦੀ ਮਾਰ ਖਾਣ ਲਈ ਤਿਆਰ ਹੱਥ ਜੋੜੀ ਖੜ੍ਹੇ ਤਿੰਨ ਅਕਾਲੀ।

ਵੱਡੇ ਤੜਕੇ ਅੰਮ੍ਰਿਤਸਰ ਤੋਂ ਚੱਲਕੇ ਗੁਰਦੁਆਰਾ ਗੁਰੂ ਕਾ ਬਾਗ ਪਹੁੰਚ ਚੁੱਕੇ ਸਨ, ਨੇ ਵੀ ਅੰਦੋਲਨਕਾਰੀ ਅਕਾਲੀਆਂ ਨਾਲ ਰਲ ਕੇ ਗ੍ਰਿਫ਼ਤਾਰੀ ਦਿੱਤੀ। ਪਿਛਲੇ ਦਿਨਾਂ ਵਿੱਚ ਵੀ ਪੁਲਸ ਨੇ ਇਉਂ ਹੀ ਕੁੱਝ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਇਥੇ ਹੀ ਕੰਡਿਆਲੀ ਤਾਰ ਦੀ ਵਲਗਣ ਵਿੱਚ ਰੱਖਿਆ ਹੋਇਆ ਸੀ। ਇਹ ਸਾਰੀ ਗਿਣਤੀ 96 ਸੀ। ਪੁਲਸ ਨੇ ਇਹਨਾਂ ਸਿੰਘਾਂ ਨੂੰ ਅੰਮ੍ਰਿਤਸਰ ਵੱਲ ਤੋਰ ਲਿਆ ਅਤੇ ਸਾਰੇ ਰਾਹ ਉਹਨਾਂ ਦੀ ਮਾਰ ਕੁਟਾਈ ਕਰਦੇ ਰਹੇ।

ਇਸ ਦਿਨ ਮਿਸਟਰ ਬੀਟੀ ਅਤੇ ਸਰਕਲ ਪੁਲਸ ਇੰਸਪੈਕਟਰ ਐਮ. ਅਕਰਮ ਅਲੀ ਖਾਨ ਨੇ ਰਾਜਾ ਸਾਂਸੀ ਪਿੰਡ ਦੇ ਵਸਨੀਕ ਭਾਈ ਹਰਨਾਮ ਸਿੰਘ ਸਕੱਤਰ, ਸਥਾਨਕ ਸਿੰਘ ਸਭਾ ਨੂੰ ਸੋਧਣ ਲਈ ਭਾਈ ਹਰਨਾਮ ਸਿੰਘ ਨੂੰ ਰਾਜਾ ਸਾਂਸੀ ਪਿੰਡ ਵਿੱਚੋਂ ਲੱਭ ਕੇ ਉਸ ਦੀ ਮਾਰਕੁੱਟ ਕੀਤੀ ਅਤੇ ਗੁਰੂ ਕਾ ਬਾਗ ਜਾਣ ਵਾਲੇ ਅਕਾਲੀਆਂ ਨੂੰ ਅੰਨ-ਪਾਣੀ ਛਕਾਉਣ ਲਈ ਕੋਸਿਆ। ਪੁਲਸ ਨੇ ਰਾਜਾ ਸਾਂਸੀ ਦੀਆਂ ਦੁਕਾਨਾਂ ਵਿੱਚ ਕਾਲੇ ਰੰਗ ਦੀ ਪੱਗ ਬੰਨ੍ਹੀ ਬੈਠਾ ਜੋ ਵੀ ਵਿਅਕਤੀ ਦੇਖਿਆ, ਉਸ ਦੀ ਮਾਰ-ਕੁੱਟ ਕੀਤੀ।



ਗੁਰੂ ਕਾ ਬਾਗ ਮੋਰਚੇ ਵਿਚ ਭਾਗ ਲੈਣ ਵਾਲੇ ਤਿੰਨ ਪਰੰਪਰਾਗਤ ਅਕਾਲੀ।



ਮਿਸਟਰ ਬੀਟੀ ਅਤੇ ਹੋਰ ਪੁਲਸੀਆਂ ਦੇ ਸਾਹਮਣੇ ਹੱਥ ਜੋੜੀ ਖੜ੍ਹੇ 'ਸਤਿਨਾਮ ਵਾਹਿਗੁਰੂ' ਜਪਦੇ ਅਕਾਲੀਆਂ ਦਾ ਜਥਾ



ਪੁਲਿਸ ਦੀ ਮਾਰ ਕਾਰਨ ਡਿੱਗਣ ਉਪਰੰਤ ਉਠਣ ਦਾ ਯਤਨ ਕਰਦਾ ਹੋਇਆ ਅਕਾਲੀ। ਇੱਕ ਹੋਰ ਅਕਾਲੀ ਆਪਣੀ ਮਾਰ ਕੁੱਟ ਦੀ ਵਾਰੀ ਦੀ ਉਡੀਕ ਕਰਦਿਆਂ ਪੁਲਿਸ ਦੇ ਸਾਹਮਣੇ ਖੜ੍ਹਾ ਹੈ।

## 28 ਅਗਸਤ (13 ਭਾਦੋਂ, ਸੋਮਵਾਰ) :

### ਪੁਲਸ ਦੀਆਂ ਵਧੀਕੀਆਂ; ਕਮੇਟੀ ਵੱਲੋਂ ਦੇਸ਼-ਵਾਸੀਆਂ ਨੂੰ ਅਪੀਲ

ਪਿਛਲੇ ਕੁੱਝ ਦਿਨਾਂ ਤੋਂ ਪੁਲਸ ਦੁਆਰਾ ਗੁਰਦੁਆਰਾ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੱਕੜਾਂ ਕੱਟਣ ਲਈ ਆਉਣ ਵਾਲੇ ਸਿੰਘਾਂ ਨੂੰ ਮਾਰ-ਕੁੱਟ ਕੇ ਗ੍ਰਿਫ਼ਤਾਰ ਕਰਨ ਦਾ ਸਿਲਸਿਲਾ ਜਾਰੀ ਸੀ। ਇਸ ਦਿਨ ਪੰਜਾਹ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਪੁਲਸ ਪਹਿਰੇ ਵਿੱਚ ਅੰਮ੍ਰਿਤਸਰ ਨੂੰ ਤੋਰਿਆ ਗਿਆ। ਰਾਹ ਵਿੱਚ ਅੰਮ੍ਰਿਤਸਰ ਵੱਲੋਂ ਆ ਰਹੇ ਸ੍ਰ: ਤੇਜਾ ਸਿੰਘ ਸਮੁੰਦਰੀ ਨੂੰ ਵੇਖ ਕੇ ਸਿੰਘਾਂ ਨੇ ਜੈਕਾਰੇ ਬੁਲਾਉਣੇ ਸ਼ੁਰੂ ਕਰ ਦਿੱਤੇ। ਪੁਲਸ ਨੇ ਸਿੰਘਾਂ ਨੂੰ ਚੁੱਪ ਰਹਿਣ ਦੀ ਵਾਰ ਵਾਰ ਤਾੜਨਾ ਕੀਤੀ ਪਰ ਜਥੇ ਨੇ ਬੇਪਰਵਾਈ ਵਿਖਾਉਂਦਿਆਂ ਜੈਕਾਰੇ ਗਜਾਉਣੇ ਅਤੇ ਸ਼ਬਦ ਪੜ੍ਹਨੇ ਜਾਰੀ ਰੱਖੇ। ਪੁਲਸ ਨੇ ਚੇੜ੍ਹ ਵਿਚ ਆ ਕੇ ਸਿੰਘਾਂ ਦੀਆਂ ਪਗੜੀਆਂ ਉਤਾਰ ਕੇ ਉਹਨਾਂ ਨਾਲ ਹੀ ਸਿੰਘਾਂ ਦੇ ਮੂੰਹ ਬੰਨ੍ਹ ਦਿੱਤੇ ਪਰ ਸਿੰਘ ਫਿਰ ਵੀ ਸ਼ਬਦ ਉਚਾਰਨ ਕਰਦੇ ਰਹੇ।

ਪੁਲਸ ਦੀਆਂ ਵਧੀਕੀਆਂ ਨੂੰ ਜੱਗ-ਜਾਹਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਐਲਾਨ ਰਾਹੀਂ ਦੇਸ਼-ਵਾਸੀਆਂ ਨੂੰ ਇਹ ਅਪੀਲ ਕੀਤੀ ਗਈ : "ਇਸ ਅਜਮੈਸ਼ ਦੇ ਵੇਲੇ ਅਸ਼ੀਂ ਤੁਹਾਡੇ ਕੋਲੋਂ ਇਸ ਤੋਂ ਵੱਧ ਹੋਰ ਮੰਗ ਨਹੀਂ ਕਰਦੇ ਕਿ ਤੁਸੀਂ ਆਓ ਅਤੇ ਗੁਰੂ ਦੇ ਬਾਗ ਵਿੱਚ ਚੱਲ ਰਹੇ ਆਦਰਸ਼ਕ ਸ਼ਾਂਤਮਈ ਰੂਹਾਨੀ ਸੰਗਰਾਮ ਨੂੰ ਆਪਣੀਆਂ ਅੱਖਾਂ ਨਾਲ ਦੇਖੋ ਤਾਂ ਜੋ ਚਾਲਾਕ ਨੌਕਰਸ਼ਾਹੀ ਦੇ ਹੱਥੋਂ ਗਲਤ-ਫ਼ਹਿਮੀਆਂ ਦੀ ਸੰਭਾਵਨਾ ਤੋਂ ਬਚਿਆ ਜਾ ਸਕੇ।"

ਪੁਲਸ ਨੇ ਗੁਰਦੁਆਰਾ ਗੁਰੂ ਕਾ ਬਾਗ ਨੂੰ ਜਾਣ ਵਾਲੇ ਸਾਰੇ ਰਸਤਿਆਂ ਦੀ ਮੁਕੰਮਲ ਨਾਕਾਬੰਦੀ ਕੀਤੀ ਹੋਈ ਸੀ। ਕਿਸੇ ਨੂੰ ਨਾ ਤਾਂ ਗੁਰਦੁਆਰਾ ਗੁਰੂ ਕਾ ਬਾਗ ਵੱਲੋਂ ਆਉਂਣ ਦੀ ਆਗਿਆ ਦਿੱਤੀ ਜਾਂਦੀ ਸੀ ਅਤੇ ਨਾ ਕਿਸੇ ਨੂੰ ਗੁਰਦੁਆਰੇ ਵੱਲ ਜਾਣ ਦੀ। ਅੰਮ੍ਰਿਤਸਰ ਤੋਂ ਡਾਕਟਰ ਗੁਰਬਖਸ਼ ਸਿੰਘ ਅਤੇ ਡਾਕਟਰ ਪਾਲ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਪੁਲਸ ਦੀ ਕੁੱਟ-ਮਾਰ ਕਾਰਨ ਜ਼ਖਮੀ ਹੋਏ ਸਿੰਘਾਂ ਦੀ ਮਲਮ-ਪੱਟੀ ਕਰਨ ਲਈ ਜਾਣਾ ਚਾਹੁੰਦੇ ਸਨ ਪਰ ਪੁਲਸ ਨੇ ਰਸਤੇ ਵਿਚੋਂ ਹੀ ਮੋੜ ਦਿੱਤੇ। ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰੋਫੈਸਰ ਰਾਜਿੰਦਰ ਸਿੰਘ ਗੁਰੂ ਕਾ ਬਾਗ ਜਾਣ ਦੀ ਕੋਸ਼ਿਸ਼ ਕਰਦਾ ਪੁਲਸ ਨੇ ਰਾਜਾ ਸਾਂਸੀ ਦੇ ਤਾਂਗਾ ਸਟੈਂਡ ਨੇੜੇ ਕੁੱਟ ਧਰਿਆ। ਰਾਜਾ ਸਾਂਸੀ ਦੇ ਕੁੱਝ ਵਸਨੀਕਾਂ ਨੇ ਪਿੰਡ ਵਿਚ ਦੀ ਲੰਘ ਕੇ ਗੁਰਦੁਆਰਾ ਗੁਰੂ ਕਾ ਬਾਗ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਛਬੀਲ ਲਾਈ ਹੋਈ ਸੀ। ਪੁਲਸ ਨੇ ਛਬੀਲ ਦੇ ਸੇਵਾਦਾਰਾ ਭਾਈ ਰਾਮ ਸਿੰਘ, ਹਰਨਾਮ ਸਿੰਘ, ਬੇਲਾ ਸਿੰਘ ਅਤੇ ਹਰਨਾਮ ਸਿੰਘ ਨੂੰ ਕੁੱਟਿਆ ਅਤੇ ਛਬੀਲ ਦੀ ਭੰਨ ਤੋੜ ਕੀਤੀ। ਇਸ ਦਿਨ ਪੁਲਸ ਨੇ ਪਿੰਡ ਮਾਂਗਟਾਂ ਵਾਲੀ ਦੀ ਵਸਨੀਕ ਅੰਮ੍ਰਿਤਧਾਰੀ ਬੀਬੀ ਆਗਿਆ ਕੌਰ ਅਤੇ ਪਿੰਡ ਲਸ਼ਕਰੀ ਨੰਗਲ ਦੀ ਇਕ ਹੋਰ ਬੀਬੀ ਦੀ ਬੇਪਤੀ ਕੀਤੀ। ਬੀਬੀ ਆਗਿਆ ਕੌਰ ਦਾ ਪਤੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਪਿਛਲੇ ਦਿਨੀਂ ਪੁਲਸ-ਵਧੀਕੀ ਕਾਰਨ ਜ਼ਖਮੀ ਹੋ ਗਿਆ ਸੀ ਅਤੇ ਉਹ ਆਪਣੇ ਪਤੀ ਦੀ ਖਬਰ-ਸਾਰ ਲੈਣ ਲਈ ਉੱਥੇ ਜਾ ਰਹੀ ਸੀ।

## 29 ਅਗਸਤ (14 ਭਾਦੋਂ, ਮੰਗਲਵਾਰ) :
## 'ਗੁਰੂ ਕਾ ਬਾਗ' ਵੱਲ ਜਥੇ ਜਾਣੇ ਸ਼ੁਰੂ

ਪਲਸ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਨੂੰ ਜਾਣ ਵਾਲੇ ਸਾਰੇ ਰਸਤਿਆਂ ਦੀ ਨਾਕਾਬੰਦੀ ਕੀਤੀ ਹੋਣ ਕਾਰਨ ਗੁਰਦੁਆਰੇ ਦੀ ਜ਼ਮੀਨ ਵਿੱਚ ਖੜ੍ਹੇ ਦਰੱਖਤਾਂ ਤੋਂ ਗੁਰਦੁਆਰਾ ਲੰਗਰ ਲਈ ਲੱਕੜਾਂ ਕੱਟਣ ਦੇ ਆਪਣੇ ਅਧਿਕਾਰ ਨੂੰ ਮਨਾਉਣ ਲਈ ਗ੍ਰਿਫ਼ਤਾਰੀਆਂ ਦੇਣ ਵਾਸਤੇ ਸਿੰਘ ਪਿਛਲੇ ਦਿਨੀਂ ਲੁਕ ਛਿਪ ਕੇ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਦੇ ਰਹੇ ਪਰ ਇਸ ਦਿਨ ਤੋਂ ਖੁੱਲਮ-ਖੁੱਲਾ ਗੁਰਦੁਆਰਾ ਗੁਰੂ ਕਾ ਬਾਗ ਜਾਣ ਦਾ ਐਲਾਨ ਕੀਤਾ ਗਿਆ। ਫਲਸਰੂਪ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਤੋਂ ਇਕ ਸੌ ਸਿੰਘਾਂ, ਜੋ ਮਾਲਵੇ ਤੋਂ ਆਏ ਸਨ, ਦਾ ਜਥਾ ਗੁਰਦੁਆਰਾ ਗੁਰੂ ਕਾ ਬਾਗ ਜਾਣ ਲਈ ਜਥੇਦਾਰ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਤਿੰਨ ਵਜੇ ਬਾਅਦ ਦੁਪਹਿਰ ਵੇਲੇ ਰਵਾਨਾ ਹੋਇਆ। 'ਇਹ ਜਨਮ ਤੁਮਹਾਰੇ ਲੇਖੇ' ਸ਼ਬਦ ਦਾ ਗਾਇਨ ਕਰਦੇ ਜਥੇ ਨੂੰ ਰਾਜਾ ਸਾਂਸੀ ਵਿਖੇ ਸਥਾਪਤ ਕੀਤੀ ਪੁਲਸ ਚੌਂਕੀ ਉਤੋਂ ਅੱਗੇ ਲੰਘ ਜਾਣ ਦਿੱਤਾ ਗਿਆ। ਰਸਤੇ ਵਿੱਚ ਹੀ ਸੂਰਜ ਅਸਤ ਹੋ ਜਾਣ ਕਾਰਨ ਜਥੇ ਨੇ ਰਾਤ ਸਮੇਂ ਗੁਰਦੁਆਰਾ 'ਗੁਰੂ ਕਾ ਬਾਗ', ਜਿਸਨੂੰ ਪੁਲਸ ਨੇ ਆਪਣੇ ਘੇਰੇ ਵਿੱਚ ਲੈ ਰੱਖਿਆ ਸੀ, ਪਹੁੰਚਣਾ ਠੀਕ ਨਾ ਸਮਝਦਿਆਂ ਰਾਤ ਬਤੀਤ ਕਰਨ ਲਈ ਅਪਰ ਬਾਰੀ ਦੁਆਬ ਨਹਿਰ ਦੇ ਰਾਣੀ ਦੇ ਪੁਲ (ਰਾਣੀ ਵਾਲਾ ਬੰਗਲਾ) ਨੇੜੇ ਦਰਖ਼ਤਾਂ ਹੇਠ ਹੀ ਡੇਰੇ ਲਾ ਦਿੱਤੇ। ਪੁਲਸ ਨੇ ਰਾਤ ਸਮੇਂ ਸੁੱਤੇ ਪਏ ਸਿੰਘਾਂ ਉੱਤੇ ਲਾਠੀਆਂ ਦਾ ਮੀਂਹ ਵਰ੍ਹਾ ਦਿੱਤਾ। ਇਸ ਕੁੱਟ-ਮਾਰ ਵਿੱਚ ਤੀਹ ਸਿੰਘ ਜ਼ਖਮੀ ਹੋਏ।

ਕਮਿਸ਼ਨਰ ਲਾਹੌਰ ਡਵੀਜਨ ਮਿਸਟਰ ਐਚ. ਐਸ. ਕ੍ਰੋਚ ਨੇ ਪੰਜਾਬ ਸਰਕਾਰ ਨੂੰ ਰੀਪੋਰਟ ਭੇਜੀ ਕਿ ਗੁਰੂ ਕੇ ਬਾਗ ਵਿੱਚ ਵਰਤਮਾਨ ਹਾਲਤ ਕੋਈ ਦੋ ਜਾਂ ਤਿੰਨ ਹਫ਼ਤੇ ਰਹੇਗੀ। ਇਸ ਵਿੱਚ ਸਰਕਾਰ ਦਾ ਕੋਈ ਹਰਜ ਨਹੀਂ ਹੋਣਾ ਅਤੇ ਅਕਾਲੀ ਕੁੱਝ ਸਮੇਂ ਪਿੱਛੋਂ ਅੱਕ ਥੱਕ ਕੇ ਅੰਤ ਖਿੰਡ ਪੁੰਡ ਜਾਣਗੇ।



ਅਕਾਲ ਤਖਤ ਉਤੇ ਸ਼ਾਂਤਮਈ ਰਹਿਣ ਦਾ ਪ੍ਰਣ ਕਰਨ ਉਪਰੰਤ ਗੁਰਦੁਆਰਾ ਗੁਰੂ ਕਾ ਬਾਗ ਲਈ ਰਵਾਨਾ ਹੋਣ ਤੋਂ ਪਹਿਲਾਂ ਅਕਾਲੀ ਜਥਾ

## 30 ਅਗਸਤ (15 ਭਾਦੋਂ, ਬੁੱਧਵਾਰ) :

## 'ਨਿਧੜਕ ਅਕਾਲੀ ਜਥਾ' ਫੀਰੋਜ਼ਪੁਰ ਦੀ ਮਾਰ-ਕੁਟਾਈ

ਅੰਗਰੇਜ਼ ਸਰਕਾਰ ਦੀ ਸਖਤੀ ਦਾ ਸ਼ਾਂਤਮਈ ਰਹਿ ਕੇ ਮੂੰਹ ਮੋੜਨ ਲਈ ਅਕਾਲੀ ਆਗੂਆਂ ਨੇ ਜ਼ਿਲਾਵਾਰ ਜਥੇ ਭੇਜਣ ਦੀ ਯੋਜਨਾ ਉਲੀਕ ਲਈ ਸੀ। ਇਸ ਅਨੁਸਾਰ ਇਸ ਦਿਨ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਫਿਰੋਜ਼ਪੁਰ ਦਾ ਜਥਾ ਸਤਿਆਗ੍ਰਹਿ ਲਈ ਰਵਾਨਾ ਹੋਇਆ। ਜਥੇ ਦੀ ਰਵਾਨਗੀ ਸਮੇਂ ਭਾਸ਼ਨ ਦਿੰਦਿਆਂ ਸੁਆਮੀ ਸ਼ਰਧਾ ਨੰਦ ਨੇ ਅਕਾਲੀ ਵਲੰਟੀਅਰਾਂ ਵੱਲੋਂ ਖੁਸ਼ੀ ਖੁਸ਼ੀ ਸਰਕਾਰੀ ਜਬਰ ਸਹਿਣ ਕਰਨ ਦੀ ਪ੍ਰਸੰਸਾ ਕਰਦਿਆਂ ਉਹਨਾਂ ਦੀ ਜਿੱਤ ਦੀ ਕਾਮਨਾ ਕੀਤੀ। ਫਿਰੋਜਪੁਰੀ ਸਿੰਘ ਪਹਿਲਾਂ ਵੀ ਗੁਰਦੁਆਰਾ ਸੁਧਾਰ ਲਹਿਰ ਵਿਚ ਮੋਹਰੈਲ ਸਨ। ਇਸ ਲਈ ਉਹਨਾਂ ਦੇ ਜਥੇ ਨੂੰ 'ਨਿਧੜਕ ਅਕਾਲੀ ਜਥਾ' ਆਖਿਆ ਜਾਂਦਾ ਸੀ। ਜਦੋਂ ਇਹ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਵੇਰੇ ਸੱਤ ਵਜੇ ਭਾਈ ਬਦਨ ਸਿੰਘ ਦੀ ਅਗਵਾਈ ਵਿੱਚ ਚੱਲਦਾ ਪਿੰਡ ਛੀਨੇ ਦੇ ਨੇੜੇ ਨਹਿਰ ਦੀ ਪੁਲੀ ਉੱਤੇ ਪੁੱਜਾ ਤਾਂ ਉਥੇ ਪੁਲਸ ਦੀ ਰੋਕ ਕਾਰਨ ਰੁਕ ਗਿਆ। ਪੁਲਸ ਅਫਸਰਾਂ ਨੇ ਜਥੇ ਨੂੰ ਵਾਪਸ ਮੋੜਨ ਲਈ ਬੜਾ ਜ਼ੋਰ ਲਾਇਆ ਪਰ ਜਥਾ ਗੁਰਦੁਆਰਾ ਗੁਰੂ ਕੇ ਬਾਗ ਪੁੱਜਣ ਦੀ ਜ਼ਿਦ ਉੱਤੇ ਅੜਿਆ ਰਿਹਾ। ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਪੁਲਸ ਨੇ ਡਾਗਾਂ ਦੀ ਮਾਰ ਕੁਟਾਈ ਕਰਨੀ ਸ਼ੁਰੂ ਕਰ ਦਿੱਤੀ। ਡਾਂਗ ਦੀ ਸੱਟ ਨਾਲ ਡਿਗਿਆ ਕੋਈ ਵੀ ਸਿੱਖ ਜਦੋਂ ਉਠ ਕੇ ਖੜ੍ਹਾ ਹੁੰਦਾ ਤਾਂ ਪੁਲਸ ਵਾਲੇ ਫੇਰ ਕੁੱਟਣਾ ਸ਼ੁਰੂ ਕਰ ਦਿੰਦੇ। ਪੁਲਸ ਵੱਲੋਂ ਧਾਰਨ ਕੀਤੀ ਹਿੰਸਾ ਦੀ ਨੀਤੀ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰ ਰੋਜ਼ ਜਥੇ ਦੇ ਲਾਲ ਐਂਬੂਲੰਸ ਅਤੇ ਡਾਕਟਰੀ ਟੀਮ ਭੇਜਣ ਦਾ ਪ੍ਰਬੰਧ ਕਰ ਲਿਆ ਸੀ ਜੋ ਫੱਟੜਾਂ ਨੂੰ ਗੱਡੀਆਂ ਵਿੱਚ ਪਾ ਕੇ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕਾ ਬਾਗ ਵਿਖੇ ਸਥਾਪਤ ਕੀਤੇ ਆਰਜ਼ੀ ਹਸਪਤਾਲ ਵਿਚ ਇਲਾਜ ਲਈ ਲੈ ਕੇ ਆਉਂਦੇ।

ਪੁਲਸ ਦੀ ਮਾਰ-ਕੁੱਟ ਝੱਲਣ ਉਪਰੰਤ ਕੁੱਝ ਅਕਾਲੀ ਸਿੱਖ ਅਗੇ ਵੱਲ ਗਏ ਅਤੇ ਰਾਣੀ ਦੇ ਪੁਲ ਉੱਤੇ ਕਲ੍ਹ ਸ਼ਾਮ ਤੋਂ ਰੋਕੇ ਜਥੇ ਨਾਲ ਜਾ ਰਲੇ। ਇਉਂ ਇਹ ਰਲਿਆ ਮਿਲਿਆ ਜਥਾ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਣ ਵਿੱਚ ਸਫਲ ਹੋਇਆ।

ਜਥੇ ਦੇ ਜ਼ਖਮੀ ਸਿੰਘ ਦਰਬਾਰ ਸਾਹਿਬ, ਗੁਰੂ ਅਰਜਨ ਦੇਵ ਜੀ ਵਿੱਚ ਮੱਥਾ ਟੇਕਣ ਉਪਰੰਤ ਪੰਜ ਪੰਜ ਦੀ ਟੋਲੀ ਵਿੱਚ ਇੱਥੋਂ ਉਤਰ-ਪੂਰਬ ਦੇ ਰਸਤੇ ਕਿੱਕਰਾਂ ਦੇ ਝੁੰਡ ਵੱਲ ਜਾਂਦੇ ਹੋਏ ਰਾਹ ਵਿਚ ਪੈਂਦੇ ਪਿੱਪਲ ਨੇੜੇ ਪੁਲਸ ਦੁਆਰਾ ਬੇਰਹਿਮੀ ਨਾਲ ਕੁੱਟੇ ਗਏ। ਕੁੱਟ ਕਾਰਨ ਬੇਹੋਸ਼ ਹੋਏ ਸਿੰਘਾਂ ਨੂੰ ਡਾ: ਪਾਲ ਅਤੇ ਉਸਦੀ ਸਹਾਇਤਾ ਕਰ ਰਹੇ ਸਕਾਊਟਾ ਨੇ ਸੰਭਾਲਿਆ।




ਸ੍ਰੀ ਅਕਾਲ ਤਖਤ, ਅੰਮ੍ਰਿਤਸਰ ਤੋਂ ਚੱਲ ਕੇ 30 ਅਗਸਤ, 1922 ਨੂੰ ਗੁਰੂ ਕਾ ਬਾਗ ਪਹੁੰਚਿਆ ਜਥਾ ਗੁਰਦਵਾਰੇ ਦੀ ਇਮਾਰਤ ਨੇੜੇ।




ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲ ਕੇ 30 ਅਗਸਤ, 1922 ਨੂੰ ਗੁਰੂ ਕਾ ਬਾਗ ਪਹੁੰਚਿਆ ਜਥਾ ਗੁਰਦਵਾਰੇ ਅੰਦਰ ਦਾਖਲ ਹੁੰਦਾ ਹੋਇਆ।



30 ਅਗਸਤ, 1922 ਨੂੰ ਪੁਲਿਸ ਦੀ ਸਖ਼ਤ ਮਾਰ ਕਾਰਨ ਧਰਤੀ ਉਤੇ ਬੇਹੋਸ਼ ਹੋ ਕੇ ਡਿੱਗੇ ਤਿੰਨ ਅਕਾਲੀ, ਚੌਥਾ ਅਕਾਲੀ ਦੂਰ ਪੁਲਸ ਦੇ ਨੇੜੇ ਖੜ੍ਹਾ ਹੈ।



30 ਅਗਸਤ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਦੇ ਭੰਨੇ ਹੋਏ ਇੱਕ ਅਕਾਲੀ ਨੂੰ ਹੋਰ ਕੁੱਟਿਆ ਜਾ ਰਿਹਾ ਹੈ।



30, ਅਗਸਤ 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਬੇਹੋਸ਼ ਹੋ ਕੇ ਡਿੱਗੇ ਇੱਕ ਅਕਾਲੀ ਨੂੰ ਘਸੀਟਿਆ ਜਾ ਰਿਹਾ ਹੈ। ਦਰਖਤ ਦੇ ਨੇੜੇ ਮਿਸਟਰ ਬੀਟੀ ਖੜ੍ਹਾ ਹੈ।

ਗੁਰਦੁਆਰਾ ਗੁਰੂ ਕਾ ਬਾਗ ਵਿਖੇ ਹੁੰਦੀ ਮਾਰ ਕੁਟਾਈ ਕਾਰਨ ਜ਼ਖਮੀ ਹੋਣ ਵਾਲੇ ਅਕਾਲੀਆਂ ਨੂੰ ਇਲਾਜ ਲਈ ਅੰਮ੍ਰਿਤਸਰ ਭੇਜੇ ਜਾਣ ਤੋਂ ਪਹਿਲਾਂ ਮੁਢਲੀ ਡਾਕਟਰੀ ਸਹਾਇਤਾ ਦੇਣ ਲਈ ਇਸ ਗੁਰਦੁਆਰੇ ਵਿਖੇ ਵੀ ਇੱਕ ਆਰਜ਼ੀ ਹਸਪਤਾਲ ਖੋਲ ਦਿੱਤਾ ਗਿਆ ਸੀ।

ਹੁਣ ਤੱਕ ਲਗਪਗ 4,000 ਅਕਾਲੀ ਗੁਰਦੁਆਰਾ ਗੁਰੂ ਕਾ ਬਾਗ ਪਹੁੰਚ ਚੁੱਕੇ ਸਨ। ਉਤਸ਼ਾਹ ਏਨਾ ਸੀ ਕਿ ਸੰਗਤ ਨੇ ਸਰੋਵਰ ਅਤੇ ਦਰਬਾਰ ਸਾਹਿਬ ਦੇ ਫਰਸ਼ ਦੀ ਮੁਰੰਮਤ ਲਈ ਕਾਰ ਸੇਵਾ ਸ਼ੁਰੂ ਕਰ ਦਿੱਤੀ।

## 31 ਅਗਸਤ (16 ਭਾਦੋਂ, ਵੀਰਵਾਰ) :

## ਗੜਗੱਜ ਅਕਾਲੀ ਜਥਾ, ਤਰਨਤਾਰਨ ਦੀ ਵਾਰੀ

ਪਹਿਲੇ ਦਿਨਾਂ ਵਾਂਗ ਅੱਜ ਵੀ ਪੰਜ ਪੰਜ ਦੀ ਟੋਲੀ ਵਿਚ ਗੁਰਦੁਆਰਾ ਗੁਰੂ ਕਾ ਬਾਗ ਦੇ ਲੰਗਰ ਲਈ ਕਿੱਕਰਾਂ ਦਾ ਬਾਲਣ ਲੈਣ ਜਾ ਰਹੇ ਅਕਾਲੀਆਂ ਨੂੰ ਪੁਲਸ ਨੇ ਡਾਂਗਾ ਦੀ ਮਾਰ ਮਾਰੀ। ਜ਼ਖਮੀ ਅਕਾਲੀਆਂ ਦੀ ਦੇਖ ਭਾਲ ਕਰਨ ਲਈ ਡਾ: ਨੰਦ ਨਾਲ ਅਤੇ ਕੁੱਝ ਸਕਾਊਟ ਡਿਊਟੀ ਉੱਤੇ ਸਨ।



31 ਅਗਸਤ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਖਾਣ ਤੋਂ ਪਹਿਲਾਂ ਦੋ ਅਕਾਲੀ ਪੁਲਿਸ ਦੇ ਸਾਹਮਣੇ ਜ਼ਮੀਨ ਉਤੇ ਬੈਠੇ ਹਨ ਅਤੇ ਇੱਕ ਹੱਥ ਜੋੜੀ ਪੁਲਿਸ ਦੇ ਸਾਹਮਣੇ ਖੜ੍ਹਾ ਹੈ। ਮਿਸਟਰ ਬੀਟੀ ਵੀ ਦਿਖਾਈ ਦੇ ਰਿਹਾ ਹੈ।



31 ਅਗਸਤ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਧਰਤੀ ਉਤੇ ਡਿੱਗੇ ਪਏ ਅਕਾਲੀ ਮੁੜ ਉਠ ਰਹੇ ਹਨ। ਡਿੱਗੇ ਪਏ ਇੱਕ ਅਕਾਲੀ ਨੂੰ ਪੁਲਿਸ ਦੁਆਰਾ ਪਾਣੀ ਦੇ ਛੱਪੜ ਵਿਚ ਸੁੱਟਣ ਲਈ ਧੂਹ ਕੇ ਲਿਜਾਇਆ ਜਾ ਰਿਹਾ ਹੈ।



31 ਅਗਸਤ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਬੇਹੋਸ਼ ਹੋਏ ਮੂਧੇ ਮੂੰਹ ਡਿੱਗੇ ਪਏ ਚਾਰ ਅਕਾਲੀ। ਇਹਨਾਂ ਵਿਚੋਂ ਇੱਕ ਨੂੰ ਇੱਕ ਪੁਲਸੀਆ ਧੂਹ ਕੇ ਲਿਜਾ ਰਿਹਾ ਹੈ ਅਤੇ ਇੱਕ ਹੋਰ ਦੇ ਗੁਪਤ ਅੰਗ ਉਤੇ ਪੁਲਸੀਆ ਲਾਠੀ ਦੀਆਂ ਚੋਟਾਂ ਮਾਰ ਰਿਹਾ ਹੈ।



31 ਅਗਸਤ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਬੇਹੋਸ਼ ਹੋ ਕੇ ਡਿੱਗੇ ਪਏ ਪੰਜ ਅਕਾਲੀ।

ਇਸ ਦਿਨ ਸੱਤਿਆਗ੍ਰਹਿ ਲਈ ਜ਼ਿਲ੍ਹਾ ਅੰਮ੍ਰਿਤਸਰ ਦੇ ਜਥੇ ਦੀ ਵਾਰੀ ਲੈਣ ਲਈ ਗੜਗੱਜ ਅਕਾਲੀ ਜਥਾ ਤਰਨਤਾਰਨ ਅੱਗੇ ਆਇਆ। ਇਸ ਜਥੇ ਦੇ ਸਿੰਘ ਪਹਿਲਾਂ ਵੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਨਿੱਡਰਤਾ ਨਾਲ ਭਾਗ ਲੈਂਦੇ ਰਹੇ ਸਨ ਅਤੇ ਇਸ ਜਥੇ ਦਾ ਨਾਮ ਗੜਗੱਜ ਅਕਾਲੀ ਜਥਾ ਪ੍ਰਸਿੱਧ ਸੀ। 120 ਸਿੰਘਾਂ ਦੇ ਇਸ ਜਥੇ ਦੀ ਅਗਵਾਈ ਭਾਈ ਨਰੈਣ ਸਿੰਘ ਵਾਸੀ ਪੰਡੋਰੀ ਗੋਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਹੱਥ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਚਨ ਅਤੇ ਕਰਮ ਕਰਕੇ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਤੁਰੇ ਇਸ ਜਥੇ ਨੂੰ ਪੁਲਸ ਨੇ ਅੰਮ੍ਰਿਤਸਰ ਕਚਹਿਰੀਆਂ ਤੋਂ ਅੱਗੇ ਲਗਪਗ ਇਕ ਮੀਲ ਦੀ ਦੂਰੀ ਉੱਤੇ ਗੁਮਟਾਲੇ ਦੇ ਨਿਕਾਸੂ ਪੁਲ ਉੱਤੇ ਘੇਰ ਲਿਆ। ਘੋੜ ਸਵਾਰ ਪੁਲਸ ਨੇ ਸਿੰਘਾਂ ਨੂੰ ਰੋਕਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਸਿੰਘ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਆਪਣੇ ਰਸਤੇ ਉੱਤੇ ਚੱਲਦੇ ਰਹੇ। ਗੁੱਸੇ ਵਿਚ ਆਈ ਪੁਲਸ ਨੇ ਅੰਨੇਵਾਹ ਡਾਂਗ ਫੇਰਨੀ ਸ਼ੁਰੂ ਕਰ ਦਿੱਤੀ। ਫਲਸਰੂਪ 18 ਅਕਾਲੀ ਫੱਟੜ ਹੋਏ। ਜਥੇਦਾਰ ਭਾਈ ਨਰੈਣ ਸਿੰਘ ਦਾ ਕੰਨ ਦੁਫਾੜ ਹੋ ਗਿਆ। ਜ਼ਖ਼ਮੀ ਸਿੰਘਾਂ ਨੂੰ ਐਂਬੂਲੰਸ ਦੀ ਮੱਦਦ ਨਾਲ ਹਸਪਤਾਨ ਲਿਆਂਦਾ ਗਿਆ ਪਰ ਬਾਕੀਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤੇ ਦੱਸ ਕੇ ਕਚਹਿਰੀਆਂ ਵਿੱਚ ਲਿਆ ਬਿਠਾਇਆ। ਸ਼ਾਮ ਦਾ ਵੇਲਾ ਹੋ ਗਿਆ ਸੀ, ਇਸ ਲਈ ਜਥੇ ਨੇ ਸ਼ਾਮ ਵੇਲੇ ਦਾ ਨਿੱਤਨੇਮ ਕਰਨਾ ਸ਼ੁਰੂ ਕਰ ਦਿੱਤਾ। ਪੁਲਸ ਵਾਲੇ ਅਛੋਪਲੇ ਹੀ ਉਥੋਂ ਖਿਸਕ ਗਏ।

ਪਿਛਲੇ ਲਗਪਗ ਇਕ ਹਫ਼ਤੇ ਤੋਂ ਗੁਰਦੁਆਰਾ ਗੁਰੂ ਕਾ ਬਾਗ ਅਤੇ ਰਸਤੇ ਵਿਚ ਪੁਲਸ ਦੀ ਮਾਰ ਕੁੱਟਾਈ ਕਾਰਨ ਅਕਾਲੀਆਂ ਦਾ ਜ਼ਖਮੀ ਹੋਣਾ ਨਿਰੰਤਰ ਜਾਰੀ ਸੀ। ਇਹਨਾਂ ਜ਼ਖਮੀਆਂ ਦੀ ਦੇਖ ਭਾਲ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਹੀ ਗੁਰੂ ਕਾ ਬਾਗ ਵਿਖੇ ਆਰਜ਼ੀ ਹਸਪਤਾਲ ਸਥਾਪਤ ਕੀਤਾ ਗਿਆ ਸੀ। ਇੱਥੇ ਦਾਖ਼ਲ ਕਰਵਾਏ ਗਏ ਜ਼ਖਮੀਆਂ ਦੀ ਗਿਣਤੀ ਅੱਜ ਲਗਪਗ ਦੋ ਸੌ ਹੋ ਗਈ।

ਲਾਹੌਰ ਸ਼ਹਿਰੀ ਕਾਂਗਰਸ ਕਮੇਟੀ ਨੇ ਮੀਟਿੰਗ ਕਰਕੇ ਪੁਲਸ ਦੇ ਜਬਰ-ਜ਼ੁਲਮ ਕਰਨ ਦਾ ਸ਼ਿਕਾਰ ਹੋ ਰਹੇ ਅਕਾਲੀਆਂ ਨਾਲ ਹਮਦਰਦੀ ਪ੍ਰਗਟਾਈ ਅਤੇ ਸਰਕਾਰੀ ਹਿੰਸਾ ਦਾ ਅਹਿੰਸਕ ਰਹਿ ਕੇ ਮੁਕਾਬਲਾ ਕਰਨ ਉੱਤੇ ਉਹਨਾਂ ਨੂੰ ਵਧਾਈ ਦਿੱਤੀ।

**1 ਸਤੰਬਰ (17 ਭਾਦੋਂ, ਸ਼ੁਕਰਵਾਰ) :**

**ਸੈਂਟ੍ਰਲ ਖਾਲਸਾ ਦੀਵਾਨ ਵੱਲੋਂ ਗ੍ਰਿਫ਼ਤਾਰੀਆਂ; ਜ਼ਖਮੀ ਸਿੱਖਾਂ ਉੱਤੇ ਘੋੜੇ ਚੜ੍ਹਾਏ**

ਗੁਰਦੁਆਰਾ ਗੁਰੂ ਕਾ ਬਾਗ ਵਿਖੇ ਜ਼ਖਮੀ ਅਕਾਲੀਆਂ ਦੀ ਦੇਖ ਭਾਲ ਕਰਨ ਵਾਲੇ ਭਾਈ ਨੰਦ ਲਾਲ ਅਤੇ ਸਕਾਊਟ ਦਿਨ ਚੜ੍ਹੇ, ਇਸ਼ਨਾਨ-ਪਾਣੀ ਲਈ ਗੁਰਦੁਆਰੇ ਤੋਂ ਹਟਵੀਂ ਵਗ ਰਹੀ ਨਹਿਰ ਉੱਤੇ ਗਏ। ਪੁਲਸ ਨੇ ਉਹਨਾਂ ਨੂੰ ਵਾਪਸ ਗੁਰਦੁਆਰੇ ਦੇ ਅੰਦਰ ਜਾਣ ਦੀ ਆਗਿਆ ਨਾ ਦਿੱਤੀ।

ਇਸ ਦਿਨ ਸੈਂਟ੍ਰਲ ਖਾਲਸਾ ਦੀਵਾਨ ਅਰਥਾਤ ਸ਼ਿਰੋਮਣੀ ਪੰਥ ਮਿਲਾਉਣੀ ਜਥਾ, ਮਾਝਾ ਨੇ ਸਤਿਆਗ੍ਰਹਿ ਦੀ ਵਾਰੀ ਲਈ। ਭਾਈ ਠਾਕਰ ਸਿੰਘ ਪਿੰਡ ਢੰਡ, ਜ਼ਿਲ੍ਹਾ ਅੰਮ੍ਰਿਤਸਰ ਅਤੇ ਭਾਈ ਵਧਾਵਾ ਸਿੰਘ, ਨਿਵਾਸੀ ਪਿੰਡ ਭਸੀਨ, ਜ਼ਿਲਾ ਲਾਹੌਰ ਦੀ ਜਥੇਦਾਰੀ ਹੇਠ ਇਸ ਜਥੇ ਦੇ 95 ਮੈਂਬਰਾਂ, ਜੋ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤ-ਮਈ ਰਹਿਣ ਦਾ ਪ੍ਰਣ ਲੈ ਕੇ ਸਵਾ ਬਾਰਾਂ ਵਜੇ ਗੁਰੂ ਕਾ ਬਾਗ ਲਈ ਰਵਾਨਾ ਹੋਏ, ਨੇ ਚਿੱਟੇ ਬਸਤਰਾਂ ਨਾਲ ਕਾਲੀ ਪਗੜੀ ਪਹਿਨੀ ਹੋਈ ਸੀ ਅਤੇ ਉਹ ਚਾਰ ਚਾਰ ਦੀ ਪਾਲ ਵਿੱਚ ਚੱਲ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਗਰੇਜ਼ ਸਰਕਾਰ ਦੇ ਉਤੇਜਿਤ ਰਵਈਏ ਦੇ ਸਨਮੁੱਖ ਸ਼ਾਂਤ ਰਹਿਣ ਦਾ ਪ੍ਰਣ ਲੈ ਕੇ ਚੱਲੇ ਇਸ ਜਥੇ ਨੂੰ ਪੁਲਸ ਨੇ ਮਿਸਟਰ ਜੈਨਕਿਨਜ਼ ਦੀ ਕਮਾਂਡ ਅਧੀਨ ਇਕ ਵਜੇ ਨਹਿਰ ਦੇ ਗੁਮਟਾਲੇ ਵਾਲੇ ਪੁਲ ਉੱਤੇ ਰੋਕ ਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ। ਪੁਲਸ ਨੇ ਜਥੇ ਦੀ ਮਾਰ ਕੁਟਾਈ ਲਈ ਲਗਪਗ ਪੰਜ ਫੁੱਟ ਲੰਬਾਈ ਵਾਲੀ ਡਾਂਗ, ਜਿਸ ਦੇ ਇੱਕ ਸਿਰੇ ਉੱਤੇ ਲਗਪਗ ਅੱਧਾ ਫੁੱਟ ਲੋਹੇ ਦੀ ਸੁੰਬ ਅਤੇ ਦੂਜੇ ਸਿਰੇ ਉੱਤੇ ਏਡੀ ਹੀ ਪਿੱਤਲ ਦੀ ਸੁੰਬ ਚੜ੍ਹੀ ਹੋਈ ਸੀ, ਦੀ ਵਰਤੋਂ ਕੀਤੀ। ਇਸ ਦਿਨ ਦੀ ਮਾਰਕੁਟਾਈ ਦਾ ਵੇਰਵਾ 4 ਸਤੰਬਰ, ਦੇ ਅਖ਼ਬਾਰ 'ਖਾਲਸਾ', ਜਿਸ ਦੇ ਸੰਪਾਦਕ ਪ੍ਰੋ: ਜੋਧ ਸਿੰਘ ਸਨ, ਵਿੱਚ ਇਉਂ ਪ੍ਰਕਾਸ਼ਿਤ ਹੋਇਆ :

"ਲਗਪਗ ਵੀਹ ਮਿੰਟ ਦੀ ਮਾਰਕੁਟਾਈ ਉਪਰੰਤ, ਇੱਕ ਝੰਡੀ ਦੇ ਇਸ਼ਾਰੇ ਨਾਲ ਘੋੜ ਸਵਾਰ ਪੁਲਸ ਨੂੰ ਅੱਗੇ ਵਧਣ ਦਾ ਹੁਕਮ ਕੀਤਾ ਗਿਆ। ਘੋੜ ਸਵਾਰਾਂ ਦੀ ਪੂਰੀ ਪੰਕਤੀ ਜਥੇ ਦੇ ਨਜ਼ਦੀਕ ਆ ਗਈ ਅਤੇ ਤਿੰਨ ਤਿੰਨ ਘੋੜ ਸਵਾਰ ਅਕਾਲੀਆਂ ਨੂੰ ਲਿਤਾੜਦੇ ਅੱਗੇ ਲੰਘੇ, ਜਿਸ ਕਾਰਨ ਘੋੜਿਆਂ ਦੇ ਸੁੰਮਾਂ ਨਾਲ ਕੁੱਝ ਸੱਤਿਆਗ੍ਰਹੀ ਜ਼ਖਮੀ ਹੋਏ। ਇਹ ਦੇਖਦਿਆਂ ਅਨੇਕ ਦਰਸ਼ਕ ਉਚੀ ਉਚੀ ਰੋਣ ਕੁਰਲਾਉਣ ਲੱਗੇ।"

ਇਸ ਸਮੇਂ ਇੱਕ ਅਕਾਲੀ ਨੂੰ ਗੁਪਤ ਅੰਗ ਉੱਤੇ ਗੰਭੀਰ ਚੋਟ ਆਈ, ਜਿਸ ਨਾਲ ਉਸ ਨੂੰ ਪਿਸ਼ਾਬ ਆਉਣਾ ਬੰਦ ਹੋ ਗਿਆ। ਇਸ ਮਾਰ-ਕੁਟਾਈ ਨੂੰ ਅੱਖੀਂ ਦੇਖਣ ਉਪਰੰਤ ਭਾਈ ਗੋਪਾਲ ਸਿੰਘ ਭਾਗੋਵਾਲੀਆ, ਮੈਂਬਰ ਕੌਂਸਲ ਨੇ ਪੁਲਸ ਨੂੰ ਅਜਿਹੀ ਬਰਬਰਤਾ ਵਰਤਣ ਤੋਂ ਵਰਜਿਆ ਪਰ ਉਸ ਦੀ ਇਕ ਨਾ ਸੁਣੀ ਗਈ।

ਜ਼ਖਮੀਆਂ ਨੂੰ ਡਾ: ਖਾਨ ਚੰਦ, ਡਾ: ਬੀ.ਐਸ. ਪਾਲ ਅਤੇ ਸਕਾਊਟਾਂ ਦੀ ਸਹਾਇਤਾ ਨਾਲ ਅੰਮ੍ਰਿਤਸਰ ਵਾਪਸ ਲਿਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਅਕਾਲੀਆਂ ਵਾਲੇ ਬਾਗ ਵਿੱਚ ਸਥਾਪਤ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ।

ਓਧਰ ਗੁਰਦੁਆਰਾ ਗੁਰੂ ਕਾ ਬਾਗ ਵਿਚੋਂ ਪੰਜ ਪੰਜ ਦੀ ਟੋਲੀ ਬਣਾ ਕੇ ਗੁਰਦੁਆਰੇ ਦੀ ਜ਼ਮੀਨ ਵਿੱਚ ਖੜੀਆਂ ਕਿੱਕਰਾਂ ਤੋਂ ਲੱਕੜ ਕੱਟਣ ਲਈ ਗਏ 25 ਅਕਾਲੀਆਂ ਨੂੰ ਵੀ ਪੁਲਸ

ਨੇ ਤਸ਼ਦਦ ਦਾ ਨਿਸ਼ਾਨਾ ਬਣਾਇਆ। ਇਹਨਾਂ ਵਿਚ ਇੱਕ ਭਾਈ ਰਾਮ ਸਿੰਘ, ਉਮਰ 21 ਸਾਲ, ਨਿਵਾਸੀ ਪਿੰਡ ਨਰਵਰ, ਜ਼ਿਲ੍ਹਾ ਲਾਹੌਰ, ਨੂੰ ਵਧੇਰੇ ਚੋਟਾਂ ਆਈਆਂ। ਇਸੇ ਮੌਕੇ ਹਾਜ਼ਰ ਸ. ਗੋਪਾਲ ਸਿੰਘ ਭਾਗੋਵਾਲੀਆ ਮੈਂਬਰ ਪੰਜਾਬ ਲੈਜਿਸਲੇਟਿਵ ਕੌਂਸਲ ਨੇ ਪੁਲਸ ਦੇ ਹੈਵਾਨੀ ਵਤੀਰੇ ਉੱਤੇ ਇਤਰਾਜ਼ ਕੀਤਾ। 'ਪਰਦੇਸੀ ਖਾਲਸਾ' ਅਖਬਾਰ ਦੇ ਪ੍ਰਤੀਨਿਧ ਅੱਛਰ ਸਿੰਘ ਨੇ ਬੀਟੀ ਵੱਲੋਂ ਅਕਾਲੀਆਂ ਪ੍ਰਤੀ ਵਰਤੀ ਜਾ ਰਹੀ ਮੰਦੀ ਭਾਸ਼ਾ ਦਾ ਬੁਰਾ ਮਨਾਇਆ।

ਗੁਰੂ ਕਾ ਬਾਗ ਮਾਮਲੇ ਦਾ ਸਰਬ ਸੰਮਤ ਹੱਲ ਲੱਭਣ ਲਈ ਯਤਨਸ਼ੀਲ ਭਾਈ ਦਿਆਲ ਸਿੰਘ ਕੈਰੋਂ, ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ, ਰਸਾਲਦਾਰ ਬਸੰਤ ਸਿੰਘ ਨੌਸ਼ਹਿਰਾ ਪੰਨੂੰਆਂ, ਸਰਦਾਰ ਧਰਮ ਸਿੰਘ ਉਸਮਾਨ ਅਤੇ ਸਰਦਾਰ ਬਹਾਦਰ ਸਿੰਘ ਗੁਰੂ ਕਾ ਬਾਗ ਆਏ। ਉਹ ਸਵੇਰ ਸਮੇਂ ਡਿਪਟੀ ਕਮਿਸ਼ਨਰ ਨੂੰ ਮਿਲੇ ਸਨ। ਡਿਪਟੀ ਕਮਿਸ਼ਨਰ ਨੇ ਉਹਨਾਂ ਨੂੰ ਸਪਸ਼ਟ ਕਿਹਾ ਸੀ ਕਿ ਸਮਝੌਤੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਅਕਾਲੀ ਕਾਨੂੰਨ-ਸ਼ਿਕਨੀ ਬੰਦ ਕਰ ਦੇਣ। ਇਹ ਸੂਝਵਾਨ ਵਿਅਕਤੀ ਗੁਰੂ ਕਾ ਬਾਗ ਆ ਕੇ ਮਹੰਤ ਨੂੰ ਵੀ ਮਿਲੇ ਅਤੇ ਅਕਾਲੀਆਂ ਦੇ ਜਥੇਦਾਰ ਨੂੰ ਵੀ। ਮਹੰਤ ਨੇ ਮੁਆਵਜਾ ਲੈ ਕੇ ਗੁਰਦੁਆਰੇ ਦੀ ਜ਼ਮੀਨ ਤੋਂ ਆਪਣਾ ਕਬਜ਼ਾ ਹਟਾਉਣ ਤੋਂ ਨਾਂਹ ਕਰ ਦਿੱਤੀ। ਅਕਾਲੀ ਜਥੇਦਾਰ ਦਾ ਕਹਿਣਾ ਸੀ ਕਿ ਸਮਝੌਤੇ ਦੀ ਗੱਲਬਾਤ ਕਰਨ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਪਾਸ ਹੈ। ਫਲਸਰੂਪ ਇਹ ਲੋਕ ਅੰਮ੍ਰਿਤਸਰ ਵਾਪਸ ਆ ਗਏ।

ਪੁਲਸ ਨੇ ਗੁਰਦੁਆਰਾ ਗੁਰੂ ਕਾ ਬਾਗ ਦੀ ਮੁਕੰਮਲ ਘੇਰਾਬੰਦੀ ਕਰਕੇ ਬਾਹਰੋਂ ਰਾਸ਼ਨ ਆਉਣ ਉੱਤੇ ਪਾਬੰਦੀ ਲਾਈ ਹੋਈ ਸੀ। ਪੁਲਸ ਦੀਆਂ ਬਾਹਰਲੀਆਂ ਪੇਸ਼ਬੰਦੀਆਂ ਤੋਂ ਬਚਦੇ ਬਚਾਉਂਦੇ ਕੁੱਝ ਸਿੰਘ ਅੱਜ ਰਾਸ਼ਨ ਲੈ ਕੇ ਗੁਰਦੁਆਰਾ ਗੁਰੂ ਕਾ ਬਾਗ ਪੁੱਜੇ ਪਰ ਪੁਲਸ ਨੇ ਉਹਨਾਂ ਨੂੰ ਘੇਰ ਕੇ ਸਾਰਾ ਰਾਸ਼ਨ ਆਪਣੇ ਤੰਬੂਆਂ ਵਿੱਚ ਲੁਹਾ ਲਿਆ।

## 2 ਸਤੰਬਰ (18 ਭਾਦੋਂ, ਸ਼ਨਿਚਰਵਾਰ) :

## ਅਕਾਲੀ ਖਾਲਸਾ ਦੀਵਾਨ ਲਾਹੌਰ ਦੀ ਵਾਰੀ ਅਤੇ ਮਾਲਵੀਆ ਜੀ ਦਾ ਆਉਣਾ

ਪੰਡਤ ਮਦਨ ਮੋਹਨ ਮਾਲਵੀਆ ਜੀ ਅੱਜ ਕਲਕੱਤਾ ਮੇਲ ਰਾਹੀਂ ਅੰਮ੍ਰਿਤਸਰ ਪਹੁੰਚੇ ਸਨ। ਉਹ ਜਦੋਂ ਵੀ ਅੰਮ੍ਰਿਤਸਰ ਆਉਂਦੇ ਤਾਂ ਹਰ ਵਾਰ ਲਾਲ ਗੱਗੜ ਮੱਲ ਦੀ ਧਰਮਸ਼ਾਲਾ ਵਿੱਚ ਠਹਿਰਦੇ ਪਰ ਅੱਜ ਜਦੋਂ ਉਹ ਧਰਮਸ਼ਾਲਾ ਪਹੁੰਚੇ ਤਾਂ ਸੇਵਾਦਾਰ ਨੇ ਦੱਸਿਆ ਕਿ ਜ਼ਿਲ੍ਹਾ ਅਧਿਕਾਰੀਆਂ ਨੇ ਉਹਨਾਂ ਨੂੰ ਧਰਮਸ਼ਾਲਾ ਵਿੱਚ ਕਮਰਾ ਦੇਣ ਦੀ ਮਨਾਹੀ ਕਰ ਦਿੱਤੀ ਹੈ। ਫਲਸਰੂਪ ਉਹਨਾਂ ਲਾਲਾ ਰੂਪ ਲਾਲ ਪੁਰੀ ਦੇ ਨਿਵਾਸ ਉੱਤੇ ਆਪਣਾ ਟਿਕਾਣਾ ਬਣਾਇਆ। ਪੰਡਤ ਮਾਲਵੀਆ ਜੀ ਨੇ ਜੇਲ੍ਹ ਵਿੱਚ ਬੰਦ ਸ. ਮਹਿਤਾਬ ਸਿੰਘ ਨੂੰ ਮਿਲਣ ਦਾ ਵੀ ਯਤਨ ਕੀਤਾ ਪਰ ਸਰਕਾਰੀ ਅਧਿਕਾਰੀਆਂ ਨੇ ਉਹਨਾਂ ਨੂੰ ਇਸ ਦੀ ਆਗਿਆ ਨਾ ਦਿੱਤੀ।

ਇਸ ਦਿਨ ਸਤਿਆਗ੍ਰਹਿ ਕਰਨ ਲਈ ਅਕਾਲੀ ਖਾਲਸਾ ਦੀਵਾਨ, ਲਾਹੌਰ ਦੇ ਸਿੰਘਾਂ ਦੀ ਵਾਰੀ ਸੀ। 100 ਅਕਾਲੀ ਸਿੱਖਾਂ ਦੇ ਇਸ ਜਥੇ ਦੀ ਅਗਵਾਈ ਭਾਈ ਟਹਿਲ ਸਿੰਘ,

ਉਮਰ 25 ਸਾਲ, ਵਸਨੀਕ ਪਿੰਡ ਨਿੱਕੀ ਸਰਹਾਲੀ ਕਰ ਰਿਹਾ ਸੀ। ਮੀਤ ਜਥੇਦਾਰ ਭਾਈ ਜੀਵਨ ਸਿੰਘ ਘਵਿੰਡ ਸੀ। ਇਸ ਜਥੇ ਦੇ ਅਕਾਲ ਤਖ਼ਤ ਤੋਂ 2 ਵਜੇ ਰਵਾਨਾ ਹੋਣ ਤੋਂ ਪਹਿਲਾਂ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਸੰਬੋਧਨ ਕੀਤਾ। ਇਸ ਜਥੇ ਨੂੰ ਪੰਜ ਵਜੇ ਸ਼ਾਮ ਗੁਮਟਾਲੇ ਤੋਂ ਅੱਗੇ ਰਾਜਾ ਸਾਂਸੀ ਨੇੜੇ ਸ਼ੇਖ ਜ਼ਹੂਰ-ਉਦ-ਦੀਨ, ਤਹਿਸੀਲਦਾਰ ਅਜਨਾਲਾ ਵੱਲੋਂ ਰੋਕੇ ਜਾਣ ਉਪਰੰਤ ਪੁਲਸ-ਜ਼ਬਰ ਦਾ ਸ਼ਿਕਾਰ ਬਣਾਇਆ ਗਿਆ।



2 ਸਤੰਬਰ, 1922 ਨੂੰ ਰਾਜਾਸਾਂਸੀ ਨੇੜੇ ਪੁੱਜੇ ਜਥੇ ਨੂੰ ਨਾਇਬ ਤਹਿਸੀਲਦਾਰ ਅਤੇ ਮਿਸਟਰ ਬੀਟੀ ਵਲੋਂ ਰੋਕੇ ਜਾਣ ਦਾ ਦ੍ਰਿਸ਼।

ਮਿਸਟਰ ਮੈਕਫਰਸਨ, ਸੁਪਰਡੰਟ ਪੁਲਸ ਅਤੇ ਮਿਸਟਰ ਬੀਟੀ ਡਿਪਟੀ ਸੁਪਰਡੰਟ ਪੁਲਸ ਦੀ ਅਗਵਾਈ ਹੇਠ ਰਸਤਾ ਰੋਕੀ ਖੜ੍ਹੀ ਪੁਲਸ ਦੇ ਕੋਲ ਪੁੱਜਣ ਤੋਂ ਪਹਿਲਾਂ ਸਾਰਾ ਜਥਾ ਸ਼ਬਦ ਗਾਇਨ ਕਰਦਾ ਆ ਰਿਹਾ ਸੀ। ਅੱਗੇ ਜਾਣ ਤੋਂ ਰੋਕੇ ਜਾਣ ਉਪਰੰਤ ਸੜਕ ਉੱਤੇ ਹੀ ਚੌਂਕੜੀਆਂ ਮਾਰ ਕੇ ਬੈਠੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਅਕਾਲੀਆਂ ਉੱਤੇ ਪੁਲਸ ਨੇ ਡਾਂਗਾਂ ਦਾ ਮੀਂਹ ਵਰਾਉਣਾ ਸ਼ੁਰੂ ਕੀਤਾ। ਡਾਂਗਾਂ ਦੀ ਮਾਰ ਦੇ ਭੰਨੇ ਅਕਾਲੀ ਲਮਲੇਟ ਹੋ ਗਏ ਅਤੇ ਜਿਸ ਕਿਸੇ ਵੀ ਡਿੱਗੇ ਪਏ ਨੇ ਉਠਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਹੋਰ ਕੁੱਟਿਆ ਗਿਆ। ਮਾਰ-ਕੁੱਟਾਈ ਦੀ ਕ੍ਰਿਆ ਨੂੰ ਪੂਰੇ ਜੋਸ਼ੋ-ਖਰੋਸ਼ ਨਾਲ ਨੇਪਰੇ ਚਾੜ੍ਹਣ ਲਈ ਪੁਲਸ ਦਾ ਲਿਆਂਦਾ ਇੱਕ ਢੋਲੀ ਢੋਲ ਵਜਾ ਵਜਾ ਕੇ ਪੁਲਸੀਆਂ ਨੂੰ ਉਤਸ਼ਾਹਿਤ ਕਰ ਰਿਹਾ ਸੀ। ਜਥੇ ਦੇ ਆਗੂ ਉੱਤੇ ਜਾਣ-ਬੁੱਝ ਕੇ ਵਧੇਰੇ ਜ਼ੁਲਮ ਕੀਤਾ ਗਿਆ। ਡਾਂਗਾਂ ਦੀ ਕੁੱਟ ਨਾਲ ਨਿਢਾਲ ਜਥੇਦਾਰ ਟਹਿਲ ਸਿੰਘ ਦੇ ਕੇਸਾਂ ਦੀ ਬੇਅਦਬੀ ਕੀਤੀ ਗਈ ਅਤੇ ਉਸ ਨੂੰ ਲੱਤਾਂ-ਬਾਹਾਂ ਤੋਂ ਚੁੱਕ ਕੇ ਪਾਣੀ ਨਾਲ ਭਰੇ ਖਤਾਨ ਵਿੱਚ ਸੁੱਟ ਦਿੱਤਾ ਗਿਆ। ਜਥੇ ਦੇ ਹੋਰ ਬਹੁਤ ਸਾਰੇ ਮੈਂਬਰਾਂ ਨੂੰ ਵੀ ਇਉਂ ਹੀ

ਧੂਹ-ਘੜੀਸ ਕੇ ਸੜਕ ਦੇ ਏਧਰ-ਉਧਰ ਅਤੇ ਖੇਤਾਂ ਵਿੱਚ ਸੁੱਟ ਦਿੱਤਾ ਗਿਆ। ਵੱਧ ਜ਼ਖਮੀਆਂ ਵਿੱਚ ਕੇਵਲ 15 ਕੁ ਸਾਲ ਦੀ ਆਯੂ ਦਾ ਇੱਕ ਗੱਭਰੂ ਮਾਨ ਸਿੰਘ ਵੀ ਸੀ, ਜੋ ਜੈਤੋ ਦੇ ਇਲਾਕੇ ਤੋਂ ਆਇਆ ਦੱਸਿਆ ਗਿਆ। ਅਕਾਲੀ ਵਲੰਟੀਅਰਾਂ ਨੇ ਵਾਹਿਗੁਰੂ, ਵਾਹਿਗੁਰੂ, ਜਾਪ ਕਰਦਿਆਂ ਪੁਲਸ ਜਬਰ ਸਹਿਣ ਕੀਤਾ।




2 ਸਤੰਬਰ, 1922 ਨੂੰ ਰਾਜਾਸਾਂਸੀ ਨੇੜੇ ਪੁਲਿਸ ਵੱਲੋਂ ਜਥੇ ਦੀ ਕੀਤੀ ਗਈ ਗਿੱਦੜ ਕੁੱਟ ਪਿੱਛੋਂ ਸੜਕ ਉਤੇ ਬੇਹੋਸ਼ ਪਏ ਅਕਾਲੀ।

ਮਾਰ-ਕੁਟਾਈ ਖ਼ਤਮ ਕਰਨ ਪਿੱਛੋਂ ਪੁਲਸੀਆਂ ਦੀ ਹੌਸਲਾ ਵਧਾਈ ਲਈ ਉਹਨਾਂ ਨੂੰ ਸ਼ਰਬਤ ਪਿਆਇਆ ਗਿਆ ਅਤੇ ਸਿਗਰਟਾਂ ਵੰਡੀਆਂ ਗਈਆਂ। ਇਸ ਦਿਨ ਜ਼ਖਮੀ ਸਿੱਖ-ਅਕਾਲੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰ ਰਹੀ ਬੀਬੀ ਲਾਭ ਕੌਰ ਵਿਧਵਾ ਭਾਈ ਅਰਜਨ ਸਿੰਘ, ਜੱਟ ਸਿੱਖ, ਉਮਰ 60 ਸਾਲ, ਪਿੰਡ ਅਦਲੀ ਵਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਈ। ਜ਼ਖਮੀ ਬੀਬੀ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਅਕਾਲੀ ਬਾਗ ਵਿੱਚ ਸਥਾਪਤ ਆਰਜ਼ੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ।

ਪਿਛਲੇ ਕੁੱਝ ਦਿਨਾਂ ਤੋਂ ਸ਼ਾਂਤਮਈ ਅਕਾਲੀ ਸੱਤਿਆਗ੍ਰਹੀਆਂ ਉੱਪਰ ਹੋ ਰਹੇ ਜ਼ੁਲਮ ਦੀ ਖ਼ਬਰ ਅਖ਼ਬਾਰਾਂ ਰਾਹੀਂ ਅਤੇ ਜ਼ਬਾਨੀ ਦੂਰ-ਦੁਰਾਡੇ ਤੱਕ ਪਹੁੰਚ ਚੁੱਕੀ ਸੀ, ਇਸ ਲਈ ਦੂਰੋਂ ਨੇੜਿਓਂ ਲੋਕ ਇਕ ਤਰ੍ਹਾਂ ਦੇ ਸਾਕੇ ਨੂੰ ਅੱਖੀਂ ਦੇਖਣ ਲਈ ਹਰ ਰੋਜ਼ ਜਥੇ ਦੇ ਨਾਲ ਨਾਲ ਆਉਣੇ ਸ਼ੁਰੂ ਹੋ ਗਏ ਸਨ। ਇਸ ਦਿਨ ਇਸ ਤਰ੍ਹਾਂ ਦੇ ਦਰਸ਼ਕਾਂ ਦੀ ਗਿਣਤੀ ਲਗਪਗ ਅੱਠ ਹਜ਼ਾਰ ਸੀ। ਸਾਰੇ ਦਰਸ਼ਕ ਵੀ ਪੁਲਸ ਦੁਆਰਾ ਕੀਤੇ ਜਾ ਰਹੇ ਜ਼ੁਲਮ ਸਮੇਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਰਹੇ।




2 ਸਤੰਬਰ, 1922 ਨੂੰ ਰਾਜਾਸਾਂਸੀ ਨੇੜੇ ਪੁਲਿਸ ਵਲੋਂ ਰੋਕਿਆ ਜਥਾ ਹੱਥ ਜੋੜੀ ਅਤੇ ਸਿਰ ਨਿਵਾ ਕੇ ਸੜਕ 'ਤੇ ਬੈਠਾ ਹੋਇਆ, ਦੂਰ ਹਟਵੀਂ ਦਰਸ਼ਕਾਂ ਦੀ ਭੀੜ ਦਿਖਾਈ ਦੇ ਰਹੀ ਹੈ।

ਜਦੋਂ ਗੁਰਦੁਆਰਾ ਗੁਰੂ ਕਾ ਬਾਗ ਨੂੰ ਜਾਂਦੇ ਜਥੇ ਉੱਤੇ ਹੁੰਦੇ ਪੁਲਸ ਤਸ਼ੱਦਦ ਨੂੰ ਆਪਣੀ ਅੱਖੀਂ ਦੇਖਣ ਲਈ ਪੰਡਤ ਮਦਨ ਮੋਹਨ ਮਾਲਵੀਆ ਜੀ ਜਥੇ ਤੋਂ ਪਹਿਲਾ ਇੱਥੇ ਪੁੱਜੇ ਸਨ ਤਾਂ ਪੁਲਸ ਨੇ ਉਹਨਾਂ ਨੂੰ ਇਹ ਕਹਿ ਕੇ ਕਿ "ਅੱਜ ਜਥੇ ਨੂੰ ਏਥੇ ਨਹੀਂ ਰੋਕਿਆ ਜਾਣਾ" ਅੱਗੇ ਤੋਰ ਦਿੱਤਾ ਸੀ ਪਰ ਉਹਨਾਂ ਨੂੰ ਪੁਲਸ ਦੁਆਰਾ ਗੁਰਦੁਆਰਾ ਗੁਰੂ ਕਾ ਬਾਗ ਤੋਂ ਉਰਾਂਹ ਰਾਣੀ ਵਾਲੇ ਪੁਲ ਤੋਂ ਹੀ ਵਾਪਸ ਮੋੜ ਦਿੱਤਾ ਗਿਆ। ਵਾਪਸੀ ਸਮੇਂ ਜਦੋਂ ਪੰਡਤ ਮਦਨ ਮੋਹਨ ਮਾਲਵੀਆ ਘਟਨਾ ਸਥਾਨ ਉੱਤੇ ਪਹੁੰਚੇ ਤਾਂ ਉਦੋਂ ਤੱਕ ਮਾਰ ਕੁੱਟਾਈ ਸਮਾਪਤ ਹੋ ਚੁੱਕੀ ਸੀ। ਪੁਲਸ ਦਰਿੰਦਗੀ ਦਾ ਸ਼ਿਕਾਰ ਹੋਏ ਅਕਾਲੀ ਸਤਿਆਗ੍ਰਹੀਆਂ ਦੀ ਤਰਸਯੋਗ ਹਾਲਤ ਨੂੰ ਮਾਲਵੀਆ ਜੀ ਨੇ ਆਪਣੀਂ ਅੱਖੀਂ ਦੇਖਿਆ। ਉਹਨਾਂ ਜ਼ਖਮੀਆਂ ਦੀ ਸੇਵਾ-ਸੰਭਾਲ ਵਿੱਚ ਹੱਥ ਵਟਾਇਆ। ਉਹ ਓਨੀ ਦੇਰ ਉਥੇ ਰਹੇ ਜਦੋਂ ਤੱਕ ਸਾਰੇ ਜ਼ਖਮੀਆਂ ਨੂੰ ਐਂਬੂਲੈਂਸ ਵਿੱਚ ਪਾ ਕੇ ਅੰਮ੍ਰਿਤਸਰ ਨੂੰ ਨਹੀਂ ਤੋਰਿਆ ਗਿਆ। ਇਸ ਸਮੇਂ ਲਾਲਾ ਦੁਨੀ ਚੰਦ, ਪ੍ਰੋ. ਰੁਚੀ ਰਾਮ ਸਾਹਨੀ, ਪੰਡਤ ਅਮਰ ਸਿੰਘ ਵਕੀਲ, ਜਲੰਧਰ, ਕੈਪਟਨ ਗੋਪਾਲ ਸਿੰਘ ਐਮ. ਐਲ. ਸੀ., ਮਲਿਕ ਲਾਲ ਖਾਨ ਆਦਿ ਪਤਵੰਤੇ ਉਹਨਾਂ ਦੇ ਨਾਲ ਸਨ। ਇਸ ਦਿਨ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦੇਣ ਦੀ ਸੇਵਾ ਡਾ. ਪਾਲ ਅਤੇ ਡਾ. ਪਰਸ ਰਾਮ ਨੇ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਭਾਗ ਸਿੰਘ ਦੀ ਗ੍ਰਿਫ਼ਤਾਰੀ ਉਪਰੰਤ ਅੱਜ ਸ. ਗੁਰਚਰਨ ਸਿੰਘ ਬੀ.ਏ., ਐਲ. ਐਲ. ਬੀ. ਨੇ ਇਹ ਜ਼ਿੰਮੇਵਾਰੀ ਸੰਭਾਲੀ।

ਇਸ ਦਿਨ ਗੁਰਦੁਆਰਾ ਗੁਰੂ ਕਾ ਬਾਗ ਦੀ ਸਥਿਤੀ ਬਾਰੇ ਵਿਚਾਰ ਕਰਨ ਲਈ ਸ਼ਿਮਲੇ ਵਾਇਸਰਾਇ ਦੀ ਪ੍ਰਧਾਨਗੀ ਹੇਠ ਇੱਕ ਉਚ ਪੱਧਰੀ ਮੀਟਿੰਗ ਹੋਈ, ਜਿਸ ਵਿੱਚ ਗਵਰਨਰ

ਪੰਜਾਬ ਮਿਸਟਰ ਮੈਕਲੇਗਨ ਨਾਲ ਸਰ ਜੋਹਨ ਮੇਨਾਰਡ, ਸ੍. ਸੁੰਦਰ ਸਿੰਘ ਮਜੀਠੀਆ, ਮੀਆਂ ਫਜ਼ਲ ਹੁਸੈਨ, ਸ੍ਰੀ ਹਰਕਿਸ਼ਨ ਲਾਲ, ਮਿਸਟਰ ਕ੍ਰੇਕ, ਸਰ ਮੈਲਕਮ ਹੇਲੀ, ਡਾਕਟਰ ਸਪਰੂ ਅਤੇ ਮਿਸਟਰ ਵਿਨਸੰਟ ਨੇ ਭਾਗ ਲਿਆ। ਵਿਚਾਰ ਵਟਾਂਦਰੇ ਉਪਰੰਤ ਫ਼ੈਸਲਾ ਹੋਇਆ ਕਿ ਗੁਰਦੁਆਰਾ ਕਾਨੂੰਨ ਬਣਾਉਣ ਲਈ ਜਲਦੀ ਕੀਤੀ ਜਾਵੇ ਅਤੇ ਅਕਾਲੀਆਂ ਨੂੰ ਦੂਜਿਆਂ ਦੀ ਜਾਇਦਾਦ ਉੱਤੇ ਜਬਰੀ ਕਬਜ਼ਾ ਕਰਨ ਤੋਂ ਰੋਕਿਆ ਜਾਵੇ। ਦੂਜੇ ਸ਼ਬਦਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਕਾਲੀ ਸੱਤਿਆਗ੍ਰਹੀਆਂ ਉਪਰ ਕੀਤੇ ਜਾ ਰਹੇ ਤਸ਼ੱਦਦ ਦੀ ਇਹ ਅਸਿੱਧੀ ਪ੍ਰਵਾਨਗੀ ਸੀ



2 ਸਤੰਬਰ, 1922 ਨੂੰ ਰਾਜਾਸਾਂਸੀ ਨੇੜੇ ਪੁਲਿਸ ਦੀ ਕੁੱਟ-ਮਾਰ ਸਦਕਾ ਡਿੱਗੇ ਹੋਏ ਅਕਾਲੀ ਨੂੰ ਪੁਲਸੀਏ ਵਲੋਂ ਡਾਂਗਾਂ ਮਾਰੀਆਂ ਜਾ ਰਹੀਆਂ ਹਨ।

**3 ਸਤੰਬਰ (16 ਭਾਦੋਂ, ਐਤਵਾਰ) :**

**ਅਕਾਲੀ ਜਥਾ, ਜ਼ਿਲ੍ਹਾ ਅੰਮ੍ਰਿਤਸਰ ਦੀ ਵਾਰੀ**

ਇਸ ਸਤਿਆਗ੍ਰਹਿ ਲਈ ਜ਼ਿਲ੍ਹਾ ਅੰਮ੍ਰਿਤਸਰ ਦੇ ਅਕਾਲੀ ਜਥੇ ਦੀ ਵਾਰੀ ਸੀ। ਜਥਾ ਰਵਾਨਗੀ ਤੋਂ ਪਹਿਲਾਂ ਜਦੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈਣ ਲਈ ਅਕਾਲ-ਤਖ਼ਤ ਸਾਹਿਬ ਅੱਗੇ ਹਾਜ਼ਰ ਹੋਇਆ ਤਾਂ ਜਥੇਦਾਰ ਜੀ ਨੇ ਜਥੇ ਵਿੱਚ ਸ਼ਾਮਲ ਛੋਟੀ ਉਮਰ ਦੇ ਦੋ ਲੜਕਿਆਂ ਨੂੰ ਜਥੇ ਵਿੱਚੋਂ ਨਿਕਲ ਜਾਣ ਲਈ ਆਖਿਆ ਪਰ ਦੋਵੇਂ ਲੜਕੇ ਇਸ ਗੱਲ ਉੱਤੇ ਅੜੇ ਰਹੇ ਕਿ ਗੁਰੂ ਘਰ ਦੀ ਆਜ਼ਾਦੀ ਲਈ ਚੱਲ ਰਹੇ ਸੰਘਰਸ਼ ਵਿੱਚ ਹਿੱਸਾ ਲੈਣ ਦਾ ਉਹਨਾਂ ਨੂੰ ਵੀ ਵੱਡਿਆਂ ਜਿੰਨਾ ਹੀ ਅਧਿਕਾਰ ਪ੍ਰਾਪਤ ਹੈ। ਉਹਨਾਂ ਦੀ ਦ੍ਰਿੜ੍ਹਤਾ ਨੂੰ ਦੇਖਦਿਆਂ ਦੋਵਾਂ ਨੂੰ ਜਥੇ ਵਿੱਚ ਸ਼ਾਮਲ ਹੋਣ ਦੀ ਆਗਿਆ ਦੇ ਦਿੱਤੀ ਗਈ। ਜਥਾ ਅਕਾਲ ਤਖ਼ਤ ਸਾਹਿਬ ਤੋਂ ਗਿਆਰਾਂ ਵਜੇ ਰਵਾਨਾ ਹੋਇਆ।



ਜ਼ਿਲ੍ਹਾ ਅੰਮ੍ਰਿਤਸਰ ਦਾ ਅਕਾਲੀ ਜਥਾ 3 ਸਤੰਬਰ, 1922 ਨੂੰ ਰਵਾਨਗੀ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ। ਇਸ ਸਮੇਂ ਜੁੜੀ ਅਪਾਰ ਸੰਗਤ ਵੀ ਦਿਖਾਈ ਦੇ ਰਹੀ ਹੈ।

ਇਕ ਸੌ ਸਿੰਘਾਂ ਦੇ ਇਸ ਜਥੇ ਦੀ ਅਗਵਾਈ ਭਾਈ ਜੰਨਣ ਸਿੰਘ, ਪਿੰਡ ਮਰਹਾਣਾ, ਦੇ ਹੱਥ ਸੀ। ਇਸ ਦਿਨ ਮਰਹਾਣੇ ਪਿੰਡ ਦਾ ਹੀ ਵਸਨੀਕ ਨਾਇਬ ਤਹਿਸੀਲਦਾਰ ਸ਼ੇਰ ਸਿੰਘ ਪੁਲਿਸ ਦੇ ਨਾਲ ਸੀ। ਇਸ ਜਥੇ ਨੂੰ ਪੁਲਿਸ ਨੇ ਲਗਪਗ ਸਾਢੇ ਤਿੰਨ ਵਜੇ ਕੱਲ੍ਹ ਵਾਲੇ ਸਥਾਨ ਤੋਂ ਕੁੱਝ ਕੁ ਅੱਗੇ ਛੀਨਿਆਂ ਦੇ ਪੁਲ ਉੱਤੇ ਰੋਕਿਆ, ਜਿਸ ਕਾਰਨ ਸਤਿਆਗ੍ਰਹੀ ਅਕਾਲੀ ਸੜਕ ਉੱਤੇ ਚੌਕੜੀਆਂ ਮਾਰ ਕੇ ਬੈਠ ਗਏ ਅਤੇ ਰਲ ਕੇ ਸ਼ਬਦ ਪੜ੍ਹਨ ਲੱਗੇ। ਪੁਲਸ ਨੇ ਸ਼ਬਦ ਪੜ੍ਹ ਰਹੇ ਸਤਿਆਗ੍ਰਹੀਆਂ ਨੂੰ ਬਿਨਾਂ ਕੋਈ ਚੇਤਾਵਨੀ ਦਿੱਤਿਆਂ ਡਾਂਗ ਵਾਹੁਣੀ ਸ਼ੁਰੂ ਕਰ ਦਿੱਤੀ। ਇਸ ਦਿਨ ਵੀ ਪੁਲਿਸ ਵੱਲੋਂ ਢੋਲੀ ਦਾ ਇੰਤਜ਼ਾਮ ਕੀਤਾ ਹੋਇਆ ਸੀ, ਜਿਸ ਦੇ ਡੱਗੇ ਦੀ ਆਵਾਜ਼ ਪੁਲਸੀਆਂ ਦੇ ਮਨਾਂ ਵਿੱਚ ਹੋਰ ਜ਼ੁਲਮ ਕਰਨ ਲਈ ਜੋਸ਼ ਭਰਦੀ ਰਹੀ। ਪੁਲਸ ਦੀਆਂ ਡਾਂਗਾਂ ਦੀ ਮਾਰ ਕਾਰਨ ਡਿੱਗੇ ਸਿੰਘਾਂ ਵਿੱਚੋਂ ਜੋ ਕੋਈ ਵੀ ਥੋੜ੍ਹਾ ਸੰਭਲਣ ਉਪਰੰਤ ਉੱਠਣ ਦਾ ਯਤਨ ਕਰਦਾ, ਉਸ ਨੂੰ ਹੋਰ ਮਾਰ ਪੈਂਦੀ। ਇਸ ਦਿਨ ਪੁਲਸ ਨੇ ਸਤਿਆਗ੍ਰਹੀਆਂ ਉਪਰ ਸ਼ਿਕਾਰੀ ਕੁੱਤਾ ਵੀ ਛੱਡਿਆ। ਇਹ ਕੁੱਤਾ ਸਹਾਇਕ ਪੁਲਸ ਸੁਪਰਡੈਂਟ

ਮਿਸਟਰ ਲੋਬ ਦਾ ਪਾਲਤੂ ਕੁੱਤਾ ਸੀ। ਸੱਟਾਂ ਕਾਰਨ ਬੇਹੋਸ਼ ਸਿੰਘਾਂ ਨੂੰ ਕੱਲੂ ਵਾਂਗ ਹੀ ਲੱਤਾਂ-ਬਾਹਾਂ ਅਤੇ ਕੇਸਾਂ ਤੋਂ ਫੜ-ਫੜ ਧਤੂ-ਘੜੀਸ ਕੇ ਪਾਣੀ ਦੇ ਭਰੇ ਖਤਾਨਾਂ ਅਤੇ ਨੀਵੇਂ ਖੇਤਾਂ ਵਿੱਚ ਸੁੱਟ ਦਿੱਤਾ ਗਿਆ। ਮਾਰ-ਕੁੱਟ ਅਤੇ ਧੂਹ-ਘੜੀਸ ਦੀ ਕਾਰਵਾਈ ਮੁਕੰਮਲ ਹੋਣ ਦੇ ਅੱਧਾ ਘੰਟਾ ਪਿੱਛੋਂ ਹੀ 32 ਅਕਾਲੀ ਵਲੰਟੀਅਰ ਮੁੜ ਰਿੜਦੇ-ਘਸੜਦੇ ਸੜਕ ਉੱਤੇ ਆ ਗਏ ਅਤੇ 'ਜੋ ਲੜੇ ਦੀਨ ਕੇ ਹੀਤ ਸੂਰਾ ਸੋਈ' ਗਾਉਂਦਿਆਂ ਗੁਰਦੁਆਰਾ ਗੁਰੂ ਕਾ ਬਾਗ ਵੱਲ ਜਾਣ ਦੀ ਕੋਸ਼ਿਸ਼ ਕਰਨ ਲੱਗੇ। ਉਹਨਾਂ ਨੂੰ ਇੰਝ ਕਰਦਿਆਂ ਵੇਖ ਕੇ ਕੁੱਝ ਹੋਰ ਘੱਟ ਜ਼ਖਮੀ ਹੋਏ ਸਿੰਘ ਵੀ ਨਾਲ ਆ ਰਲੇ ਅਤੇ ਗਿਣਤੀ 46 ਹੋ ਗਈ। ਸਿੱਖ ਜਥੇ ਨੂੰ ਅੱਗੇ ਜਾਂਦਿਆਂ ਵੇਖ ਕੇ ਪੁਲਸ ਨੇ ਫਿਰ ਗਿੱਦੜ-ਕੁੱਟ ਸ਼ੁਰੂ ਕਰ ਦਿੱਤੀ ਜਿਸ ਨਾਲ ਪਿੰਡ ਸੇਰੋਂ ਦਾ ਵਸਨੀਕ ਬ੍ਰਿਧ ਬਾਬਾ ਖੁਸ਼ਹਾਲ ਸਿੰਘ, ਵਰਿਆਮ ਸਿੰਘ ਪੁੱਤਰ ਝੰਡਾ ਸਿੰਘ ਪਿੰਡ ਵੇਰਕਾ, ਭਾਈ ਲਛਮਣ ਸਿੰਘ ਪਿੰਡ ਮਰਹਾਣਾ ਅਤੇ ਲਗਪਗ 16 ਸਾਲ ਦੀ ਉਮਰ ਦਾ ਗੱਭਰੂ ਗੁਰਦਿੱਤ ਸਿੰਘ ਪਿੰਡ ਸੁਲਤਾਨ-ਵਿੰਡ ਗੰਭੀਰ ਜ਼ਖਮੀ ਹੋਏ।

ਇਸ ਸਮੇਂ ਤੱਕ ਪੰਡਤ ਮਾਲਵੀਆ ਜੀ ਵੀ ਘਟਨਾ ਸਥਾਨ ਉੱਤੇ ਪਹੁੰਚ ਗਏ। ਲੈਜਿਸਲੈਟਿਵ ਕੌਂਸਲ ਦੇ ਕੁੱਝ ਮੈਂਬਰ ਅਤੇ ਚੀਫ ਖਾਲਸਾ ਦੀਵਾਨ ਦੇ ਕੁੱਝ ਆਗੂ ਵੀ ਉਹਨਾਂ ਦੇ ਨਾਲ ਸਨ।



ਸ਼ਾਂਤਮਈ ਅਕਾਲੀਆਂ ਉਤੇ ਹੋ ਰਹੇ ਸਾਰੇ ਤਸ਼ੱਦਦ ਨੂੰ ਵੇਖਣ ਲਈ ਪਹੁੰਚੇ ਰਾਸ਼ਟਰੀ ਆਗੂ: ਖੱਬੇ ਤੋਂ ਸੱਜੇ: ਡਾ: ਖਾਨ ਚੰਦ ਦੇਵ, ਪੰਡਤ ਮਦਨ ਮੋਹਨ ਮਾਲਵੀਆ ਅਤੇ ਮੀਆਂ ਮੁਹੰਮਦ ਸ਼ਰੀਫ ਐਡਵੋਕੇਟ, ਸਕੱਤਰ, ਪੰਜਾਬ ਪ੍ਰਦੇਸ ਕਾਂਗਰਸ ਕਮੇਟੀ।

ਮਾਲਵੀਆ ਜੀ ਨੇ ਮੌਕੇ ਉੱਤੇ ਮਿਸਟਰ ਸਮਿੱਥ, ਡੀ. ਆਈ. ਜੀ., ਸੀ. ਆਈ. ਡੀ., ਪਾਸ ਪੁਲਸ ਦੀ ਬਰਬਰਤਾ ਬਾਰੇ ਸ਼ਿਕਾਇਤ ਕੀਤੀ ਪਰ ਉਸ ਨੇ ਭਰੋਸਾ ਦਿੱਤਾ ਕਿ ਹੁਣ ਹੋਰ ਜ਼ਿਆਦਤੀ ਨਹੀਂ ਕੀਤੀ ਜਾਵੇਗੀ। ਸਵਾ ਸੱਤ ਵਜੇ ਅਕਾਲੀ ਵਲੰਟੀਅਰਾਂ ਵੱਲੋਂ ਭਾਈ ਹਰਨਾਮ ਸਿੰਘ, ਗ੍ਰੰਥੀ ਨਿਰਭੈ ਅਕਾਲੀ ਜਥਾ, ਜਿਸ ਦੀਆਂ ਲੱਤਾਂ ਕਮਜ਼ੋਰ ਹੋਣ ਕਾਰਨ ਉਹ ਘਸੜ ਕੇ ਚੱਲਦਾ ਸੀ, ਦੀ ਅਗਵਾਈ ਵਿੱਚ ਕੀਤੇ ਗਏ ਨਿਤਨੇਮ ਵਿੱਚ ਮਾਲਵੀਆ ਜੀ ਵੀ ਸ਼ਾਮਲ ਹੋਏ ਅਤੇ ਉਹ ਇਸ ਤੋਂ ਬੜੇ ਪ੍ਰਭਾਵਿਤ ਹੋਏ। ਅਕਾਲੀ ਸਤਿਆਗ੍ਰਹੀ ਸੜਕ ਦੇ ਇੱਕ ਪਾਸੇ ਅੱਧ ਤੱਕ ਬੈਠੇ ਹੋਏ ਸਨ ਅਤੇ ਬਾਕੀ ਅੱਧੀ ਸੜਕ ਉਹਨਾਂ ਆਵਾਜਾਈ ਲਈ ਖਾਲੀ ਛੱਡੀ ਹੋਈ ਸੀ।



3 ਸਤੰਬਰ, 1922 ਛੀਨਿਆਂ ਦੇ ਪੁਲ ਉੱਤੇ ਰੋਕੇ ਜਾਣ ਉਪਰੰਤ ਸੜਕ ਦੇ ਖੱਬੇ ਹੱਥ ਕਤਾਰਾਂ ਵਿਚ ਬੈਠੇ ਜਥੇ ਦੇ ਮੈਂਬਰ। ਸਭ ਤੋਂ ਅੱਗੇ ਜਥੇ ਦੇ ਆਗੂ ਨਾਲ ਗੱਲ ਬਾਤ ਕਰ ਰਿਹਾ ਨਾਇਬ ਤਹਿਸੀਲਦਾਰ ਅਤੇ ਸੜਕ ਦੇ ਬਾਕੀ ਭਾਗ ਉਤੇ ਚੱਲ ਰਹੇ ਟਾਂਗੇ ਆਦਿ।

ਪੁਲਿਸ ਨੇ ਪੰਡਤ ਮਦਨ ਮੋਹਨ ਮਾਲਵੀਆ ਅਤੇ ਹੋਰ ਆਗੂਆਂ ਦੀ ਹਾਜ਼ਰੀ ਵਿੱਚ ਕੋਈ ਕਾਰਵਾਈ ਨਾ ਕੀਤੀ। ਪਰ ਜਦ ਪੰਡਤ ਜੀ ਅਤੇ ਹੋਰ ਲੋਕ ਰਾਤੀਂ ਸਾਢੇ ਅੱਠ ਵਜੇ ਅੰਮ੍ਰਿਤਸਰ ਨੂੰ ਵਾਪਿਸ ਪਰਤ ਗਏ ਤਾਂ ਪਹਿਲਾਂ ਹੀ ਜ਼ਖਮੀ ਸਿੱਖਾਂ ਨੂੰ ਫੇਰ ਕੁਟਾਪਾ ਚਾੜ੍ਹਿਆ ਗਿਆ। ਜ਼ਖਮੀ ਅਕਾਲੀਆਂ ਨੂੰ ਪੁਲਸ ਨੇ ਲੱਤਾਂ, ਬਾਹਾਂ ਅਤੇ ਕੇਸਾਂ ਤੋਂ ਧੂਹ ਕੇ ਸੜਕ ਦੇ ਪਾਸੀਂ ਪਾਣੀ ਦੇ ਭਰੇ ਖਤਾਨਾਂ ਵਿੱਚ ਸੁੱਟ ਦਿੱਤਾ। ਰਾਤ ਸਮੇਂ ਹੋਈ ਮਾਰ-ਕੁਟ ਨੂੰ ਕੁੱਝ ਹੋਰਾਂ ਤੋਂ ਬਿਨਾਂ ਪ੍ਰੋ. ਰੁਚੀ ਰਾਮ ਸਾਹਨੀ, ਪੰਡਤ ਗੋਬਿੰਦ ਮਾਲਵੀਆ (ਪੰਡਤ ਮਦਨ ਮੋਹਨ ਮਾਲਵੀਆ

ਦਾ ਪੁੱਤਰ) ਆਦਿ ਨੇ ਵੀ ਵੇਖਿਆ। ਇਸ ਦਿਨ ਦਰਸ਼ਕਾਂ ਵਿੱਚੋਂ ਵੀ ਕੁੱਝ ਵਿਅਕਤੀ ਪੁਲਸ ਦੇ ਵਹਿਸ਼ੀਪੁਣੇ ਦਾ ਸ਼ਿਕਾਰ ਹੋਏ। ਪੁਲਸ ਦੀ ਮਾਰ-ਕੁਟਾਈ ਉਪਰੰਤ ਜ਼ਖਮੀ ਸਤਿਆਗ੍ਰਹੀਆਂ ਦੀ ਦੇਖ-ਭਾਲ ਦੀ ਡਿਊਟੀ ਡਾ: ਖਾਨ ਚੰਦ ਅਤੇ ਖਿਲਾਫਤ ਕਮੇਟੀ ਲਾਹੌਰ ਵੱਲੋਂ ਡਾ: ਯਾਕੂਬ ਬੇਗ ਦੀ ਅਗਵਾਈ ਹੇਠ ਭੇਜੀ ਗਈ ਮੈਡੀਕਲ ਟੀਮ ਨੇ ਨਿਭਾਈ।

ਇਸ ਦਿਨ ਹੀ ਪੁਲਸ ਨੇ ਤੇੜੇ ਪਿੰਡ ਦੇ ਦੋ ਕਿਸਾਨ ਪਿਉ-ਪੁੱਤਰ ਸ: ਭਗਤ ਸਿੰਘ ਅਤੇ ਤਾਰਾ ਸਿੰਘ ਨੂੰ ਆਪਣੇ ਖੇਤਾਂ ਵਿੱਚ ਕੰਮ ਕਰਦਿਆਂ ਬੜੀ ਬੇਦਰਦੀ ਨਾਲ ਕੁੱਟਿਆ। ਭਗਤ ਸਿੰਘ ਦੇ ਦੂਜੇ ਪੁੱਤਰ ਆਸਾ ਸਿੰਘ ਨੂੰ ਵੀ ਕੁੱਟ ਪਈ ਪਰ ਥੋੜ੍ਹੀ। ਕਾਰਨ ਇਹ ਸੀ ਕਿ ਪੁਲਸ ਨੇ ਇੱਕ ਘੁਮਿਆਰ ਖੋਤੇ ਉੱਤੇ ਰਾਸ਼ਨ ਲੱਦ ਕੇ ਗੁਰਦੁਆਰਾ ਗੁਰੂ ਕੇ ਬਾਗ ਨੂੰ ਲਈ



ਪੁਲਿਸ ਮਾਰ ਕਾਰਨ ਡਿੱਗਾ ਪਿਆ ਇੱਕ ਅਕਾਲੀ, ਉਸ ਦੇ ਗੁਪਤ ਅੰਗ ਨੂੰ ਇੱਕ ਪੁਲਸੀਆ ਆਪਣੇ ਬੂਟਾਂ ਨਾਲ ਦਬਾਉਂਦਾ ਹੋਇਆ। ਉਠਣ ਦਾ ਯਤਨ ਕਰ ਰਹੇ ਇੱਕ ਹੋਰ ਅਕਾਲੀ ਦੀ ਧੌਣ ਉਤੇ ਧੱਫੇ ਅਤੇ ਪਿੱਠ ਉਤੇ ਗੋਡਿਆਂ ਦੀ ਮਾਰ ਮਾਰਦਾ ਹੋਇਆ ਪੁਲਿਸ ਇੰਸਪੈਕਟਰ ਰਤਨ ਚੰਦ

ਜਾਂਦਾ ਫੜਿਆ। ਪੁਲਸ ਨੂੰ ਸ਼ੱਕ ਸੀ ਕਿ ਇਹ ਰਾਸ਼ਨ ਭੇਜਣ ਵਿੱਚ ਇਹਨਾਂ ਦਾ ਹੱਥ ਵੀ ਹੈ। ਆਲੇ-ਦੁਆਲੇ ਖੇਤਾਂ ਵਿੱਚ ਕੰਮ ਕਰਦੇ ਲੋਕਾਂ ਨੇ ਹਾਲ-ਪਾਹਰਿਆ ਕੀਤੀ ਤਾਂ ਪਿੰਡ ਦੇ ਲੋਕ ਆ ਗਏ। ਪੁਲਸ ਆਪਣੀ ਕਾਰਵਾਈ ਪਾ ਕੇ ਜਾ ਚੁੱਕੀ ਸੀ। ਘੱਟ ਜ਼ਖਮੀ ਆਸਾ ਸਿੰਘ ਨੂੰ ਘੋੜੇ ਉੱਤੇ ਬੈਠਾ ਕੇ ਅਤੇ ਦੂਜੇ ਦੋਵਾਂ ਨੂੰ ਮੰਜੀਆਂ ਉੱਤੇ ਪਾ ਕੇ ਪਹਿਲਾਂ ਘਰ ਲਿਆਂਦਾ ਗਿਆ ਅਤੇ ਫਿਰ ਅਜਨਾਲੇ ਦੇ ਸਰਕਾਰੀ ਹਸਪਤਾਲ ਲੈ ਗਏ। ਡਾਕਟਰ ਨੇ ਇਸ ਸ਼ਰਤ ਉੱਤੇ ਇਲਾਜ ਕਰਨਾ ਮੰਨਿਆ ਕਿ ਉਹ ਪੁਲਸ ਰਿਪੋਰਟ ਦਰਜ ਕਰਾਉਣ ਲਈ ਕੋਈ ਪਰਚਾ ਆਦਿ ਨਹੀਂ ਬਣਾ ਕੇ ਦੇਵੇਗਾ।

ਇਸ ਦਿਨ ਦਰਬਾਰ ਸਾਹਿਬ ਚੌਗਿਰਦੇ ਵਿੱਚੋਂ ਸ੍ਰ: ਉਮਰਾਉ ਸਿੰਘ, ਸਕੱਤਰ, ਜ਼ਿਲ੍ਹਾ ਸਿੱਖ ਲੀਗ ਨੂੰ ਬਗਾਵਤ ਭੜਕਾਉਣ ਦੇ ਦੋਸ਼ ਵਿੱਚ ਦਫਾ 124-ਏ ਅਧੀਨ ਗ੍ਰਿਫ਼ਤਾਰ ਕੀਤਾ ਗਿਆ।

ਗੁਰੂ ਕਾ ਬਾਗ ਦੇ ਮਾਮਲੇ ਬਾਰੇ ਵਿਚਾਰ ਕਰਨ ਲਈ ਚੀਫ ਖਾਲਸਾ ਦੀਵਾਨ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ ਦੀਵਾਨ ਦੇ ਪ੍ਰਧਾਨ ਸ. ਸ਼ਿਵਦੇਵ ਸਿੰਘ ਉਬਰਾਇ, ਆਨਰੇਰੀ ਮੈਜਿਸਟ੍ਰੇਟ (ਦਰਜਾ ਅੱਵਲ) ਸਿਆਲਕੋਟ, ਸ. ਜੋਗਿੰਦਰ ਸਿੰਘ ਮੈਂਬਰ ਲੈਜਿਸਲੇਟਿਵ ਕੌਂਸਲ, ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ, ਆਨਰੇਰੀ ਮੈਜਿਸਟ੍ਰੇਟ (ਦਰਜਾ ਅੱਵਲ), ਅੰਮ੍ਰਿਤਸਰ ਅਤੇ ਸਾਬਕਾ ਮੈਨੇਜਰ ਦਰਬਾਰ ਸਾਹਿਬ, ਭਾਈ ਮੋਹਨ ਸਿੰਘ ਵੈਦ, ਤਰਨਤਾਰਨ, ਸ੍ਰ. ਸੁੰਦਰ ਸਿੰਘ ਧੂਪੀਆ ਠੇਕੇਦਾਰ ਦਿੱਲੀ, ਮਾਸਟਰ ਤਾਰਾ ਸਿੰਘ ਮੁੱਖ ਅਧਿਆਪਕ ਖਾਲਸਾ ਕਾਲਜੀਏਟ ਹਾਈ ਸਕੂਲ, ਅੰਮ੍ਰਿਤਸਰ, ਭਾਈ ਜੋਧ ਸਿੰਘ ਐਮ.ਏ. ਐਡੀਟਰ 'ਖਾਲਸਾ', ਸ. ਉਜਲ ਸਿੰਘ, ਕਾਰਖਾਨੇਦਾਰ ਮੀਆਂ ਚੰਨੂ, ਸ. ਸੁਜਾਨ ਸਿੰਘ ਵਕੀਲ ਸਰਗੋਧਾ, ਆਦਿ ਨੇ ਭਾਗ ਲਿਆ। ਫੈਸਲਾ ਹੋਇਆ ਕਿ ਪਹਿਲਾਂ ਕੱਲ੍ਹ ਨੂੰ ਘਟਨਾ-ਕ੍ਰਮ ਨੂੰ ਅੱਖੀਂ ਵੇਖਿਆ ਜਾਵੇ ਅਤੇ ਫਿਰ ਕੋਈ ਨਿਰਣਾ ਲਿਆ ਜਾਵੇ।

### 4 ਸਤੰਬਰ (20 ਭਾਦੋਂ, ਸੋਮਵਾਰ) :

### ਅਕਾਲੀ ਜਥਾ ਗੁਰਦਾਸਪੁਰ ਵੱਲੋਂ ਸਤਿਆਗ੍ਰਹਿ; ਭਾਈ ਭਗਤ ਸਿੰਘ ਮੋਰਚੇ ਦਾ ਪਹਿਲਾ ਸ਼ਹੀਦ

26 ਅਗਸਤ, 1922 ਨੂੰ ਗ੍ਰਿਫ਼ਤਾਰ ਕੀਤੇ ਗਏ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਨੂੰ ਅੱਜ ਐਡੀਸ਼ਨ ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਸ੍ਰ. ਮਹਿਤਾਬ ਸਿੰਘ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹਨਾਂ ਨੂੰ ਚਲਾਨ ਵਿਖਾਇਆ ਜਾਵੇ ਤਾਂ ਜੋ ਉਹ ਇਸ ਬਾਰੇ ਅਦਾਲਤ ਵਿੱਚ ਹਾਜ਼ਰ ਮਾਲਵੀਆ ਜੀ ਦੀ ਕਾਨੂੰਨੀ ਸਲਾਹ ਲੈ ਸਕਣ। ਇਸ ਉੱਤੇ ਅਦਾਲਤ ਨੇ ਮਾਲਵੀਆ ਜੀ ਪਾਸੋਂ ਜਾਨਣਾ ਚਾਹਿਆ ਕਿ ਕੀ ਉਹ ਅਜਿਹਾ ਕਰਨ ਲਈ ਤਿਆਰ ਹਨ ? ਉੱਤਰ ਵਿੱਚ ਮਾਲਵੀਆ ਜੀ ਨੇ ਸਪੱਸ਼ਟ ਕੀਤਾ ਕਿ ਉਹ ਚਲਾਨ ਵੇਖ ਕੇ ਨਾ ਕੇਵਲ ਕਾਨੂੰਨੀ ਸਲਾਹ ਦੇਣ ਲਈ ਤਿਆਰ ਹਨ, ਸਗੋਂ ਜੇਕਰ ਮੁਲਜ਼ਮ ਚਾਹੁਣ ਤਾਂ ਉਹ ਉਹਨਾਂ ਦਾ ਮੁਕੱਦਮਾ ਲੜਣ ਲਈ ਵੀ ਸਹਿਮਤ ਹਨ।

ਇਸ ਦਿਨ ਜ਼ਿਲ੍ਹਾ ਗੁਰਦਾਸਪੁਰ ਦੇ 101 ਅਕਾਲੀਆਂ ਦੇ ਜਥੇ ਨੇ ਭਾਈ ਖੜਕ ਸਿੰਘ ਦੀ ਅਗਵਾਈ ਹੇਠ ਸਤਿਆਗ੍ਰਹਿ ਲਈ ਵਾਰੀ ਲਈ। ਨਿੱਤ ਵਾਂਗ ਹੀ ਅਕਾਲ-ਤਖਤ ਸਾਹਿਬ ਉੱਤੇ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਸਵੇਰੇ ਸਾਢੇ ਨੌਂ ਵਜੇ ਚੱਲੇ ਇਸ ਜਥੇ ਨੂੰ ਚਾਰ ਘੋੜ ਸਵਾਰ ਅਤੇ ਵੀਹ-ਪੱਚੀ ਲਾਠੀਆਂ ਵਾਲੇ ਸਿਪਾਹੀਆਂ ਨੇ ਲਗਪਗ ਦੋ ਵਜੇ ਰਾਜਾ ਸਾਂਸੀ ਤੋਂ ਲਗਪਗ ਦੋ ਕਿਲੋਮੀਟਰ ਅੱਗੇ ਕੱਲ੍ਹ ਦੀ ਘਟਨਾ ਵਾਲੇ ਥਾਂ ਛੀਨਿਆਂ ਦੇ ਪੁਲ ਉੱਤੇ

ਹੀ ਰੋਕਿਆ। ਅੱਜ ਵੀ ਨਾਇਬ ਤਹਿਸੀਲਦਾਰ ਸ਼ੇਰ ਸਿੰਘ ਡਿਊਟੀ ਉੱਤੇ ਸੀ। ਦਸ ਪੰਦਰਾਂ ਮਿੰਟ ਦੇ ਵਕਫ਼ੇ ਨਾਲ ਡਿਪਟੀ ਸੁਪਰਡੰਟ ਪੁਲਸ, ਮਿਸਟਰ ਬੀਟੀ, ਵੀ ਪੱਚੀ ਤੀਹ ਹੋਰ ਸਿਪਾਹੀਆਂ ਨਾਲ ਮੌਕੇ ਉੱਤੇ ਪਹੁੰਚ ਗਿਆ। ਇਸ ਪੁਲਸ ਟੋਲੀ ਵਿੱਚ ਨੌਂ ਦਸ ਸਿਪਾਹੀਆਂ ਪਾਸ ਰਫਲਾਂ ਅਤੇ ਬਾਕੀਆਂ ਪਾਸ ਡਾਂਗਾਂ ਸਨ। ਪੁਲਸ ਵੱਲੋਂ ਰੋਕੇ ਜਾਣ ਉੱਤੇ ਅਕਾਲੀ ਸਿੱਖ਼, ਸੜਕ ਉੱਪਰ, ਇੱਕ ਪਾਸੇ ਰਸਤਾ ਛੱਡ ਕੇ, ਬੈਠ ਗਏ।

ਅਕਾਲੀਆਂ ਦੀ ਸਿਦਕਦਿਲੀ ਅਤੇ ਪੁਲਸ ਦੇ ਵਹਿਸ਼ੀਪੁਣੇ ਨੂੰ ਅੱਖੀਂ ਦੇਖਣ ਲਈ ਇਸ ਦਿਨ ਦਰਸ਼ਕਾਂ ਦੀ ਭੀੜ ਪਹਿਲੇ ਦਿਨਾਂ ਨਾਲੋਂ ਵੀ ਵਧੇਰੇ ਸੀ। ਇਹਨਾਂ ਵਿੱਚ ਚੀਫ਼ ਖਾਲਸਾ ਦੀਵਾਨ ਦੇ ਮੁਖੀ ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਆਨਰੇਰੀ ਮੈਜਿਸਟਰੇਟ, ਸ੍ਰ. ਜੋਗਿੰਦਰ ਸਿੰਘ ਰਈਸ, ਰਸੂਲਪੁਰ, ਸ੍ਰ. ਤਾਰਾ ਸਿੰਘ ਹੈਡਮਾਸਟਰ ਖਾਲਸਾ ਹਾਈ ਸਕੂਲ, ਅੰਮ੍ਰਿਤਸਰ, ਸ੍ਰ. ਜੈਦੇਵ ਸਿੰਘ ਪੁੱਤਰ ਰਾਇ ਬਹਾਦਰ ਬੂਟਾ ਸਿੰਘ ਰਾਵਲਪਿੰਡੀ, ਸ੍ਰ. ਸ਼ਿਵਦੇਵ ਸਿੰਘ ਆਨਰੇਰੀ ਮੈਜਿਸਟਰੇਟ ਸਿਆਲਕੋਟ, ਭਾਈ ਮੋਹਨ ਸਿੰਘ ਵੈਦ, ਤਰਨਤਾਰਨ, ਸ੍ਰ. ਤਖਤ ਸਿੰਘ ਸਿੱਖ ਯਤੀਮਖਾਨਾ ਫਿਰੋਜ਼ਪੁਰ ਅਤੇ ਕੁੱਝ ਹੋਰ ਆਗੂ ਵੀ ਸ਼ਾਮਲ ਸਨ ਜੋ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਪਾਸੋਂ ਗੁਰਦੁਆਰਾ ਗੁਰੂ ਕਾ ਬਾਗ ਲਈ ਆਗਿਆ ਪੱਤਰ ਲੈ ਕੇ ਆਏ ਸਨ ਪਰ ਪੁਲਸ ਦੁਆਰਾ ਜਥੇ ਨੂੰ ਰੋਕੇ ਜਾਣ ਉੱਤੇ ਰੁਕ ਗਏ ਸਨ। ਪੁਲਸ ਨੇ ਸਭ ਤੋਂ ਪਹਿਲਾਂ ਦਰਸ਼ਕਾਂ ਉੱਤੇ ਹੱਲਾ ਬੋਲਿਆ। ਇਸ ਸਮੇਂ ਚੀਫ ਖਾਲਸਾ ਦੀਵਾਨ ਦੇ ਆਗੂਆਂ ਦੀ ਵੀ ਖਿੱਚ-ਧੂਹ ਹੋਈ ਅਤੇ ਲਾਠੀਆਂ ਉਲਾਰੀਆਂ ਗਈਆਂ। ਮਾਸਟਰ ਤਾਰਾ ਸਿੰਘ ਦੀ ਐਣਕ ਖੋਹ ਲਈ ਗਈ ਅਤੇ ਡਿੱਗਣ ਕਾਰਨ ਉਸ ਦੇ ਕੱਪੜੇ ਵੀ ਲਿੱਬੜ ਗਏ। ਪੁਲਸ ਨੇ ਦਰਸ਼ਕਾਂ ਵਿੱਚੋਂ ਹੀ ਇਕ ਜੈ ਕਿਸ਼ਨ ਚਾਵਲਾ, ਰਾਜਾ ਸਾਂਸੀ ਦੇ ਕੰਨਾਂ ਵਿਚੋਂ ਨੱਤੀਆਂ ਖਿੱਚ ਕੇ ਲਾਹ ਲਈਆਂ ਜਿਸ ਨਾਲ ਉਸ ਦੇ ਕੰਨਾਂ ਵਿੱਚੋਂ ਲਹੂ ਵਗਣ ਲੱਗ ਪਿਆ।

ਅਕਾਲੀਆਂ ਦੇ ਇਸ ਤਰ੍ਹਾਂ ਬੈਠਿਆਂ ਹੀ ਲਗਪਗ ਪੌਣੇ ਤਿੰਨ ਵਜੇ ਪ੍ਰੋ. ਰੁਚੀ ਰਾਮ ਸਾਹਨੀ ਅਤੇ ਡਾ: ਗੁਰਬਖਸ਼ ਸਿੰਘ ਦਿੱਲੀ ਦੇ ਨਾਲ ਪੰਡਤ ਮਦਨ ਮੋਹਨ ਮਾਲਵੀਆ ਜੀ ਉਥੇ ਪੁੱਜ ਗਏ। ਪੰਡਤ ਜੀ ਆਪਣੇ ਸਾਥੀਆਂ ਨਾਲ ਗੁਰੂ ਕਾ ਬਾਗ ਜਾਣਾ ਚਾਹੁੰਦੇ ਸਨ। ਪੁਲਸ ਨੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਗੁਰੂ ਕਾ ਬਾਗ ਜਾਣ ਲਈ ਜਾਰੀ ਕੀਤਾ ਆਗਿਆ-ਪੱਤਰ ਵੇਖ ਕੇ ਪੰਡਤ ਮਾਲਵੀਆ ਜੀ ਅਤੇ ਉਹਨਾਂ ਦੇ ਸਾਥੀਆਂ ਅਤੇ ਚੀਫ ਖਾਲਸਾ ਦੀਵਾਨ ਦੇ ਆਗੂਆਂ ਨੂੰ ਅੱਗੇ ਜਾਣ ਦੀ ਆਗਿਆ ਦੇ ਦਿੱਤੀ।

ਗੁਰੂ ਕਾ ਬਾਗ ਪੁੱਜ ਕੇ ਇਹ ਟੋਲੀ ਗੁਰੂ ਤੇਗ ਬਹਾਦਰ ਜੀ ਦੇ ਗੁਰਦੁਆਰੇ ਅੱਗੇ ਖੜ੍ਹੀ ਸੀ ਕਿ ਉਸ ਨੇ ਪੰਜ ਅਕਾਲੀਆਂ ਦਾ ਜਥਾ ਕਿੱਕਰਾਂ ਦੇ ਝੁੰਡ ਵੱਲ ਰਵਾਨਾ ਹੁੰਦਾ ਵੇਖਿਆ। ਜਦੋਂ ਹੀ ਇਹ ਜਥਾ ਪੁਲਸ ਦੇ ਨੇੜੇ ਪਹੁੰਚਿਆ ਤਾਂ ਪੁਲਸ ਨੇ ਡਾਂਗਾਂ ਨਾਲ ਤਾਬੜਤੋੜ ਹਮਲਾ ਕਰ ਦਿੱਤਾ ਅਤੇ ਇਹ ਮਾਰ-ਕੁੱਟਾਈ ਓਨੀਂ ਦੇਰ ਹੁੰਦੀ ਰਹੀ ਜਦ ਤੱਕ ਸਾਰੇ ਅਕਾਲੀ ਬੇਹੋਸ਼ ਨਹੀਂ ਹੋ ਗਏ।



ਪੁਲਸ ਦੀ ਕੁੱਟ ਸਦਕਾ ਧਰਤੀ ਉੱਤੇ ਡਿੱਗੇ ਪਏ ਅਕਾਲੀ ਨੂੰ ਕੁੱਟਿਆ ਜਾ ਰਿਹਾ ਹੈ। ਖੱਬੇ ਹੱਥ ਪੁਲਸ ਦੇ ਸਾਹਮਣੇ ਇਕ ਹੋਰ ਅਕਾਲੀ ਖੜ੍ਹਾ ਹੈ।

ਪੰਡਤ ਮਾਲਵੀਆ ਜੀ ਅਤੇ ਹੋਰ ਬਹੁਤੇ ਪਤਵੰਤੇ ਇਸ ਬਰਬਰਤਾ ਪੂਰਨ ਕਾਰਨਾਮੇ ਨੂੰ ਵੇਖ ਕੇ ਦ੍ਰਵ ਗਏ ਅਤੇ ਉਹ ਅਗਲੇ ਅਕਾਲੀ ਜਥੇ ਦੇ ਆਉਣ ਤੋਂ ਪਹਿਲਾਂ ਹੀ ਘਟਨਾ ਸਥਲ ਤੋਂ ਦੂਰ ਚਲੇ ਗਏ। ਸ. ਬਖਤਾਵਰ ਸਿੰਘ ਮੈਂਬਰ ਲੈਜਿਸਲੇਟਿਵ ਕੌਂਸਲ, ਪ੍ਰੋ. ਰੁਚੀ ਰਾਮ ਸਾਹਨੀ ਅਤੇ ਕੁੱਝ ਹੋਰ ਵਿਅਕਤੀ ਇਸ ਥਾਂ ਉੱਤੇ ਹੀ ਖੜ੍ਹੇ ਰਹੇ ਜਿਨ੍ਹਾਂ ਨੂੰ ਸਹਾਇਕ ਪੁਲਸ ਕਮਿਸ਼ਨਰ ਮਿਸਟਰ ਲੋਬ ਨੇ ਦੂਰ ਚਲੇ ਜਾਣ ਲਈ ਆਖਿਆ। ਸ੍ਰ. ਬਖਤਾਵਰ ਸਿੰਘ ਅਤੇ ਪ੍ਰੋ. ਸਾਹਨੀ ਨੇ ਆਪਣੀ ਸ਼ਨਾਖਤ ਦੱਸਦਿਆਂ ਉਸੇ ਥਾਂ ਖੜ੍ਹ ਕੇ ਮਾਰ-ਕੁੱਟਾਈ ਦਾ ਦ੍ਰਿਸ਼ ਵੇਖਣ ਦੀ ਜ਼ਿਦ ਕੀਤੀ ਪਰ ਮਿਸਟਰ ਲੋਬ ਨੇ ਸਿਪਾਹੀਆਂ ਨੂੰ ਆਖ ਕੇ ਸਾਰਿਆਂ ਨੂੰ ਦੂਰ ਚਲੇ ਜਾਣ ਲਈ ਮਜ਼ਬੂਰ ਕਰ ਦਿੱਤਾ। ਪਿੱਛੋਂ ਆਏ ਪੰਜ ਪੰਜ ਅਕਾਲੀਆਂ ਦੇ ਅਗਲੇ ਜਥਿਆਂ ਨਾਲ ਵੀ ਪੁਲਸ ਨੇ ਪਹਿਲੇ ਜਥੇ ਵਰਗਾ ਬੇਰਹਿਮ ਵਰਤਾਉ ਕੀਤਾ। ਇਸ ਦਿਨ ਕੁੱਲ 25 ਅਕਾਲੀ ਜ਼ਖਮੀ ਹੋਏ।

ਖ਼ਿਲਾਫਤ ਕਮੇਟੀ ਪੰਜਾਬ ਵੱਲੋਂ ਡਾ: ਮਿਰਜ਼ਾ ਯਾਕੂਬ ਬੇਗ, ਐੱਲ. ਐੱਮ. ਐੱਸ. (ਸਰਜਨ), ਮੈਂਬਰ ਪੰਜਾਬ ਮੈਡੀਕਲ ਕੌਂਸਲ ਦੀ ਅਗਵਾਈ ਹੇਠ ਭੇਜੀ ਡਾਕਟਰਾਂ ਦੀ ਟੋਲੀ ਨੇ ਇਹਨਾਂ ਜ਼ਖਮੀਆਂ ਦਾ ਮੁਆਇਨਾ ਕਰਨ ਉਪਰੰਤ ਚਾਰ ਗੰਭੀਰ ਜ਼ਖਮੀਆਂ ਨੂੰ ਐਬੂਲੈਂਸ ਵਿੱਚ ਪਾ ਕੇ ਤੁਰੰਤ ਅੰਮ੍ਰਿਤਸਰ ਭੇਜ ਦਿੱਤਾ, ਦੋ ਹੋਰ ਬਾਰੇ ਹਦਾਇਤ ਕੀਤੀ ਕਿ ਜੇਕਰ ਉਹਨਾਂ ਦੀ ਹਾਲਤ ਵਿਗੜੇ ਤਾਂ ਉਹ ਵੀ ਅੰਮ੍ਰਿਤਸਰ ਭੇਜ ਦਿੱਤੇ ਜਾਣ ਅਤੇ ਬਾਕੀਆਂ ਦੀ

ਗੁਰਦੁਆਰਾ ਗੁਰੂ ਕਾ ਬਾਗ ਵਿਖੇ ਸਥਾਪਤ ਆਰਜ਼ੀ ਹਸਪਤਾਲ ਵਿੱਚ ਰੱਖ ਕੇ ਮਲ੍ਹਮ ਪੱਟੀ ਕੀਤੀ ਗਈ।

ਪੁਲਿਸ ਨੇ ਇਸ ਦਿਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰਦੁਆਰਾ ਗੁਰੂ ਕਾ ਬਾਗ ਲਈ ਰਵਾਨਾ ਹੋਣ ਵਾਲੇ ਸ਼ਾਂਤਮਈ ਅਤੇ ਨਿਹੱਥੇ ਅਕਾਲੀ ਸਿੱਖਾਂ ਨੂੰ ਚਿੱਟੇ ਦਿਨ ਸਾਰਿਆਂ ਦੇ ਸਾਹਮਣੇ ਮਾਰਨ ਕੁੱਟਣ ਦੀ ਆਪਣੀ ਨੀਤੀ ਬਦਲ ਲਈ ਸੀ। ਪੁਲਸ ਅਫਸਰਾਂ ਨੇ ਮਹਿਸੂਸ ਕਰ ਲਿਆ ਸੀ ਕਿ ਪੁਲਸ ਵੱਲੋਂ ਇਉਂ ਕੀਤੀ ਗਈ ਮਾਰ ਸਦਕਾ ਜ਼ਖਮੀ ਹੋਣ ਵਾਲਿਆਂ ਨੂੰ ਸੱਭ ਦੇ ਸਾਹਮਣੇ ਲਾਰੀਆਂ ਵਿੱਚ ਪਾ ਕੇ ਸ਼ਹਿਰ ਦੇ ਗਲੀਆਂ ਬਾਜਾਰਾਂ ਵਿੱਚ ਦੀ ਲੈ ਜਾਣਾ ਸਰਕਾਰ ਦੀ ਕਾਰਵਾਈ ਪ੍ਰਤੀ ਅਣਇੱਛਤ ਪ੍ਰਭਾਵ ਪਾਉਂਦਾ ਹੈ। ਇਸ ਲਈ ਸੋਚਿਆ ਗਿਆ ਕਿ ਇਕ ਤਾਂ ਮਾਰ-ਕੁਟਾਈ ਸਮੇਂ ਦਰਸ਼ਕ ਨਾ ਇਕੱਠੇ ਹੋਣ ਦਿੱਤੇ ਜਾਣ ਅਤੇ ਦੂਸਰੇ ਇਹ ਕਾਰਵਾਈ ਕੁਵੇਲੇ ਕੀਤੀ ਜਾਵੇ। ਇਸ ਨੀਤੀ ਅਨੁਸਾਰ ਹੀ ਪੁਲਸ ਨੇ ਸ਼ਾਮ ਸਾਢੇ ਛੇ ਵਜੇ ਤੱਕ ਕੋਈ ਵੀ ਕਾਰਵਾਈ ਨਾ ਕੀਤੀ। ਜਦੋਂ ਪੰਡਤ ਮਦਨ ਮੋਹਨ ਮਾਲਵੀਆ ਅਤੇ ਹੋਰ ਪਤਵੰਤੇ ਗੁਰਦੁਆਰਾ ਗੁਰੂ ਕਾ ਬਾਗ ਤੋਂ ਵਾਪਸੀ ਉਪਰੰਤ ਇਸ ਥਾਂ ਪਹੁੰਚੇ ਤਾਂ ਮਿਸਟਰ ਬੀਟੀ ਨੇ ਉਹਨਾਂ ਨੂੰ ਵਿਸ਼ਵਾਸ਼ ਦਵਾਇਆ ਕਿ ਅੱਜ ਜਥੇ ਦੀ ਮਾਰ-ਕੁਟਾਈ ਨਹੀਂ ਹੋਵੇਗੀ। ਪੰਡਤ ਮਾਲਵੀਆ ਜੀ ਮਿਸਟਰ ਬੀਟੀ ਦੀਆਂ ਗੱਲਾਂ ਉੱਤੇ ਭਰੋਸਾ ਕਰਕੇ ਅੰਮ੍ਰਿਤਸਰ ਨੂੰ ਚਲੇ ਗਏ। ਸੂਰਜ ਦੇ ਛਿਪਾ ਨਾਲ ਪੁਲਿਸ ਨੇ ਪਹਿਲਾਂ ਦਰਸ਼ਕਾਂ ਦੇ ਹਜੂਮ ਉੱਤੇ ਹੱਲਾ ਬੋਲਿਆ। ਇਸ ਪੁਲਸੀ ਮਾਰ ਤੋਂ ਬਚਣ ਖਾਤਰ ਲੋਕ ਜਿਧਰ ਮੂੰਹ ਆਇਆ, ਭੱਜ ਗਏ। ਪੁਲਸ ਨੇ ਭੱਜੇ ਜਾਂਦੇ ਲੋਕਾਂ ਨੂੰ ਘੇਰ ਘੇਰ ਕੇ ਕੁੱਟਿਆ ਅਤੇ ਉਹਨਾਂ ਦੀ ਲੁੱਟ ਖੋਹ ਵੀ ਕੀਤੀ। ਦਰਸ਼ਕਾਂ ਵੱਲੋਂ ਸੁਰਖਰੂ ਹੋ ਕੇ ਪੁਲਸ ਨੇ ਅਕਾਲੀ ਸਤਿਆਗ੍ਰਹੀਆਂ ਨਾਲ ਪਿਛਲੇ ਦਿਨਾਂ ਵਾਂਗ ਹੀ ਅਣਮਨੁੱਖੀ ਵਿਹਾਰ ਕੀਤਾ। ਬੀਟੀ ਨੇ ਇੱਕਲੇ ਇਕੱਲੇ ਅਕਾਲੀ ਸਿੱਖ ਦੇ ਕੋਲ ਖਲੋ ਕੇ ਉਸ ਦੀ ਮਾਰ ਕੁੱਟਾਈ ਕਰਵਾਈ। ਇਸ ਸਾਰੀ ਕਾਰਵਾਈ, ਜੋ ਅੱਧੀ ਰਾਤ ਤੱਕ ਚੱਲਦੀ ਰਹੀ, ਦੌਰਾਨ ਉਹ ਅਕਾਲੀਆਂ ਨੂੰ ਬੋਲ-ਕੁਬੋਲ ਵੀ ਬੋਲਦਾ ਰਿਹਾ। ਇਸ ਦਿਨ ਪੁਲਸ ਦੁਆਰਾ ਪੈਦਾ ਕੀਤੀ ਗਈ ਭੜਕਾਹਟ ਅਤੇ ਅਕਾਲੀਆਂ ਦੀ ਸਹਿਨਸ਼ੀਲਤਾ ਬਾਰੇ ਪ੍ਰੋ: ਰੁਚੀ ਰਾਮ ਸਾਹਨੀ ਨੇ 7 ਸੰਤਬਰ, 1922 ਦੇ ਟ੍ਰਿਬਿਊਨ ਵਿਚ ਆਪਣੀ ਰਾਏ ਇਉਂ ਪੇਸ਼ ਕੀਤੀ :

> "ਕੋਈ ਵੀ ਇਹ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਅਕਾਲੀ ਜਥਿਆਂ ਵਿੱਚ ਮੁੱਖ ਤੌਰ ਉੱਤੇ ਸ਼ਾਮਲ ਹੋਣ ਵਾਲੇ ਸੂਖਮ ਆਦਰਸ਼ਵਾਦ ਨੂੰ ਪ੍ਰਣਾਏ ਸਾਧਾਰਨ ਪੇਂਡੂ ਸਾਡੀਆਂ ਅੱਖਾਂ ਦੇ ਸਾਹਮਣੇ ਆਪਣੇ ਦ੍ਰਿੜ ਹੌਸਲੇ, ਹੈਰਾਨੀਜਨਕ ਸਹਿਨਸ਼ੀਲਤਾ, ਅੰਤਲੀ ਭੜਕਾਹਟ ਦੇ ਮੁਕਾਬਲੇ ਸਵੈ-ਕਾਬੂ ਅਤੇ ਹੱਸਦਿਆਂ ਹੱਸਦਿਆਂ ਦੁੱਖ ਸਹਿਣ ਦੀ ਸ਼ਕਤੀ ਦੁਆਰਾ ਸਿੱਧ ਕਰ ਰਹੇ ਹਨ ਕਿ ਉਹ ਵੀਹਵੀਂ ਸਦੀ ਦੇ ਉਸ ਮਹਾਂ-ਕਾਵਿ ਦੇ ਨਾਇਕ ਹਨ ਜਿਸ ਨੂੰ ਉਹਨਾਂ ਦੇ ਲੱਖਾਂ ਦੇਸ਼ਵਾਸੀ ਲੰਮੇ ਸਮੇਂ ਤੱਕ ਆਪਣੀ ਸਿਮਰਤੀ ਵਿਚ ਪਿਆਰ, ਸਤਿਕਾਰ ਅਤੇ ਚਾਹਤ ਨਾਲ ਉਵੇਂ ਹੀ ਯਾਦ ਰੱਖਣਗੇ ਜਿਵੇਂ ਉਹਨਾਂ ਨੇ ਪੁਰਾਤਨ ਮਹਾਂ-ਕਾਵਿ ਨੂੰ ਅਜੇ ਤੱਕ ਸੰਭਾਲਿਆ ਹੋਇਆ ਹੈ।"



ਪੁਲਿਸ ਦੀ ਮਾਰ-ਕੁੱਟਾਈ ਦਾ ਇਕ ਦ੍ਰਿਸ਼
(ਗੁਰਦੁਆਰਾ ਬਾਬਾ ਬਕਾਲਾ ਦੀ ਛੱਤ ਉਤੇ ਬਣਿਆ ਚਿੱਤ੍ਰ)



ਇੱਕ ਅਕਾਲੀ ਪੁਲਿਸ ਦੀ ਮਾਰ ਕਾਰਨ ਮੂਧੇ ਮੂੰਹ ਡਿਗਿਆ ਪਿਆ ਹੈ ਅਤੇ ਪੁਲਿਸ ਦੀ ਮਾਰ ਕੁੱਟ ਕਾਰਨ ਡਿੱਗੇ ਪਏ ਇੱਕ ਹੋਰ ਅਕਾਲੀ ਨੂੰ ਇੱਕ ਪੁਲਸ ਵਾਲਾ ਕੇਸਾਂ ਤੋਂ ਫੜ ਕੇ ਖਿੱਚ ਰਿਹਾ ਹੈ।

ਸਤਿਆਗ੍ਰਹਿ ਦੌਰਾਨ ਪੁਲਸ ਦੀ ਵਹਿਸ਼ੀਆਨਾ ਮਾਰ-ਕੁੱਟਾਈ ਸਦਕਾ ਜ਼ਖਮੀ ਹੋਣ ਵਾਲੇ ਅਕਾਲੀਆਂ ਦੀ ਦੇਖ ਭਾਲ ਕਰਨ ਲਈ ਕੁੱਝ ਡਾਕਟਰ ਅਤੇ ਉਹਨਾਂ ਦੇ ਸਹਾਇਕ ਪਹਿਲਾਂ ਹੀ ਕੰਮ ਕਰ ਰਹੇ ਸਨ ਪਰ ਅੱਜ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਵਿੱਚ ਸਥਾਪਤ ਕੀਤੇ ਤਿੰਨ ਆਰਜ਼ੀ ਹਸਪਤਾਲਾਂ ਵਿੱਚ ਨਿਯਮਬੱਧ ਢੰਗ ਨਾਲ ਹੇਠ ਲਿਖੇ ਅਨੁਸਾਰ ਭਿੰਨ ਭਿੰਨ ਡਾਕਟਰਾਂ ਦੀਆਂ ਡਿਊਟੀਆਂ ਲਾਈਆਂ :

**ਡਾਇਰੈਕਟਰ ਮੈਡੀਕਲ ਸੇਵਾਵਾਂ :**

ਲੈਫਟੀਨੈਂਟ ਕਰਨਲ ਗੁਲਾਬ ਸਿੰਘ ਐੱਲ. ਆਰ. ਸੀ. ਪੀ. ਐਂਡ. ਐੱਸ. (ਈਡਨ)
(ਲਗਪਗ ਅੱਧ ਸਤੰਬਰ, 22 ਤੱਕ ਸੇਵਾ ਕੀਤੀ।)
ਡਾ: ਚੁੰਨੀ ਲਾਲ ਭਾਟੀਆ, ਐੱਲ. ਆਰ. ਸੀ. ਪੀ. ਐਂਡ ਐੱਸ (ਈਡਨ)
(ਡਾ: ਗੁਲਾਬ ਸਿੰਘ ਦੇ ਜਾਣ ਪਿਛੋਂ ਸੇਵਾ ਨਿਭਾਈ।)

| | |
|---|---|
| ਮੋਟਰ ਐਂਬੂਲੈਂਸ ਇੰਚਾਰਜ : | ਡਾ: ਕਾਹਨ ਚੰਦ ਦੇਵ ਐਮ. ਡੀ. |
| ਸਹਾਇਕ : | ਡਾ: ਮਨੀ ਰਾਮ |
| | ਡਾ: ਪਰਸੂ ਰਾਮ ਸ਼ਰਮਾ, ਫੀਰੋਜ਼ਪੁਰ ਸ਼ਹਿਰ (2-4, 10 ਅਤੇ 13 ਸਤੰਬਰ ਲਈ) |
| | ਡਾ: ਨੰਦ ਲਾਲ ਰਾਮਪਾਲ (ਕੁੱਝ ਸਮੇਂ ਲਈ) |

ਹਸਪਤਾਲ ਨੰ: 1 (ਪੁਰਾਣਾ ਗੁਰੂ ਕਾ ਲੰਗਰ)
ਇੰਨਚਾਰਜ : ਡਾ: ਭਗਵਾਨ ਸਿੰਘ ਐੱਸ. ਏ. ਐੱਸ
ਹਸਪਤਾਲ ਨੰ: 2 (ਗੁਰੂ ਕਾ ਬਾਗ) (ਲਗਪਗ ਅੱਧ ਸਤੰਬਰ, 22 ਤੱਕ ਚੱਲਿਆ)

| | | |
|---|---|---|
| ਵਾਰਡ ਨੰ: 1 | ਇੰਨਚਾਰਜ : | ਡਾ: ਸੰਤ ਦਾਸ ਐੱਮ.ਬੀ.ਬੀ.ਐੱਸ. |
| | ਸਹਾਇਕ : | ਡਾ: ਰਾਜਾ ਸਿੰਘ |
| ਵਾਰਡ ਨੰ: 2 | ਇੰਨਚਾਰਜ : | ਡਾ: ਮੋਹਨ ਸਿੰਘ ਐੱਮ.ਆਰ.ਐੱਫ.ਐੱਸ. |
| | ਸਹਾਇਕ : | ਡਾ: ਵਸਾਖਾ ਸਿੰਘ |

ਹਸਪਤਾਲ ਨੰ: 3 (ਬਾਗ ਅਕਾਲੀਆਂ)

| | | |
|---|---|---|
| ਵਾਰਡ ਨੰ: 1 | ਇੰਨਚਾਰਜ : | ਡਾ: ਚੁੰਨੀ ਲਾਲ ਭਾਟੀਆ ਐੱਲ.ਆਰ.ਸੀ.ਪੀ. ਐਂਡ ਐੱਸ |
| | ਸਹਾਇਕ : | ਡਾ: ਰਾਮ ਰੱਖਾ ਮੱਲ ਸੀਨੀਅਰ ਐੱਸ.ਏ.ਐਸ. |
| ਵਾਰਡ ਨੰ: 2 | ਇੰਨਚਾਰਜ : | ਡਾ: ਪ੍ਰਤਾਪ ਸਿੰਘ ਐੱਮ.ਬੀ.ਬੀ.ਐੱਸ. |
| | ਸਹਾਇਕ : | ਡਾ: ਗੰਗਾ ਰਾਮ ਐੱਸ.ਏ.ਐੱਸ. |
| ਵਾਰਡ ਨੰ: 3 | ਇੰਨਚਾਰਜ : | ਡਾ: ਮਨੋਹਰ ਲਾਲ ਐੱਮ.ਬੀ.ਬੀ.ਐੱਸ. |
| | ਸਹਾਇਕ : | ਡਾ: ਹਰੀ ਰਾਮ ਸਿੰਘ |
| ਖਿਲਾਫਤ ਵਾਰਡ | : | ਇਹ ਵਾਰਡ ਖਿਲਾਫਤ ਕਮੇਟੀ, ਪੰਜਾਬ ਦੁਆਰਾ ਚਲਾਇਆ ਜਾ ਰਿਹਾ ਸੀ। ਸਮੇਂ ਸਮੇਂ ਡਾ: ਗੁਲਾਮ ਹੈਦਰ, ਐੱਮ. ਬੀ. ਬੀ. ਐੱਸ. (ਅੰਮ੍ਰਿਤਸਰ) ਅਤੇ ਡਾ: ਫਜ਼ਲ ਸ਼ਾਹ ਐੱਮ.ਪੀ.ਐਲ. (ਗੁਜਰਾਤ) |

ਇਸ ਵਾਰਡ ਦੇ ਇੰਚਾਰਜ ਰਹੇ।

ਰਜਿਸਟਰਾਰ : ਡਾ: ਮਹਾਂ ਸਿੰਘ ਐੱਸ.ਏ.ਐੱਸ.

ਮੈਡੀਕਲ ਸਟੋਰ ਇੰਨਚਾਰਜ : ਡਾ: ਗੁਰਦਿੱਤ ਸਿੰਘ, ਐੱਸ.ਏ.ਐੱਸ.

ਕੰਪਾਊਂਡਰ : ਸ੍ਰੀ ਜਸਵੰਤ ਸਿੰਘ

ਸ੍ਰੀ ਮਾਇਆ ਸਿੰਘ



ਅੰਮ੍ਰਿਤਸਰ ਵਿਖੇ ਆਰਜੀ ਤੌਰ 'ਤੇ ਸਥਾਪਤ ਕੀਤੇ ਗਏ ਅਕਾਲੀ ਹਸਪਤਾਲ ਦਾ ਇੱਕ ਦ੍ਰਿਸ਼।

ਜ਼ਖਮੀਆਂ ਨੂੰ ਮੰਜੇ-ਬਿਸਤਰੇ, ਭੋਜਨ ਅਤੇ ਹੋਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ 'ਧਾਰਮਿਕ ਫੱਟੜ ਸੇਵਕ ਜੱਥਾ' ਦੇ ਵਲੰਟੀਅਰਾਂ ਨੇ ਆਪਣੇ ਸਿਰ ਲਈ ਹੋਈ ਸੀ।

ਸਰਕਾਰੀ ਡਿਸਪੈਂਸਰੀ, ਅਜਨਾਲਾ ਦੇ ਡਾਕਟਰ ਨੇ ਭਾਈ ਭਗਤ ਸਿੰਘ ਦੀ ਵਿਗੜਦੀ ਹਾਲਤ ਵੇਖ ਕੇ ਉਸ ਨੂੰ ਅੰਮ੍ਰਿਤਸਰ ਸ਼ਹਿਰ ਦੇ ਕਿਸੇ ਵੱਡੇ ਹਸਪਤਾਲ ਵਿੱਚ ਲਿਜਾਣ ਦੀ ਸਲਾਹ ਦਿੱਤੀ।



ਪੁਲਸ ਦੀ ਕੁੱਟ ਕਾਰਨ 4 ਸਤੰਬਰ ਨੂੰ ਸ਼ਹੀਦ ਹੋਇਆ ਭਾਈ ਭਗਤ ਸਿੰਘ ਪਿੰਡ ਤੇੜਾ

ਭਾਈ ਭਗਤ ਸਿੰਘ ਦਾ ਵੱਡਾ ਭਰਾ ਸ੍ਰ: ਜਗਤ ਸਿੰਘ ਅਤੇ ਹੋਰ ਲੋਕ ਉਸ ਨੂੰ ਲੈ ਕੇ ਅੰਮ੍ਰਿਤਸਰ ਰਵਾਨਾ ਹੋਣ ਹੀ ਵਾਲੇ ਸਨ ਕਿ ਉਸ ਨੇ ਪ੍ਰਾਣ ਤਿਆਗ ਦਿੱਤੇ। ਸ੍ਰ: ਜਗਤ ਸਿੰਘ ਪੁਲਸ ਦੇ ਡਿਪਟੀ ਸੁਪਰਡੰਟ, ਮਿਸਟਰ ਬੀਟੀ, ਜਿਸ ਦੀ ਕਮਾਨ ਹੇਠ ਆਈ ਪੁਲਸ ਟੁਕੜੀ ਨੇ ਭਾਈ ਭਗਤ ਸਿੰਘ ਅਤੇ ਉਸ ਦੇ ਪੁੱਤਰਾਂ ਨੂੰ ਬੇਤਹਾਸ਼ਾ ਕੁਟਿਆ ਸੀ, ਨੂੰ ਮਿਲ ਕ ਆਪਣਾ ਦੁੱਖ ਦੱਸਣ ਲਈ ਸਾਰੀ ਦਿਹਾੜੀ ਗੁਰੂ ਕਾ ਬਾਗ ਦੇ ਚੱਕਰ ਲਾਉਂਦਾ ਰਿਹਾ ਪਰ ਉਹ ਬੀਟੀ ਨੂੰ ਮਿਲਣ ਵਿਚ ਸਫਲ ਨਾ ਹੋ ਸਕਿਆ।

ਇਸ ਦਿਨ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਵੀ ਪੁਲਸ ਦਾ ਕਹਿਰ ਜਾਰੀ ਰਿਹਾ। ਇੱਥੇ ਪੁਲਸੀ ਕਾਰਵਾਈ ਦੀ ਨਿਗਰਾਨੀ ਮਿਸਟਰ ਲੋਬ ਏ.ਐੱਸ.ਪੀ., ਅੰਮ੍ਰਿਤਸਰ ਕਰ ਰਿਹਾ ਸੀ। ਗੁਰਦੁਆਰਾ ਗੁਰੂ ਅਰਜਨ ਦੇਵ ਵੱਲੋਂ ਕਿੱਕਰਾਂ ਦੇ ਝੁੰਡ ਵੱਲ ਜਾਣ ਲਈ ਤੁਰਦੇ ਪੰਜ ਪੰਜ ਅਕਾਲੀਆਂ ਦੇ ਜਥੇ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਦੇ ਨੇੜੇ ਪੁਲਸੀਆਂ ਨੇ ਡਾਂਗਾਂ ਨਾਲ ਕੁੱਟਿਆ। ਮਿਸਟਰ ਲੋਬ ਦਾ ਪਾਲਤੂ ਕੁੱਤਾ ਵੀ ਆਪਣੇ ਮਾਲਕ ਦੀ ਸ਼ਹਿ ਉੱਤੇ ਅਕਾਲੀਆਂ ਦੀਆਂ ਲੱਤਾਂ ਉੱਤੇ ਦੰਦੀਆਂ ਵੱਢ ਰਿਹਾ ਸੀ। ਅਕਾਲੀਆਂ ਨੂੰ ਓਨੀ ਦੇਰ ਡਾਂਗਾਂ ਨਾਲ ਕੁੱਟਿਆ ਗਿਆ ਜਿੰਨੀ ਦੇਰ ਉਹ ਬੇਹੋਸ਼ ਨਹੀਂ ਹੋ ਗਏ। ਇਸ ਢੰਗ ਨਾਲ ਇਸ ਦਿਨ 23 ਅਕਾਲੀ ਜਬਰ ਦਾ ਨਿਸ਼ਾਨਾ ਬਣਾਏ ਗਏ।

### 5 ਸਤੰਬਰ (21 ਭਾਦੋਂ, ਮੰਗਲਵਾਰ) :
### ਅਕਾਲੀ ਜੱਥਾ ਲਾਇਲਪੁਰ ਵੱਲੋਂ ਸਤਿਆਗ੍ਰਹਿ

ਇਸ ਦਿਨ ਜ਼ਿਲ੍ਹਾ ਲਾਇਲਪੁਰ ਦੇ ਅਕਾਲੀ ਜਥੇ ਦੇ ਵਲੰਟੀਅਰਾਂ ਦੀ ਸਤਿਆਗ੍ਰਹਿ ਲਈ ਜਾਣ ਦੀ ਵਾਰੀ ਸੀ। ਇਹਨਾਂ ਦਾ ਆਗੂ ਖਾਲਸਾ ਕਾਲਜ, ਅੰਮ੍ਰਿਤਸਰ ਦਾ ਰਹਿ ਚੁੱਕਾ ਵਿਦਿਆਰਥੀ ਪਿਰਥੀਪਾਲ ਸਿੰਘ, ਉਰਫ ਜਵੰਦ ਸਿੰਘ ਉਮਰ ਅਠਾਈ ਸਾਲ, ਪੁੱਤਰ ਸੂਬੇਦਾਰ ਨਿਹਾਲ ਸਿੰਘ ਅਤੇ ਮੀਤ ਆਗੂ ਭਾਈ ਨਾਦਰ ਸਿੰਘ ਪੁੱਤਰ ਸੂਬੇਦਾਰ ਈਸ਼ਰ ਸਿੰਘ ਸੀ। ਇਸ ਜਥੇ ਵਿੱਚ ਵਧੇਰੇ ਗਿਣਤੀ ਅੰਗਰੇਜ਼ੀ ਸੈਨਾ ਵਿੱਚ ਬਹਾਦਰੀ ਦਿਖਾਉਣ ਬਦਲੇ ਇਨਾਮ ਵਜੋਂ ਲਾਇਲਪੁਰ ਦੇ ਇਲਾਕੇ ਵਿੱਚ ਮੁਰੱਬੇ ਪ੍ਰਾਪਤ ਕਰਨ ਵਾਲੇ ਸਾਬਕਾ ਸੈਨਿਕਾਂ ਦੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਦੀ ਸੀ। ਸ੍ਰੀ ਅਕਾਲ ਤਖਤ ਸਾਹਿਤ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਸਵੇਰੇ 10 ਵਜੇ ਰਵਾਨਾ ਹੋਏ 100 ਸਿੰਘਾਂ ਦੇ ਇਸ ਜਥੇ ਨੂੰ ਪੁਲਸ ਵੱਲੋਂ ਦੋ ਵਜੇ ਛੀਨਿਆਂ ਦੇ ਪੁੱਲ 'ਤੇ ਰੋਕਿਆ ਗਿਆ। ਇਸ ਸਮੇਂ ਮਿਸਟਰ ਡੰਨਟ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਖੁਦ ਮੌਕੇ ਉੱਤੇ ਹਾਜ਼ਰ ਸੀ। ਪੁਲਸ ਵੱਲੋਂ ਵਾਪਿਸ ਮੁੜ ਜਾਣ ਦੀ ਪ੍ਰੇਰਨਾ ਦੇ ਬਾਵਜੂਦ ਜਥੇ ਵੱਲੋਂ ਗੁਰੂ ਕੇ ਬਾਗ ਪਹੁੰਚਣ ਦੀ ਜ਼ਿੱਦ ਕਰਨ ਉੱਤੇ ਅੰਨ੍ਹੇ ਵਾਹ ਲਾਠੀਚਾਰਜ ਕੀਤਾ ਗਿਆ। ਡਾਂਗਾਂ ਦੀ ਮਾਰ ਨਾਲ ਬੇਹੋਸ਼ ਹੋਏ ਸਤਿਆਗ੍ਰਹੀਆਂ ਵਿਚੋਂ 30 ਅਕਾਲੀ ਹੋਸ਼ ਆਉਣ ਉਪਰੰਤ ਫਿਰ ਅੱਗੇ ਜਾਣ ਲੱਗੇ ਤਾਂ ਪੁਲਸ ਨੇ ਉਹਨਾਂ ਨੂੰ ਫੇਰ ਡਾਗਾਂ ਨਾਲ ਭੰਨਣਾ ਸ਼ੁਰੂ ਕਰ ਦਿੱਤਾ। ਸਿਦਕ-ਸਿਰੜ ਅਤੇ ਜ਼ੁਲਮ ਦਾ ਇਹ ਮੁਕਾਬਲਾ ਸਵਾ ਤਿੰਨ ਵਜੇ ਤੱਕ ਚੱਲਦਾ ਰਿਹਾ। ਜਥੇਦਾਰ

ਪਿਰਥੀਪਾਲ ਸਿੰਘ ਨੇ ਇਉਂ ਛੇ ਵਾਰ ਅੱਗੇ ਜਾਣ ਦਾ ਯਤਨ ਕੀਤਾ ਅਤੇ ਪੁਲਸ ਨੇ ਉਸ ਨੂੰ ਗਿਣ ਮਿਥ ਕੇ ਤਸ਼ੱਦਦ ਦਾ ਨਿਸ਼ਾਨਾ ਬਣਾਇਆ। ਪਿਛੋਂ ਇੱਕ ਡਾਕਟਰੀ ਰਿਪੋਰਟ ਵਿਚ ਭਾਈ ਪਿਰਥੀਪਾਲ ਸਿੰਘ ਦੇ ਸਰੀਰ ਉੱਤੇ ਲੱਗੀਆਂ ਸੱਟਾਂ ਦਾ ਵੇਰਵਾ ਇਉਂ ਦਿੱਤਾ ਗਿਆ ਸੀ :-

ਮੱਥੇ ਉੱਤੇ ਲਾਠੀ ਦੀ ਸੱਟ ਦਾ ਨਿਸ਼ਾਨ : ਤਿੰਨ ਇੰਚ ਲੰਮਾ ਅਤੇ ਦੋ ਇੰਚ ਚੌੜਾ,
ਠੋਡੀ ਉੱਤੇ ਜ਼ਖਮ : ਦੋ ਇੰਚ ਲੰਮਾ, ਇੱਕ ਇੰਚ ਚੌੜਾ ਅਤੇ ਅੱਧਾ ਇੰਚ ਡੂੰਘਾ,
ਸੱਜੇ ਕੰਨ ਹੇਠਾਂ ਚੋਟ : ਦੋ ਇੰਚ ਲੰਮੀ ਅਤੇ ਡੇਢ ਇੰਚ ਚੌੜੀ,
ਸੱਜੇ ਅਤੇ ਖੱਬੇ ਮੋਢੇ ਉੱਤੇ ਲਾਠੀਆਂ ਦੀਆਂ ਸੱਟਾਂ ਦੇ ਨਿਸ਼ਾਨ,
ਖੱਬੀ ਬਾਂਹ ਉੱਤੇ ਲਾਠੀ ਦੀ ਸੱਟ ਦਾ ਨਿਸ਼ਾਨ : ਤਿੰਨ ਇੰਚ ਲੰਮਾ ਦੋ ਇੰਚ ਚੌੜਾ;
ਸੱਜੇ ਹੱਥ ਦੀ ਚੀਚੀ ਦੇ ਨਾਲ ਦੀ ਅਤੇ ਵਿਚਕਾਰਲੀ ਉਂਗਲ ਚੋਟ ਨਾਲ ਉੱਤਰੀ ਹੋਈ;
ਸੱਜੇ ਮੋਢੇ ਦੇ ਪਿਛਲੇ ਪਾਸੇ ਸੱਟ : ਛੇ ਇੰਚ ਲੰਮੀ ਚਾਰ ਇੰਚ ਚੌੜੀ;
ਸੱਜੇ ਚੂਲੇ ਉੱਤੇ ਚੋਟ : ਛੇ ਇੰਚ ਲੰਮੀ ਅਤੇ ਪੰਜ ਇੰਚ ਚੌੜੀ;
ਖੱਬੇ ਚੂਲੇ ਉੱਤੇ ਸੱਟ : ਛੇ ਇੰਚ ਲੰਮੀ ਅਤੇ ਚਾਰ ਇੰਚ ਚੌੜੀ;



ਲਾਇਲਪੁਰ ਅਕਾਲੀ ਜਥੇ ਦਾ ਆਗੂ ਭਾਈ ਪਿਰਥੀਪਾਲੀ ਸਿੰਘ ਪੁਲਸ ਦੇ ਤਸ਼ੱਦਦ ਕਾਰਨ 5 ਸਤੰਬਰ, 1922 ਨੂੰ ਜ਼ਖਮੀ ਹੋਇਆ ਆਪਣੇ ਨਿਕਟਵਰਤੀਆਂ ਨਾਲ

ਸੱਜੇ ਪੱਟ ਉੱਤੇ ਸੱਟ : ਛੇ ਇੰਚ ਲੰਮੀ ਤੇ ਚਾਰ ਇੰਚ ਚੌੜੀ;
ਖੱਬੇ ਪੱਟ ਉੱਤੇ ਸੱਟ : ਪੰਜ ਇੰਚ ਲੰਮੀ ਅਤੇ ਤਿੰਨ ਇੰਚ ਚੌੜੀ;
ਦੋਵੇਂ ਲੱਤਾਂ ਉੱਤੇ ਅੱਗੇ ਅਤੇ ਪਿੱਛੇ ਸੱਟਾਂ : ਚਾਰ ਇੰਚ ਲੰਮੀਆਂ ਅਤੇ ਤਿੰਨ ਇੰਚ ਚੌੜੀਆਂ; ਅਤੇ
ਖੱਬੇ ਪੈਰ ਦੀ ਛੱਤ ਉੱਤੇ ਸਖਤ ਚੋਟ।

(ਜਥੇਦਾਰ ਪਿਰਥੀਪਾਲ ਸਿੰਘ ਦੇ ਸਰੀਰ ਉੱਤੇ ਲੱਗੇ ਜ਼ਖਮਾਂ ਦੀ ਗਿਣਤੀ ਹੀ ਵੱਧ ਨਹੀਂ ਸੀ, ਸਗੋਂ ਇਹ ਜ਼ਖਮ ਡੂੰਘੇ ਅਤੇ ਖਤਰਨਾਕ ਵੀ ਸਨ। ਫਲਸਰੂਪ ਹਰ ਸੰਭਵ ਦੇਖ ਭਾਲ ਦੇ ਬਾਵਜੂਦ ਉਹ ਠੀਕ ਨਾ ਹੋਇਆ ਅਤੇ ਲਗਭਗ ਪੌਣੇ ਦੋ ਸਾਲ ਜ਼ਿੰਦਗੀ ਅਤੇ ਮੌਤ ਦਾ ਘੋਲ ਲੜਣ ਉਪਰੰਤ ਉਹ 2 ਅਪਰੈਲ, 1924 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜਿਆ)।



ਲਾਇਲਪੁਰ ਅਕਾਲੀ ਜਥੇ ਦਾ ਆਗੂ ਭਾਈ ਪਿਰਥੀਪਾਲ ਸਿੰਘ ਜਿਸਨੂੰ 5 ਸਤੰਬਰ ਨੂੰ ਛੀਨਿਆਂ ਦੇ ਪੁੱਲ ਉੱਤੇ ਪੁਲਸ ਨੇ ਆਪਣੇ ਜਬਰ ਦਾ ਨਿਸ਼ਾਨਾ ਬਣਾਇਆ।

ਗੰਭੀਰ ਜ਼ਖਮੀ ਸਿੰਘਾਂ ਵਿੱਚ ਬਾਬਾ ਮਈਆ ਸਿੰਘ ਹੌਲਦਾਰ ਪੈਨਸ਼ਨਰ, ਚੱਕ ਨੰ. 36, ਝੰਗ ਬ੍ਰਾਂਚ ਜ਼ਿਲ੍ਹਾ ਲਾਇਲਪੁਰ ਵੀ ਸ਼ਾਮਲ ਸੀ।

ਇਸ ਦਿਨ ਸ਼੍ਰੋਮਣੀ ਕਮੇਟੀ ਦੇ ਗ੍ਰਿਫਤਾਰ ਮੁੱਖੀਆਂ ਦੀ ਫਿਰ ਅਦਾਲਤ ਵਿੱਚ ਪੇਸ਼ੀ ਹੋਈ। ਜਦੋਂ ਮਾਲਵੀਆ ਜੀ ਨੇ ਸਿੱਖ ਆਗੂਆਂ ਦੀ ਵਕਾਲਤ ਕਰਨ ਲਈ ਅਦਾਲਤ ਨੂੰ ਆਪਣੀ ਸਹਿਮਤੀ ਦਿੱਤੀ ਤਾਂ ਸਰਕਾਰੀ ਵਕੀਲ ਨੇ ਇਤਰਾਜ਼ ਕੀਤਾ ਕਿ ਮਾਲਵੀਆ ਜੀ ਐਡਵੋਕੇਟ ਨਹੀਂ ਹਨ, ਇਸ ਲਈ ਉਹ ਇਸ ਮੁਕੱਦਮੇ ਦੀ ਪੈਰਵੀ ਨਹੀਂ ਕਰ ਸਕਦੇ। ਇਸ ਇਤਰਾਜ਼ ਦਾ ਖੰਡਨ ਕਰਦਿਆਂ ਮਾਲਵੀਆ ਜੀ ਨੇ ਆਖਿਆ ਕਿ ਉਹ ਅਲਾਹਾਬਾਦ ਹਾਈਕੋਰਟ ਤੋਂ ਮਾਨਤਾ ਪ੍ਰਾਪਤ ਵਕੀਲ ਹਨ ਅਤੇ ਲੀਗਲ ਪ੍ਰੈਕਟੀਸ਼ਨਰਜ਼ ਐਕਟ, ਖੰਡ 4, ਦੀ ਧਾਰਾ ਅਧੀਨ ਬਰਤਾਨਵੀ ਹਿੰਦੁਸਤਾਨ ਅੰਦਰ ਕਿਸੇ ਵੀ ਜ਼ਿਲਾ ਅਦਾਲਤ ਵਿੱਚ ਪੇਸ਼ ਹੋਣ ਦਾ ਅਧਿਕਾਰ ਰੱਖਦੇ ਹਨ। ਇਸ ਉੱਤੇ ਸਰਕਾਰੀ ਵਕੀਲ ਨੇ ਆਪਣਾ ਇਤਰਾਜ਼ ਵਾਪਸ ਲੈ ਲਿਆ।

ਭਾਈ ਪ੍ਰੇਮ ਸਿੰਘ ਸੋਢ ਬੰਸ, ਪ੍ਰਧਾਨ, ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ ਨੇ ਸੂਚਨਾ ਦਿੱਤੀ ਕਿ ਉਸ ਨੇ ਬਾਗ ਅਕਾਲੀਆਂ ਵਿਚ ਜ਼ੇਰੇ-ਇਲਾਜ ਅਕਾਲੀ ਫੱਟੜਾਂ ਵਿਚ ਸ਼ਹੀਦ ਦਲੀਪ ਸਿੰਘ ਦੀ ਭੈਣ ਨੂੰ ਵੀ ਵੇਖਿਆ ਹੈ।

ਪਿਛਲੇ ਦਿਨੀਂ ਪੁਲਸ ਦੁਆਰਾ ਕੀਤੀ ਕੁੱਟ ਕਾਰਨ ਕੱਲ੍ਹ ਸੁਰਗਵਾਸ ਹੋਏ ਭਾਈ ਭਗਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਦੀ ਖ਼ਬਰ ਗੁਰੂ ਕਾ ਬਾਗ ਵਿਖੇ ਅਕਾਲੀਆਂ ਨੂੰ ਮਿਲੀ ਤਾਂ ਫੈਸਲਾ ਹੋਇਆ ਕਿ ਮ੍ਰਿਤਕ ਦੇਹ ਅੰਮ੍ਰਿਤਸਰ ਲੈ ਜਾ ਕੇ ਉਥੇ ਸੰਸਕਾਰ ਕੀਤਾ ਜਾਵੇ। ਇਸ ਸੋਚ ਅਨੁਸਾਰ ਭਾਈ ਭਗਤ ਸਿੰਘ ਦਾ ਮ੍ਰਿਤਕ ਸਰੀਰ ਗੁਰੂ ਕਾ ਬਾਗ ਲਿਆਂਦਾ ਗਿਆ।

ਪੰਜਾਬ ਸਰਕਾਰ ਦੇ ਮੁੱਖ ਸਕੱਤਰ ਮਿਸਟਰ ਐੱਚ.ਡੀ.ਕ੍ਰੇਕ ਨੇ ਹਿੰਦੁਸਤਾਨ ਸਰਕਾਰ ਦੇ ਗ੍ਰਹਿ ਸਕੱਤਰ ਮਿਸਟਰ ਐੱਸ.ਪੀ. ਡੌਨਲ ਨੂੰ ਗੁਰੂ ਕਾ ਬਾਗ ਦੀ ਸਥਿਤੀ ਬਾਰੇ ਸੰਖੇਪ ਰੀਪੋਰਟ ਭੇਜਦਿਆਂ ਲਿਖਿਆ ਕਿ ਗਵਰਨਰ ਪੰਜਾਬ ਦੀ ਰਾਇ ਅਨੁਸਾਰ ਇਸ ਮਾਮਲੇ ਦੇ ਨਿਪਟਾਰੇ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਚੱਲ ਰਹੀ ਸਮਝੌਤਾ-ਵਾਰਤਾ ਬਾਰੇ ਵਧੇਰੇ ਸਪਸ਼ਟ ਸ਼ਬਦਾਂ ਵਿਚ ਕੁੱਝ ਆਖਣਾ ਅਣਇੱਛਤ ਅਤੇ ਇਸ ਬਾਰੇ ਹਿੰਦੁਸਤਾਨ ਜਾਂ ਬਰਤਾਨੀਆ ਵਿਚ ਕੁੱਝ ਛਾਪਣਾ ਸਮੇਂ ਤੋਂ ਅਗੇਤਾ ਹੋਵੇਗਾ।

## 6 ਸਤੰਬਰ (22 ਭਾਦੋਂ, ਪੂਰਨਮਾਸ਼ੀ ਬੁੱਧਵਾਰ) :
## ਦੁਆਬਾ ਅਕਾਲੀ ਜਥੇ ਵੱਲੋਂ ਸਤਿਆਗ੍ਰਹਿ, ਭਾਈ ਭਗਤ ਸਿੰਘ ਦਾ ਸਸਕਾਰ ਅਤੇ ਭਾਈ ਤਾਰਾ ਸਿੰਘ ਸੁਰਗਵਾਸ

ਇਸ ਦਿਨ ਜਥੇਦਾਰ ਪ੍ਰਤਾਪ ਸਿੰਘ ਖੁਰਦਪੁਰੀ ਦੀ ਅਗਵਾਈ ਵਿੱਚ ਜਲੰਧਰ ਜ਼ਿਲ੍ਹੇ ਦੇ 102 ਅਕਾਲੀ ਸਿੰਘਾਂ ਉੱਤੇ ਆਧਾਰਿਤ ਜਥੇ ਨੇ ਆਪਣੇ ਆਪ ਨੂੰ ਸਤਿਆਗ੍ਰਹਿ ਲਈ ਪੇਸ਼ ਕੀਤਾ। ਜਥੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਰਵਾਨਾ ਕਰਨ ਲਈ ਆਈਆਂ ਸੰਗਤਾਂ ਵਿੱਚ ਬੀਬੀ ਚੰਦ ਕੌਰ ਵੀ ਹਾਜ਼ਰ ਸੀ, ਜਿਸ ਦੇ ਦੋ ਪੁੱਤਰ ਅਤੇ ਇੱਕ ਭਰਾ ਅੱਜ ਦੇ ਜਥੇ ਵਿੱਚ ਸ਼ਾਮਲ ਸਨ। ਇਹ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ 10.15 ਵਜੇ ਸਵੇਰੇ ਰਵਾਨਾ ਹੋਇਆ। ਪੁਲਿਸ ਨੇ ਇਸ ਜਥੇ ਨੂੰ ਗੁਰਦੁਆਰਾ ਗੁਰੂ ਕਾ ਬਾਗ ਤੋਂ ਉਰੇ ਛੀਨਾ ਪਿੰਡ ਨੇੜੇ ਨਹਿਰ ਦੇ ਪੁੱਲ ਉੱਤੇ ਰੋਕਿਆ। ਪੁਲਸ ਨੇ ਬੜੀ ਕੋਸ਼ਿਸ਼ ਕੀਤੀ ਕਿ ਸਤਿਆਗ੍ਰਹੀ ਗੁਰਦੁਆਰਾ ਗੁਰੂ ਕੇ ਬਾਗ ਵੱਲ ਜਾਣ ਦੀ ਥਾਂ ਪਿਛਾਂਹ ਮੁੜ ਜਾਣ ਪਰ ਸਫਲਤਾ ਨਾ ਮਿਲੀ। ਫਲਸਰੂਪ ਕ੍ਰੋਧ ਵਿੱਚ ਆਏ ਇੱਕ ਅੰਗਰੇਜ਼ ਅਫਸਰ ਨੇ ਜਥੇਦਾਰ ਦੇ ਮੂੰਹ ਉੱਤੇ ਚਪੇੜ ਮਾਰੀ ਪਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਾਂਤਮਈ ਦਾ ਪ੍ਰਣ ਲੈ ਕੇ ਚੱਲੇ ਅਕਾਲੀ ਆਪਣੇ ਬਚਨ ਉੱਤੇ ਦ੍ਰਿੜ ਰਹੇ। ਆਖਰ ਪੁਲਸ ਨੇ ਪਹਿਲੇ ਦਿਨਾਂ ਵਾਂਗ ਹੀ ਜਥੇ ਦੀ ਬੇਰਹਿਮੀ ਨਾਲ ਡਾਂਗਾਂ ਨਾਲ ਮਾਰ ਕੁੱਟਾਈ ਕੀਤੀ। ਇਸ ਮੌਕੇ ਅਸਮਾਨ ਵਿਚ ਉੱਡਦਾ ਇਕ ਪੰਛੀ ਲੋਕਾਂ ਦੀ ਖਿੱਚ ਦਾ ਕਾਰਨ ਬਣਿਆ। ਮਨੌਤ ਇਹ ਸੀ ਕਿ ਇਹ ਪੰਛੀ ਦਸਮ ਪਿਤਾ ਦਾ ਬਾਜ ਹੈ ਜੋ ਪੀੜਿਤ ਅਕਾਲੀਆਂ ਦਾ ਦਰਦ ਵੰਡਾਉਣ ਲਈ ਹਾਜ਼ਰ ਹੁੰਦਾ ਹੈ। ਪਿੱਛੋਂ ਇਹ ਪੰਛੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪਰਿਸਰ ਉੱਤੇ ਉਡਾਰੀ ਲਾਉਂਦਾ ਵੀ ਦਿਖਾਈ ਦਿੱਤਾ।

ਪੁਲਸ ਵੱਲੋਂ ਆਪਣੀ ਕਾਰਵਾਈ ਪੂਰੀ ਕਰਨ ਉਪਰੰਤ ਵਲੰਟੀਅਰ ਫੱਟੜ ਅਤੇ ਨੀਮ ਬੇਹੋਸ਼ ਸਿੰਘਾਂ ਨੂੰ ਲਾਰੀਆਂ ਵਿੱਚ ਪਾ ਕੇ ਅੰਮ੍ਰਿਤਸਰ ਲੈ ਆਏ। ਇੱਕ ਚਸ਼ਮਦੀਦ ਗਵਾਹ ਪੰਡਤ ਅਮਰ ਸਿੰਘ ਵਕੀਲ ਦਾ ਕਥਨ ਸੀ ਕਿ ਛੇ ਸਤੰਬਰ ਦੀ ਮਾਰ ਕੁਟਾਈ ਗੋਲੀ ਮਾਰਨ ਤੋਂ ਵੀ ਸਖਤ ਸੀ ਅਤੇ ਅਕਾਲੀਆਂ ਨਾਲ ਪਸ਼ੂਪੁਣੇ ਵਾਲਾ ਵਰਤਾਰਾ ਕੀਤਾ ਗਿਆ।

ਇਸ ਦਿਨ ਕੁਝ ਅੰਮ੍ਰਿਤਧਾਰੀ ਸਿੰਘਣੀਆਂ ਨੇ ਜਥੇਦਾਰ ਅਕਾਲ ਤਖਤ ਸਾਹਿਬ ਪਾਸ

ਨਿਰੋਲ ਔਰਤਾਂ ਦੇ ਇੱਕ ਜਥੇ ਨੂੰ ਸਤਿਆਗ੍ਰਹਿ ਕਰਨ ਦੀ ਆਗਿਆ ਦੇਣ ਲਈ ਬੇਨਤੀ ਕੀਤੀ ਪਰ ਸ਼੍ਰੋਮਣੀ ਕਮੇਟੀ ਨੇ ਇਸ ਗੱਲ ਦੀ ਪਰਵਾਨਗੀ ਨਾ ਦਿੱਤੀ।

ਇਸੇ ਦਿਨ ਪੁਲਸ ਨੇ ਭਾਈ ਤੇਜਾ ਸਿੰਘ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਗ੍ਰਿਫਤਾਰ ਕੀਤਾ। ਸਿੱਖ ਸੰਗਤ ਵੱਲੋਂ ਉਹਨਾਂ ਦੀ ਥਾਂ ਰਿਸਾਲਦਾਰ ਰਣਜੋਧ ਸਿੰਘ, ਗੁਰਦਾਸਪੁਰ ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੀ ਗਈ।

ਪੰਜਾਬ ਲੈਜਿਸਲੇਟਵ ਕੌਂਸਲ ਦੇ ਸਿੱਖ ਮੈਂਬਰਾਂ ਦੀ ਭਾਈ ਖਜ਼ਾਨ ਸਿੰਘ ਦੇ ਨਿਵਾਸ ਉੱਤੇ ਬੁਲਾਈ ਗਈ ਮੀਟਿੰਗ ਵਿੱਚ ਸੱਦਾ ਦੇਣ ਵਾਲੇ ਦੋਵਾਂ ਮੈਂਬਰਾਂ ਸਮੇਤ ਕੈਪਟਨ ਗੋਪਾਲ ਸਿੰਘ ਭਾਗੋਵਾਲੀਆ, ਸੋਢੀ ਲਾਲ ਸਿੰਘ, ਸਰਦਾਰ ਸਾਹਿਬ ਦਿਲਬਾਗ ਸਿੰਘ ਅਤੇ ਸਰਦਾਰ ਬਹਾਦਰ ਗੋਪਾਲ ਸਿੰਘ ਲੁਬਾਣਾ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਕੈਪਟਨ ਗੋਪਾਲ ਸਿੰਘ ਭਾਗੋਵਾਲੀਆ ਨੇ ਕੀਤੀ ਅਤੇ ਸੋਢੀ ਲਾਲ ਸਿੰਘ ਨੂੰ ਸਕੱਤਰ ਥਾਪਿਆ ਗਿਆ। ਮੈਂਬਰਾਂ ਨੇ ਸਰਬਸੰਮਤੀ ਨਾਲ ਗੁਰੂ ਕਾ ਬਾਗ ਮੋਰਚੇ ਸਮੇਂ ਹੋ ਰਹੇ ਪੁਲਸ ਜਬਰ ਦੀ ਨਿੰਦਾ ਕੀਤੀ ਅਤੇ ਸਿੱਖਾਂ ਦੁਆਰਾ ਧਾਰਨ ਕੀਤੀ ਗਈ ਸ਼ਾਂਤਮਈ ਦੀ ਸ਼ਲਾਘਾ ਕਰਦਿਆਂ ਉਹਨਾਂ ਨਾਲ ਹਮਦਰਦੀ ਪ੍ਰਗਟ ਕੀਤੀ। ਇਕ ਹੋਰ ਮਤੇ ਦੁਆਰਾ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਸਿੱਖ-ਸੰਗਤ ਦੀ ਸਹਿਮਤੀ ਨਾਲ ਗੁਰਦੁਆਰਾ ਬਿੱਲ ਤਿਆਰ ਕੀਤਾ ਜਾਵੇ।

ਕੁਝ ਦਿਨ ਪਹਿਲਾਂ ਪੁਲਸ ਨੇ ਪਿੰਡ ਤੇੜਾ ਦੇ ਵਸਨੀਕ ਪਿਉ ਪੁੱਤਰ ਕ੍ਰਮਵਾਰ ਭਗਤ ਸਿੰਘ ਅਤੇ ਸ੍ਰ. ਤਾਰਾ ਸਿੰਘ ਨੂੰ ਅਕਾਲੀਆਂ ਲਈ ਰਸਦ ਭੇਜਣ ਦੀ ਸ਼ੱਕ ਵਿੱਚ ਕੁੱਟਿਆ ਸੀ। ਸ੍ਰ. ਭਗਤ ਸਿੰਘ ਪਹਿਲਾਂ ਹੀ 4 ਸਤੰਬਰ ਦੇ ਦਿਨ ਅਕਾਲ ਚਲਾਣਾ ਕਰ ਗਿਆ ਸੀ। ਉਸ ਦੀ ਮ੍ਰਿਤਕ ਦੇਹ 5 ਸਤੰਬਰ ਨੂੰ ਗੁਰਦੁਆਰਾ ਗੁਰੂ ਕਾ ਬਾਗ ਲਿਆਂਦੀ ਗਈ ਸੀ ਪਰ ਅੰਮ੍ਰਿਤਸਰ ਲੈ ਜਾਣ ਦੀ ਕੋਈ ਸਬੀਲ ਨਾ ਬਣਨ ਕਾਰਨ ਅੱਜ ਇਥੇ ਹੀ ਗੁਰਦੁਆਰੇ ਦੀ ਕੰਧ ਨਾਲ ਇੱਕ ਥਾਂ ਸਸਕਾਰ ਕਰ ਦਿੱਤਾ ਗਿਆ।



ਗੁਰਦੁਆਰਾ ਗੁਰੂ ਕਾ ਬਾਗ ਵਿਖੇ ਸ਼ਹੀਦ ਭਾਈ ਭਗਤ ਸਿੰਘ ਦੀ ਯਾਦਗਾਰ

ਇਧਰ ਭਾਈ ਭਗਤ ਸਿੰਘ ਦਾ ਸਸਕਾਰ ਕੀਤਾ ਜਾ ਰਿਹਾ ਸੀ, ਉਧਰ ਪੁਲਸ ਦੀ ਮਾਰ ਕਾਰਨ ਹੋਏ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਉਸਦਾ ਪੁੱਤਰ ਤਾਰਾ ਸਿੰਘ ਵੀ ਪਿੰਡ ਤੇੜਾ ਵਿੱਚ ਸੁਰਗਵਾਸ ਹੋ ਗਿਆ।



ਪੁਲਸ ਦੀ ਕੁੱਟ ਕਾਰਨ 6 ਸਤੰਬਰ ਨੂੰ ਸ਼ਹੀਦ ਹੋਇਆ ਭਾਈ ਤਾਰਾ ਸਿੰਘ ਪਿੰਡ ਤੇੜਾ

**7 ਸਤੰਬਰ (23 ਭਾਦੋਂ, ਵੀਰਵਾਰ) :**

**ਅਕਾਲੀ ਜਥਾ, ਜ਼ਿਲਾ ਹੁਸ਼ਿਆਰਪੁਰ ਦੀ ਵਾਰੀ**

ਇਸ ਦਿਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਕਾਲੀ ਜਥੇ ਦੇ ਵਲੰਟੀਅਰਾਂ ਨੇ ਸਤਿਆਗ੍ਰਹਿ ਲਈ ਵਾਰੀ ਲਈ। ਇੱਕ ਸੌ ਸਤਿਆਗ੍ਰਹੀਆਂ ਵਾਲੇ ਇਸ ਜਥੇ ਦੇ ਆਗੂ ਦਾ ਨਾਉਂ ਭਾਈ ਲਾਭ ਸਿੰਘ ਸੀ। ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਾਂਤਮਈ ਦਾ ਪ੍ਰਣ ਲੈ ਕੇ ਗੁਰਦੁਆਰਾ ਗੁਰੂ ਕਾ ਬਾਗ ਨੂੰ ਰਵਾਨਾ ਹੋਣ ਸਮੇਂ ਭਾਈ ਮੁਕੰਦ ਸਿੰਘ, ਸਕੱਤਰ ਜ਼ਿਲ੍ਹਾ ਗੁਰਦਾਸਪੁਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਬੋਧਨ ਕੀਤਾ। ਇਸ ਜਥੇ ਨੂੰ ਵੀ ਪਿਛਲੇ ਦਿਨਾਂ ਵਾਂਗ ਉਚ-ਪੁਲਸ ਅਧਿਕਾਰੀ ਕਰਨਲ ਮਰਸਰ ਦੇ ਨਾਲ ਮਿਸਟਰ ਲੋਬ, ਸਹਾਇਕ ਸੁਪਰਡੰਟ ਪੁਲਸ ਅਤੇ ਲਾਲਾ ਰਤਨ ਚੰਦ ਸਬ-ਇੰਸਪੈਕਟਰ ਪੁਲਸ ਦੀ ਅਗਵਾਈ ਹੇਠਲੀ ਪੁਲਸ ਨੇ ਦੋ ਵਜੇ ਬਾਅਦ ਦੁਪਹਿਰ ਛੀਨੇ ਪਿੰਡ ਨੇੜੇ ਨਹਿਰ ਦੀ ਪੁਲੀ ਉੱਤੇ ਰੋਕਿਆ। ਸ੍ਰ. ਸ਼ੇਰ ਸਿੰਘ ਨਾਇਬ ਤਹਿਸੀਲਦਾਰ ਨੇ ਜਥੇ ਨੂੰ ਗੁਰੂ ਕਾ ਬਾਗ ਜਾਣ ਦਾ ਪ੍ਰੋਗਰਾਮ ਰੱਦ ਕਰਨ ਦੀ ਪ੍ਰੇਰਨਾ ਕੀਤੀ ਪਰ ਜਥੇ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਜਾਣ ਉੱਤੇ ਬਜ਼ਿੱਦ ਰਹਿਣ ਕਾਰਨ ਪੁਲਸ ਨੇ ਡਾਂਗਾਂ ਨਾਲ ਮਾਰ ਕੁਟਾਈ ਸ਼ੁਰੂ ਕਰ ਦਿੱਤੀ। ਜਥੇ ਦੇ ਮੈਂਬਰਾਂ ਨੇ ਬੈਠ ਕੇ 'ਸਤਿਨਾਮ' 'ਵਾਹਿਗੁਰੂ' ਦਾ ਜਾਪ ਕਰਨਾ ਸ਼ੁਰੂ ਕੀਤਾ ਤਾਂ ਵੀ ਪੁਲਸ ਦੀ ਮਾਰ ਕੁਟਾਈ ਵਿੱਚ ਕੋਈ ਨਰਮਾਈ ਨਾ ਆਈ। ਪੁਲਸ ਦੀ ਮਾਰ-ਕੁੱਟ ਕਾਰਨ ਨਿਢਾਲ ਹੋਇਆ ਕੋਈ ਵੀ ਅਕਾਲੀ ਸਿੱਖ ਜਦੋਂ ਹੋਸ਼-

ਹਵਾਸ ਟਿਕਾਣੇ ਆਉਣ ਉਪਰੰਤ ਉਠ ਕੇ ਗੁਰਦੁਆਰਾ ਗੁਰੂ ਕਾ ਬਾਗ ਵੱਲ ਜਾਣ ਲਈ ਅੱਗੇ ਵਧਦਾ ਤਾਂ ਪੁਲਸ ਫਿਰ ਟੁੱਟ ਕੇ ਪੈ ਜਾਂਦੀ। ਇਸ ਤਰ੍ਹਾਂ ਕਈ ਵਾਰ ਹੋਇਆ। ਜਥੇ ਦਾ ਇੱਕ ਮੈਂਬਰ ਭਾਈ ਮਹਿਤਾਬ ਸਿੰਘ, ਉਮਰ 61 ਸਾਲ, ਵਸਨੀਕ ਸਰਹਾਲਾ ਖੁਰਦ, ਜਦੋਂ ਅੱਗੇ ਜਾਣ ਲੱਗਾ ਤਾਂ ਪੁਲਸ ਨੇ ਡਾਂਗਾਂ ਦੀ ਮਾਰ ਕਰਕੇ ਉਸ ਦੀਆਂ ਲੱਤਾਂ ਲਹੂ ਲੁਹਾਨ ਕਰ ਦਿੱਤੀਆਂ। ਇਹ ਮਾਰ ਕੁੱਟ ਦੋ ਘੰਟੇ ਲਈ ਉਦੋਂ ਤੱਕ ਜਾਰੀ ਰਹੀ ਜਦੋਂ ਤੱਕ ਜਥੇ ਵਿਚ ਸ਼ਾਮਲ ਸਾਰੇ ਦੇ ਸਾਰੇ ਅਕਾਲੀ ਸਿੱਖ ਮਾਰ ਕੁੱਟ ਸਦਕਾ ਬੇਹੋਸ਼ ਨਹੀਂ ਹੋ ਗਏ।



ਪੁਲਸ ਦੀ ਬੇਤਹਾਸ਼ਾ ਮਾਰ ਕਾਰਨ ਬੇਸੁੱਧ ਹੋਏ ਡਿੱਗੇ ਪਏ ਅਕਾਲੀ, ਸਾਹਮਣੇ ਡਾਗਾਂ ਫੜੀ ਖੜ੍ਹੇ ਪੁਲਸ-ਕਰਮਚਾਰੀ ਵੀ ਦਿਖਾਈ ਦੇ ਰਹੇ ਹਨ।

'ਖਾਲਸਾ ਸਮਾਚਾਰ' ਅਖਬਾਰ ਵਿਚ ਇਸ ਸਾਰੀ ਘਟਨਾਵਲੀ ਦਾ ਵੇਰਵਾ ਇਉਂ ਪ੍ਰਕਾਸ਼ਿਤ ਹੋਇਆ :

### ਛੀਨੇ ਦਾ ਪੁਲ
### (7 ਸਤੰਬਰ ਦੇ ਸਮਾਚਾਰ)

ਇਕ ਸੌ ਸਿੱਖਾਂ ਦਾ ਇਕ ਜਥਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਭਾਈ ਪ੍ਰਤਾਪ ਸਿੰਘ ਦੀ ਜਥੇਦਾਰੀ ਹੇਠ ਢਾਈ ਵਜੇ ਪੁਲ 'ਤੇ ਪੁੱਜਾ, ਅੱਜ ਪੁਲਸ ਦੇ ਵੱਡੇ ਅਫ਼ਸਰ ਕਰਨੈਲ ਮਰਸਰ ਭੀ ਉੱਥੇ ਮੌਜੂਦ ਸਨ। ਮਿ: ਲਾਬ ਅਸਿਸਟੈਂਟ ਸੁਪਰਡੈਂਟ ਤੇ ਲਾਲਾ ਰਤਨ ਚੰਦ ਥਾਨੇਦਾਰ ਇਨਚਾਰਜ ਸਨ। ਜਥੇ ਦੇ ਪੁਲ ਦੇ ਲਾਗੇ ਪੁੱਜਦੇ ਹੀ ਭਾਈ ਸ਼ੇਰ ਸਿੰਘ ਨਾਇਬ ਤਹਿਸੀਲਦਾਰ ਨੇ ਆ ਕੇ ਉਨ੍ਹਾਂ ਨੂੰ ਅੱਗੇ ਨ ਵਧਣ ਲਈ ਆਖਿਆ। ਫਿਰ ਕਰਨੈਲ ਮਰਸਰ ਨੇ ਕਿਹਾ, "ਅੱਗੇ ਨਾ ਜਾਉ।" ਮਗਰੋਂ ਯਕਲਖਤ ਹੀ ਲਾਠੀਆਂ ਦੀ ਇਕ ਬੁਛਾੜ ਹੋ ਗਈ। ਕਈ ਤਾਂ ਇਸੇ ਮਾਰ ਨਾਲ ਡਿੱਗ ਪਏ ਤੇ ਬਾਕੀ ਦੇ ਬੈਠ ਗਏ। ਅੱਜ ਮਾਰ ਦਾ ਤ੍ਰੀਕਾ ਅੱਗੇ ਨਾਲੋਂ ਵੱਖਰਾ ਸੀ। ਹੁੱਝਾਂ ਮਾਰਨ ਦਾ ਯਤਨ ਨਹੀਂ ਸੀ, ਚੰਗੀਆਂ ਉਲਾਰ ਕੇ ਡਾਂਗਾਂ ਮਾਰੀਆਂ ਜਾਂਦੀਆਂ ਸਨ। ਇਸ ਲਈ ਅੱਜ ਖੁੱਲੇ ਫੱਟ ਵਧੀਕ ਸਨ ਤੇ ਹੱਡੀਆਂ

ਵੀ ਟੁੱਟੀਆਂ। ਬੈਠੇ ਹੋਏ ਨੂੰ ਨਹੀਂ ਸਨ ਮਾਰਦੇ। ਜੋ ਉੱਠਦਾ ਸੀ ਤੇ ਅੱਗੇ ਵੱਧਣ ਦਾ ਯਤਨ ਕਰਦਾ ਸੀ ਉਹਦੇ ਉੱਪਰ ਕਦੀ ਇਕ, ਕਦੀ ਦੋ ਤਿੰਨ, ਕਦੀ ਛੀ ਛੀ ਡਾਂਗਾਂ ਵਾਲੇ ਯਕਲਖਤ ਹੱਲਾ ਕਰਕੇ ਵਿਛਾ ਦਿੰਦੇ ਸਨ, ਸੱਟਾਂ ਇੰਨੇ ਜੋਰ ਦੀਆਂ ਸਨ ਕਿ ਕਈ ਉੱਥੇ ਹੀ ਕੈ ਕਰਨ ਲੱਗ ਪਏ। ਇਕ ਪੁਲਸ ਅਫਸਰ ਨੇ ਥਾਂ 'ਤੇ ਪੱਟੀ ਬੰਨ੍ਹਣੋਂ ਡਾਕਟਰਾਂ ਨੂੰ ਮਨ੍ਹਾਂ ਕਰ ਦਿੱਤਾ ਤੇ ਕਿਹਾ ਕਿ ਲਾਰੀਆਂ ਪਾਸ ਲੈ ਜਾ ਕੇ ਪੱਟੀਆਂ ਬੰਨ੍ਹੋ।

ਇਕ ਆਦਮੀ ਪਰ ਜਦੋਂ ਤਿੰਨਾਂ ਆਦਮੀਆਂ ਨੇ ਹੱਲਾ ਕੀਤਾ ਤੇ ਪਿੱਠ, ਪਿੰਨੀਆਂ ਤੇ ਚਿੱਤੜਾਂ 'ਤੇ ਡਾਂਗਾਂ ਮਾਰਨ ਨਾਲ ਉਹ ਨਾ ਡਿੱਗਿਆ ਤਾਂ ਉਹਨੂੰ ਛਾਤੀ ਵਿਚ ਜ਼ੋਰ ਦੀ ਹੁੱਜ ਮਾਰੀ ਗਈ। ਇਕ ਅਧਖੜ ਅਕਾਲੀ ਨੂੰ ਜਦ ਛੀ ਸੱਤ ਡਾਂਗਾਂ ਪੈ ਚੁੱਕੀਆਂ ਤਾਂ ਉਹ ਕਹਿਣ ਲੱਗਾ, "ਇਹ ਕਾਫ਼ੀ ਨਹੀਂ, ਮੇਰੀ ਹੋਰ ਸੇਵਾ ਕਰੋ।" ਅੰਤ ਉਹਦੇ ਇਕ ਹੋਰ ਬਾੜ ਲਾਠੀਆਂ ਦੀ ਝਾੜੀ ਗਈ ਤੇ ਉਹ ਡਿੱਗ ਪਿਆ।

ਅਜੇ ਮਾਰ ਅਰੰਭ ਹੀ ਹੋਈ ਸੀ ਕਿ ਕਪਤਾਨ ਗੋਪਾਲ ਸਿੰਘ, ਸੋਢੀ ਲਾਲ ਸਿੰਘ, ਮੈਂਬਰਾਨ ਕੌਂਸ਼ਲ ਨੇ ਡਾਕਟਰ ਸਾਹਿਬ ਨੂੰ ਕਿਹਾ ਕਿ ਹੁਣ ਇਨ੍ਹਾਂ ਨੂੰ ਪ੍ਰੇਰੋ, ਮੁੜ ਜਾਣ। ਅਸੀਂ ਸਰਕਾਰ ਨਾਲ ਸੁਲਾਹ ਦੀਆਂ ਸ਼ਰਤਾਂ ਕਰ ਰਹੇ ਹਾਂ। ਡਾਕਟਰ ਨੇ ਕਿਹਾ ਕਿ ਮੇਰਾ ਕੰਮ ਤਾਂ ਫੱਟੜਾਂ ਦੀ ਸੇਵਾ ਕਰਨਾ ਹੈ, ਮੈਂ ਨਿਰਪੱਖ ਹਾਂ। ਹੋਰ ਮੈਂਬਰ ਜੋ ਉੱਥੇ ਹਾਜ਼ਰ ਸਨ, ਉਨ੍ਹਾਂ ਦੇ ਨਾਮ ਇਹ ਹਨ :- ਸ. ਦਿਲਬਾਗ ਸਿੰਘ ਲਾਇਲਪੁਰ, ਸ. ਸੰਗਤ ਸਿੰਘ ਲਾਹੌਰ, ਸ. ਗੋਪਾਲ ਸਿੰਘ ਲੁਬਾਣਾ।

ਤੀਜੀ ਵਾਰ ਫੇਰ ਅੱਠ ਕੁ ਸਿੰਘ ਉੱਠੇ। ਉਨ੍ਹਾਂ ਪਰ ਫਿਰ ਲਾਠੀਆਂ ਚੱਲੀਆਂ ਤੇ ਇਕ ਦੀ ਨੱਕ ਦੀ ਹੱਡੀ ਟੁੱਟ ਗਈ। ਕਰਨੈਲ ਮਰਸਰ ਨੂੰ ਇਹ ਦੱਸਿਆ ਗਿਆ ਤਾਂ ਉਹਨੇ ਕਿਹਾ ਕਿ ਇਹ ਇਤਫ਼ਾਕ ਨਾਲ ਸੱਟ ਵੱਜ ਗਈ ਹੈ। ਪਰ ਉੱਥੇ ਜੋ ਡਾਕਟਰਾਂ ਤੋਂ ਪਤਾ ਲੱਗਾ ਉਹ ਇਹ ਹੈ ਕਿ ਇਕ ਸੱਜੇ ਹੱਥ ਦੀ ਹੱਡੀ, ਇਕ ਹੰਸਲੀ, ਇਕ ਬਾਂਹ, ਇਹ ਘੱਟੋ ਘੱਟ ਟੁੱਟੀਆਂ ਹਨ। ਪਤਾਲੂਆਂ 'ਤੇ ਭੀ ਸੱਟਾਂ ਸਨ। ਹੁਣ ਕਰਨੈਲ ਮਰਸਰ ਉੱਥੋਂ ਚੱਲੇ ਗਏ ਅਤੇ ਮਿ. ਮੈਕਫਰਸਨ ਆ ਗਏ।

ਚੌਥੀ ਵਾਰ ਫਿਰ ਕੁੱਝ ਅਕਾਲੀ ਅੱਗੇ ਵਧੇ ਤੇ ਇਕੁਰ ਹੀ ਗਿਰਾਏ ਗਏ।

ਇਕ ਬੁੱਢਾ ਇਕਾਹਠ ਵਰ੍ਹੇ ਦੀ ਉਮਰ ਦਾ, ਉਹਦਾ ਨਾਮ ਮੈਹਤਾਬ ਸਿੰਘ ਸੀ ਜੋ ਸਰਹਾਲੀ ਖੁਰਦ ਦਾ ਵਸਨੀਕ ਸੀ। ਉਹ ਅਰੰਭ ਵਿਚ ਸਭ ਤੋਂ ਪਿੱਛੇ ਬੈਠਾ ਸੀ। ਉਹਨੂੰ ਬਿਨਾਂ ਮਾਰੇ ਇਕ ਸਿਪਾਹੀ ਧੱਕ ਕੇ ਲਾਰੀ ਪਾਸ ਛੱਡ ਆਇਆ ਜਦ ਸਿਵਾਏ ਤਿੰਨ ਅਕਾਲੀਆਂ ਦੇ ਸਾਰੇ ਹੀ ਵਿਛ ਚੁੱਕੇ ਤਾਂ ਕੀ ਵੇਖਿਆ ਕਿ ਉਹ ਬੁੱਢਾ ਮੁੜ ਪੁਲ ਦੀ ਤਰਫ ਵਧ ਰਿਹਾ ਹੈ। ਤਿੰਨ ਪੁਲਸੀਆਂ ਨੇ ਉਹਦੀਆਂ ਲੱਤਾਂ 'ਤੇ ਡਾਂਗਾਂ ਮਾਰੀਆਂ ਤੇ ਦੋਹਾਂ ਲੱਤਾਂ ਵਿਚੋਂ ਲਹੂ ਵਗ ਤੁਰਿਆ।

ਹੁਣ ਇਹ ਹਠੀ ਸਿੰਘ ਡਿੱਗ ਪਿਆ ਤੇ ਇਹਨੂੰ ਹਸਪਤਾਲ ਵਾਲੇ ਚੁੱਕ ਕੇ ਲੈ ਗਏ।

ਇਕ ਅਲ੍ਹੂਆਂ ਨੌਜਵਾਨ ਗੋਡੇ 'ਤੇ ਸੱਟ ਖਾਈ ਬੈਠਾ ਸੀ। ਉਹਨੇ ਉੱਠਣ ਦਾ ਯਤਨ ਕੀਤਾ। ਉਹਨੂੰ ਪੁਲਸੀਆਂ ਨੇ ਪਕੜ ਕੇ ਘਸੀਟ ਕੇ ਸੜਕ ਤੋਂ ਹੇਠਾਂ ਵਗਾਹਿਆ। ਉਹ ਫਿਰ ਨਾ ਉੱਠਿਆ।

ਪੁਲਸ ਅਫਸਰ ਅੱਜ ਖਾਸ ਜੋਸ਼ ਵਿਚ ਮਲੂਮ ਹੁੰਦੇ ਸਨ ਤੇ ਆਪਣੇ ਹੱਥੀਂ ਖੂਬ ਡਾਂਗਾਂ ਚਲਾ ਰਹੇ ਸਨ ਤੇ ਸਿਪਾਹੀਆਂ ਨੂੰ ਕਈ ਵੇਰ ਕਿਹਾ ਕਿ "ਐਂ ਨਹੀਂ, ਐਂ ਮਾਰੋ।"

ਅੰਤ ਇਕ ਇਕੱਲਾ ਅਕਾਲੀ ਰਹਿ ਗਿਆ ਤੇ ਉਸਨੇ ਪੁਲ ਪਰ ਪੁੱਜਣ ਦਾ ਯਤਨ ਕੀਤਾ ਤੇ ਦੋ ਡਾਂਗਾਂ ਵਾਲਿਆਂ ਉਹਨੂੰ ਵਿਛਾ ਦਿੱਤਾ। ਚਾਰ ਵਜੇ ਤੱਕ ਸਭ ਸੱਟਾਂ ਖਾ ਕੇ ਤੁਰਨ ਸ਼ਕਤੀ ਰਹਿਤ ਹੋ ਚੁੱਕੇ ਸਨ।

ਜਦੋਂ ਮਾਰ ਪੈ ਚੁੱਕੀ ਤੇ ਅੱਧੇ ਕੁ ਅਕਾਲੀ ਸ਼ੈਹਰ ਵੱਲ ਜਾ ਚੁੱਕੇ ਸਨ ਤਾਂ ਉਹ ਬਾਜ ਜੋ ਸਵੇਰੇ ਦਰਬਾਰ ਸਾਹਿਬ ਆਉਂਦਾ ਹੈ, ਉੱਥੇ ਦਿਖਾਈ ਦਿੱਤਾ। ਫੱਟੜਾਂ ਦੇ ਚੇਹਰੇ ਖਿੜ ਗਏ।

ਇਸ ਦਿਨ ਵੀ ਪਿਛਲੇ ਦਿਨਾਂ ਵਾਂਗ ਜ਼ਖਮੀਆਂ ਨੂੰ ਮੁਢਲੀ ਡਾਕਟਰੀ ਸਹਾਇਤਾ ਦੇਣ ਲਈ ਡਾਕਟਰ ਖਾਨ ਚੰਦ ਹਾਜ਼ਰ ਸੀ। ਉਹ ਹਰ ਰੋਜ਼ ਪੁਲਸੀਆਂ ਦੇ ਮਾਰ ਕੁੱਟ ਕਰਕੇ ਚਲੇ ਜਾਣ ਪਿੱਛੋਂ ਜ਼ਖਮੀ ਅਕਾਲੀਆਂ ਨੂੰ ਮੁਢਲੀ ਸਹਾਇਤਾ ਦੇਣ ਉਪਰੰਤ ਉਹਨਾਂ ਨੂੰ ਐਂਬੂਲੈਂਸ ਵਿੱਚ ਪਾ ਕੇ ਅੰਮ੍ਰਿਤਸਰ ਹਸਪਤਾਲ ਪਹੁੰਚਾਉਂਦਾ ਸੀ ਪਰ ਇਸ ਦਿਨ ਪੁਲਸ-ਕਪਤਾਨ ਮਿਸਟਰ ਮਰਸਰ ਨੇ ਮੌਕੇ ਉੱਤੇ ਜ਼ਖਮੀਆਂ ਦੀ ਮਲ੍ਹਮ-ਪੱਟੀ ਕਰਨ ਦੀ ਆਗਿਆ ਨਾ ਦਿੱਤੀ ਅਤੇ ਅਜਿਹਾ ਉਥੋਂ ਲੈ ਜਾ ਕੇ ਹੋਰ ਕਿਧਰੇ ਕਰਨ ਲਈ ਕਿਹਾ। ਥੋੜੀ ਥੋੜੀ ਬਾਰਸ਼ ਹੋਣ ਕਾਰਨ ਜ਼ਖਮੀ ਅਕਾਲੀਆਂ ਦੀ ਪੀੜਾ ਹੋਰ ਵਧੀ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਔਖ ਹੋਈ।

ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕਾ ਬਾਗ ਵਿਖੇ ਪਏ ਜ਼ਖਮੀਆਂ ਲਈ ਦਵਾਈਆਂ, ਦੁੱਧ, ਖੰਡ ਅਤੇ ਫਲ-ਫਰੂਟ ਆਦਿ ਇੱਕ ਲਾਰੀ ਵਿੱਚ ਭੇਜੇ ਗਏ। ਪੁਲਿਸ ਨੇ ਛੀਨਿਆਂ ਦੇ ਪੁਲ ਉੱਤੇ ਲਾਰੀ ਰੋਕ ਕੇ ਸਾਰਾ ਸਮਾਨ ਉਤਾਰ ਲਿਆ ਅਤੇ ਖਾਲੀ ਲਾਰੀ ਅੰਮ੍ਰਿਤਸਰ ਨੂੰ ਮੋੜ ਦਿੱਤੀ।

### 8 ਸਤੰਬਰ (24 ਭਾਦੋਂ, ਸ਼ੁਕਰਵਾਰ) :
### ਗੜਗੱਜ ਅਕਾਲੀ ਜਥੇ ਵੱਲੋਂ ਦੂਜੀ ਵਾਰ ਸਤਿਆਗ੍ਰਹਿ

ਇਸ ਦਿਨ ਗੜਗੱਜ ਅਕਾਲੀ ਜਥਾ, ਜਿਸ ਦਾ ਸਦਰ ਮੁਕਾਮ ਤਰਨਤਾਰਨ ਸੀ, ਦੂਜੀ ਵਾਰ ਸਤਿਆਗ੍ਰਹਿ ਲਈ ਹਾਜ਼ਰ ਹੋਇਆ। ਸਤਿਆਗ੍ਰਹੀਆਂ ਦੀ ਅਗਵਾਈ ਭਾਈ ਨਿਰਵੈਰ ਸਿੰਘ ਚੋਹਲਾ ਸਾਹਿਬ ਜਥੇਦਾਰ ਅਤੇ ਭਾਈ ਨਿਹਾਲ ਸਿੰਘ ਨੁਸ਼ਹਿਰਾ, ਮੀਤ ਜਥੇਦਾਰ, ਕਰ ਰਹੇ ਸਨ। ਇਸ ਦਿਨ ਭਾਵੇਂ ਵਰਖਾ ਹੋ ਰਹੀ ਸੀ ਪਰ ਨਿੱਤ-ਕਰਮ ਅਨੁਸਾਰ ਜਥਾ ਨਿਸ਼ਚਿਤ ਸਮੇਂ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤ ਰਹਿਣ ਦਾ ਪ੍ਰਣ ਕਰਕੇ ਗੁਰਦੁਆਰਾ ਗੁਰੂ ਕਾ ਬਾਗ ਲਈ ਚੱਲਿਆ। ਰਸਤੇ ਵਿੱਚ ਹੇਅਰ ਪਿੰਡ ਦੇ ਵਸਨੀਕਾਂ ਨੇ ਸਾਰੇ ਜਥੇ ਅਤੇ ਇਸ ਦੇ ਨਾਲ ਚੱਲ ਰਹੇ ਦਰਸ਼ਕਾਂ ਨੂੰ ਰੋਕ ਕੇ ਚਾਹ ਪਿਆਈ। ਇਸ ਦਿਨ ਜਥੇ ਨੂੰ ਰੋਕਣ ਲਈ ਛੀਨਿਆਂ ਦੇ ਪੁੱਲ ਉੱਤੇ ਗੋਰਖਾ ਫੌਜ ਲਾਈ ਗਈ ਸੀ, ਜਿਸ ਨੇ ਅੱਗੇ ਵਧ ਰਹੇ ਜਥੇ ਨੂੰ ਕੁੱਟਣਾ ਸ਼ੁਰੂ ਕੀਤਾ। ਇਸ ਜ਼ੁਲਮ ਨੂੰ ਵੇਖ ਕੇ ਜਥੇ ਦੀਆਂ ਪਿਛਲੀਆਂ ਪੰਕਤੀਆਂ ਵਿਚੋਂ ਇੱਕ ਸਿੰਘ ਭਾਈ ਕਿਸ਼ਨ ਸਿੰਘ, ਭੁੱਚਰ ਵਾਲਾ, ਨੇ ਉੱਚੀ ਉੱਚੀ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ। ਇੱਕ ਅੰਗਰੇਜ਼ ਪੁਲਸ ਅਫਸਰ ਨੇ ਆਪ ਭਾਈ ਕਿਸ਼ਨ ਸਿੰਘ ਨੂੰ ਡਾਂਗਾਂ ਦੀ ਮਾਰ ਮਾਰੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਸਿੱਖਾਂ ਦੀ ਗ੍ਰਿਫਤਾਰੀ ਉਪਰੰਤ ਅੱਜ ਉਹਨਾਂ ਨੂੰ ਜਨਾਬ ਅਸਲਮ ਹਯਾਤ ਖਾਂ, ਐਡੀਸ਼ਨਲ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। 'ਤਾਜ ਬਨਾਮ ਮਹਿਤਾਬ ਸਿੰਘ ਅਤੇ ਅੱਠ ਹੋਰ' ਉਨਵਾਨ ਅਧੀਨ ਦਰਜ ਇਸ ਮੁਕੱਦਮੇ ਵਿੱਚ ਬਾਬਾ ਕੇਹਰ ਸਿੰਘ ਪੱਟੀ ਤੋਂ ਬਿਨਾਂ ਬਾਕੀ ਆਗੂਆਂ ਨੇ ਨਾ-ਮਿਲਵਰਤਣ ਦਾ ਫੈਸਲਾ ਕੀਤਾ। ਬਾਬਾ ਕੇਹਰ ਸਿੰਘ ਵੱਲੋਂ ਇਸ ਦਿਨ ਪੰਡਤ ਮਦਨ ਮੋਹਨ ਮਾਲਵੀਆ ਜੀ ਪੇਸ਼ ਹੋਏ।

ਹੁਣ ਤੱਕ ਮੋਰਚੇ ਦੌਰਾਨ ਪੁਲਸ ਦੀ ਮਾਰ ਕੁੱਟ ਕਾਰਨ ਜ਼ਖ਼ਮੀ ਹੋਏ ਸਿੰਘਾਂ ਦੀ ਗਿਣਤੀ 936 ਹੋ ਗਈ ਸੀ। ਅਚਾਨਕ ਆਈ ਬਾਰਸ਼ ਦੇ ਕਾਰਨ ਆਰਜ਼ੀ ਸਥਾਪਤ ਕੀਤੇ ਹਸਪਤਾਲਾਂ ਵਿੱਚ ਥਾਂ ਦੀ ਘਾਟ ਨੂੰ ਵੇਖਦਿਆਂ ਸ਼ਹਿਰ ਵਾਸੀਆਂ ਨੇ ਜ਼ਖ਼ਮੀਆਂ ਦੀ ਸਾਂਭ ਸੰਭਾਲ ਲਈ ਆਪਣੇ ਰਿਹਾਇਸ਼ੀ ਸਥਾਨ ਖਾਲੀ ਕਰ ਦਿੱਤੇ, ਜਿਨ੍ਹਾਂ ਦਾ ਧੰਨਵਾਦ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੇਠ ਲਿਖੇ ਅਨੁਸਾਰ ਐਲਾਨ ਨੰ: 61 ਜਾਰੀ ਕੀਤਾ ਗਿਆ,

> "ਅਸੀਂ ਉਨ੍ਹਾਂ ਲੋਕਾਂ ਦੀ ਕ੍ਰਿਪਾਲਤਾ ਤੇ ਸੇਵਾ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਤੁਰੰਤ ਚੰਗੀਆਂ ਥਾਵਾਂ ਦੇ ਦਿੱਤੀਆਂ ਨੇ। ਸੇਠ ਰਾਧਾ ਕ੍ਰਿਸ਼ਨ ਸ਼ਿਕਾਰਪੁਰੀ ਨੇ ਆਪਣਾ ਰਹਿਣ ਵਾਲਾ ਸੋਹਣਾ ਤੇ ਖੁਲ੍ਹਾ ਮਹਿਲ ਫੱਟੜਾਂ ਲਈ ਦੇ ਦਿੱਤਾ। ਹੋਰ ਵੀ ਕਈਆਂ ਨੇ ਜ਼ਖ਼ਮੀਆਂ ਲਈ ਆਪਣੇ ਘਰਾਂ ਵਿੱਚ ਥਾਂ ਦਿੱਤੀ। ਸ਼੍ਰੋਮਣੀ ਕਮੇਟੀ ਇਸ ਲਈ ਇਨ੍ਹਾਂ ਸੱਜਣਾਂ ਦਾ ਖਾਸ ਕਰਕੇ ਧੰਨਵਾਦ ਕਰਦੀ ਹੈ (1) ਸੇਠ ਰਾਧਾ ਕ੍ਰਿਸ਼ਨ ਸ਼ਿਕਾਰਪੁਰੀ, (2) ਲਾਲ ਹਰਜੱਸ ਰਾਇ ਜੀ, (3) ਲਾਲਾ ਰਤਨ ਚੰਦ ਜੀ, (4) ਲਾਲ ਦਵਾਰਕਾ ਦਾਸ ਜੀ।"

ਅੱਜ ਅਮਰੀਕਨ ਫਿਲਮਸਾਜ਼ ਕੈਪਟਨ ਵਰਗੀਜ਼ ਅੰਮ੍ਰਿਤਸਰ ਪਹੁੰਚਿਆ।

### 9 ਸਤੰਬਰ (25 ਭਾਦੋਂ, ਸ਼ਨਿਚਰਵਾਰ) :
### ਦਲਜੀਤ ਅਕਾਲੀ ਜਥਾ, ਜ਼ਿਲਾ ਅੰਬਾਲਾ, ਵੱਲੋਂ ਸਤਿਆਗ੍ਰਹਿ

ਇਸ ਦਿਨ ਦਲਜੀਤ ਅਕਾਲੀ ਜਥਾ, ਜ਼ਿਲ੍ਹਾ ਅੰਬਾਲਾ, ਦੇ ਵਲੰਟੀਅਰਾਂ ਨੇ ਸਤਿਆਗ੍ਰਹਿ ਵਿੱਚ ਭਾਗ ਲਿਆ। ਇਸ ਜਥੇ ਵਿੱਚ ਤਿੰਨ ਭੁਜੰਗੀ ਵੀ ਸ਼ਾਮਲ ਸਨ। ਜਥੇਦਾਰ, ਅਕਾਲ ਤਖਤ ਨੇ ਇਹਨਾਂ ਨੂੰ ਜਥੇ ਵਿੱਚ ਨਾ ਜਾਣ ਦੀ ਸਲਾਹ ਦਿੱਤੀ ਪਰ ਇਸ ਦੇ ਬਾਵਜੂਦ ਇਕ ਭੁਜੰਗੀ ਜ਼ਿਦ ਕਰਕੇ ਜਥੇ ਵਿੱਚ ਸ਼ਾਮਲ ਹੋਇਆ। ਜਥੇ ਦੀ ਅਕਾਲ ਤਖਤ ਸਾਹਿਬ ਤੋਂ ਰਵਾਨਗੀ ਤੋਂ ਪਹਿਲਾਂ ਸ੍. ਮੁਕੰਦ ਸਿੰਘ, ਸਕੱਤਰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍. ਭਾਗ ਸਿੰਘ ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਪੁਲਸ ਨੇ ਇਹਨਾਂ ਦੋਵਾਂ ਬੁਲਾਰਿਆਂ ਖਿਲਾਫ ਮੁਕੱਦਮਾ ਦਰਜ ਕਰ ਲਿਆ। ਇਹ ਪਹਿਲਾ ਜਥਾ ਸੀ ਜਿਸ ਨੂੰ ਪੁਲਸ ਨੇ ਗੁਰਦੁਆਰਾ ਗੁਰੂ ਕਾ ਬਾਗ ਦੇ ਰਸਤੇ ਵਿੱਚ ਕਿਸੇ ਸਥਾਨ ਉੱਤੇ ਰੋਕ ਕੇ ਕੁੱਟ-ਮਾਰ ਦਾ ਸ਼ਿਕਾਰ ਬਣਾਉਣ ਦੀ ਥਾਂ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਣ ਦੀ ਆਗਿਆ ਦਿੱਤੀ। ਕਾਰਨ ਇਹ ਸੀ ਕਿ ਦੇਸ਼ ਵਿਦੇਸ਼ ਤੋਂ ਪਤਵੰਤੇ ਅਤੇ ਪੱਤਰਕਾਰ ਪੁਲਸ ਦੀ ਗੈਰ-ਕਾਨੂੰਨੀ ਅਤੇ ਅੰਨ੍ਹੇਵਾਹ ਕੀਤੀ ਗਈ ਮਾਰ-ਕੁੱਟਾਈ ਨੂੰ ਅੱਖੀਂ ਦੇਖਣ ਲਈ

ਪਹੁੰਚਣੇ ਸ਼ੁਰੂ ਹੋ ਗਏ ਸਨ, ਇਸ ਲਈ ਪੁਲਸ ਨੇ ਆਪਣੇ ਇਸ ਪੈਂਤੜੇ ਵਿਚ ਸੋਧ ਕਰ ਲਈ। ਜਥਾ ਪੰਜ ਵਜੇ ਸ਼ਾਮ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਿਆ।

ਇਸ ਦਿਨ ਤੋਂ ਪੁਲਸ ਨੇ ਆਪਣੀ ਕਾਰਵਾਈ ਦਾ ਸਥਾਨ ਰਸਤੇ ਦੀ ਥਾਂ ਗੁਰਦੁਆਰਾ ਗੁਰੂ ਕਾ ਬਾਗ ਨੂੰ ਬਣਾਇਆ। ਉਸ ਨੇ ਗੁਰਦੁਆਰਾ ਗੁਰੂ ਕੇ ਬਾਗ ਦੀ ਜ਼ਮੀਨ ਵਿੱਚ ਖੜੀਆਂ ਕਿੱਕਰਾਂ ਉਦਾਲੇ ਕੰਡਿਆਲੀ ਤਾਰ ਦਾ ਵਲਗਣ ਮਾਰ ਲਿਆ ਸੀ ਤਾਂ ਜੋ ਕੋਈ ਅਕਾਲੀ ਲੱਕੜਾਂ ਨਾ ਵੱਢ ਸਕੇ। ਪੁਲਸ ਲੱਕੜਾਂ ਦੀ ਕਟਾਈ ਨੂੰ 'ਬਿਗਾਨੀ ਜਾਇਦਾਦ ਉੱਤੇ ਅਯੋਗ ਅਧਿਕਾਰ ਜਮਾਉਣਾ' ਕਹਿੰਦੀ ਸੀ, ਪਰ ਸਿੱਖ ਗੁਰਦੁਆਰੇ ਦੀ ਜ਼ਮੀਨ ਵਿਚੋਂ ਗੁਰਦੁਆਰੇ ਦੇ ਲੰਗਰ ਲਈ ਬਾਲਣ ਪ੍ਰਾਪਤ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਇਸ ਲਈ ਸ਼ਾਮ ਛੇ ਕੁ ਵਜੇ ਗੁਰਦੁਆਰੇ ਵਿੱਚੋਂ ਪੰਜ ਸਿੰਘਾਂ ਦੀ ਟੋਲੀ ਬਾਗ ਵਿੱਚੋਂ ਲੱਕੜਾਂ ਵੱਢਣ ਲਈ ਗਈ, ਜਿਸ ਨੂੰ ਪੁਲਸ ਘੇਰ ਕੇ ਇਕ ਪਾਸੇ ਲੈ ਗਈ। ਪੰਜ ਸਿੰਘਾਂ ਦੀ ਅਗਲੀ ਟੋਲੀ ਨਾਲ ਵੀ ਇਉਂ ਹੀ ਬੀਤੀ। ਪਹਿਲੀਆਂ ਦੋ ਟੋਲੀਆਂ ਉੱਤੇ ਬਹੁਤੀ ਸ਼ਖ਼ਤੀ ਨਾ ਕੀਤੀ ਗਈ ਕਿਉਂ ਜੋ ਇਸ ਸਮੇਂ ਇੱਕ ਅਮਰੀਕਨ, ਕਿਸੇ ਫਿਲਮ ਕੰਪਨੀ ਲਈ, ਤਸਵੀਰਾਂ ਲੈ ਰਿਹਾ ਸੀ। ਇਸ ਸਮੇਂ ਐਸੋਸੀਏਟਿਡ ਪ੍ਰੈਸ ਦੇ ਪ੍ਰਤੀਨਿੱਧ ਨੇ ਵੀ ਕੁੱਝ ਤਸਵੀਰਾਂ ਲਈਆਂ। ਜਦੋਂ ਹਨੇਰਾ ਹੋ ਗਿਆ ਅਤੇ ਤਸਵੀਰਾਂ ਖਿੱਚੇ ਜਾਣ ਦਾ ਡਰ ਨਾ ਰਿਹਾ ਤਾਂ ਪੁਲਸ ਨੇ ਪਿਛਲੀਆਂ ਟੋਲੀਆਂ ਉੱਤੇ ਮਨਚਾਹਿਆ ਤਸ਼ੱਦਦ ਕੀਤਾ। ਇੱਕ ਅਕਾਲੀ ਸਿੰਘ ਦੀ ਵੀਹ ਵਾਰ ਕੁੱਟਾਈ ਕੀਤੀ ਗਈ। ਹਰ ਵਾਰ ਸਹਿਣ ਪਿਛੋਂ ਡਿੱਗਣ ਉਪਰੰਤ ਉਹ 'ਤੇਰਾ ਭਾਣਾ ਮੀਠਾ ਲਾਗੇ' ਕਹਿੰਦਿਆਂ ਉੱਠਦਾ ਤਾਂ ਉਸ ਨੂੰ ਫਿਰ ਡਾਂਗ ਦੀ ਮਾਰ ਮਾਰੀ ਜਾਂਦੀ। ਅੰਤ ਉਹ ਬੇਹੋਸ਼ ਹੋ ਗਿਆ ਤਾਂ ਮਾਰ-ਕੁੱਟਾਈ ਬੰਦ ਕੀਤੀ ਗਈ। ਇਸ ਸਮੇਂ ਬੀਟੀ ਖੁਦ ਡਾਂਗਾਂ ਦੀ ਮਾਰ ਕਰ ਰਹੇ ਸਿਪਾਹੀਆਂ ਨੂੰ ਉੱਚੀ ਉੱਚੀ ਹੁਕਮ ਦਿੰਦਾ ਸੁਣਿਆ ਗਿਆ, "ਮਾਰੋ, ਮਾਰੋ, ਜ਼ੋਰ ਦੀ ਮਾਰੋ" 'ਟਿਕਾ ਕੇ ਮਾਰੋ' ਆਦਿ ਇਸ ਦਿਨ ਕੁੱਲ 20 ਅਕਾਲੀ ਪੁਲਸ ਦੀ ਸਖ਼ਤੀ ਦਾ ਸ਼ਿਕਾਰ ਹੋਏ।



9 ਸਤੰਬਰ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਡਿੱਗੇ ਪਏ ਇੱਕ ਅਕਾਲੀ ਨੂੰ ਇੱਕ ਪੁਲਸੀਆ ਗੋਡੇ ਅਤੇ ਡਾਂਗ ਦੇ ਸੁੰਮ ਨਾਲ ਮਾਰਦਾ ਹੋਇਆ।



9 ਸਤੰਬਰ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਨਾਲ ਮੂਧੇ ਮੂੰਹ ਡਿਗਿਆ ਪਿਆ ਇੱਕ ਅਕਾਲੀ। ਇੱਕ ਹੋਰ ਅਕਾਲੀ, ਜੋ ਉਠਣ ਦਾ ਯਤਨ ਕਰ ਰਿਹਾ ਹੈ, ਨੂੰ ਲਾਠੀ ਮਾਰਦਾ ਹੋਇਆ ਸਬ-ਇਨਸਪੈਕਟਰ।

ਭਾਈ ਮਾਨ ਸਿੰਘ ਨੇ ਪੰਜਾਬ ਲੈਜਿਸਲੈਟਿਵ ਅਸੈਂਬਲੀ ਵਿੱਚ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਦਾ ਮਸਲਾ ਬਹਿਸ ਲਈ ਉਠਾਉਣਾ ਚਾਹਿਆ ਪਰ ਚੇਅਰਮੈਨ ਨੇ ਇਹ ਕਹਿੰਦਿਆਂ ਕਿ "ਗੁਰਦੁਆਰੇ ਦੀ ਜ਼ਮੀਨ ਦੀ ਮਾਲਕੀ ਸੰਬੰਧੀ ਝਗੜਾ ਕਿਉਂ ਜੋ ਅਦਾਲਤ ਵਿਚ ਹੈ ਅਤੇ ਅਦਾਲਤ ਦੇ ਵਿਚਾਰ ਅਧੀਨ ਮਾਮਲੇ ਬਾਰੇ ਬਹਿਸ ਨਹੀਂ ਹੋ ਸਕਦੀ", ਇਸ ਬਾਰੇ ਬਹਿਸ ਕਰਨ ਦੀ ਆਗਿਆ ਨਾ ਦਿੱਤੀ।

### 10 ਸਤੰਬਰ (26 ਭਾਦੋਂ, ਐਤਵਾਰ) :
### ਦੀਵਾਨ ਸਮੇਂ ਕੁੱਟ-ਮਾਰ

ਕੱਲ੍ਹ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਤੋਂ ਚੱਲ ਕੇ ਪੁਲਸ ਦੀ ਰੋਕ-ਟੋਕ ਤੋਂ ਬਿਨਾਂ ਗੁਰਦੁਆਰਾ ਗੁਰੂ ਕਾ ਬਾਗ ਪਹੁੰਚੇ ਜਥੇ ਵਿੱਚੋਂ ਵੀਹ ਅਕਾਲੀਆਂ ਨੇ ਪਿਛਲੀ ਸ਼ਾਮ ਹੀ ਗੁਰਦੁਆਰੇ ਦੀ ਜ਼ਮੀਨ ਵਿੱਚ ਖੜ੍ਹੀਆਂ ਕਿੱਕਰਾਂ ਤੋਂ ਬਾਲਣ ਕੱਟਣ ਲਈ ਸੱਤਿਆਗ੍ਰਹਿ ਕੀਤਾ ਸੀ, ਜਥੇ ਦੇ ਬਾਕੀ ਮੈਂਬਰ ਗੁਰਦੁਆਰੇ ਵਿੱਚ ਰੁਕੇ ਹੋਏ ਸਨ। ਅੱਜ ਸਵੇਰ ਵੇਲੇ ਹੀ ਇਹਨਾਂ ਨੇ ਗੁਰਦੁਆਰਾ ਗੁਰੂ ਅਰਜਨ ਸਾਹਿਬ ਦੇ ਨੇੜੇ ਦੀਵਾਨ ਸਜਾ ਲਿਆ। ਗੁਰਦੁਆਰੇ ਨੂੰ ਆਉਣ ਵਾਲੇ ਰਸਤਿਆਂ ਵਿੱਚੋਂ ਪੁਲਸ-ਰੋਕ ਉਠਾ ਲਈ ਹੋਣ ਕਾਰਨ ਗੁਰੂ ਕਾ ਬਾਗ ਪਹੁੰਚੇ ਹੋਰ ਸ਼ਰਧਾਲੂ ਵੀ ਬੜੀ ਵੱਡੀ ਗਿਣਤੀ ਵਿੱਚ ਦੀਵਾਨ ਵਿੱਚ ਹਾਜ਼ਰੀ ਭਰ ਰਹੇ ਸਨ।

ਪੁਲਸ ਨੇ ਕੰਡਿਆਲੀ ਤਾਰ, ਜੋ ਪੁਲਸ ਦੁਆਰਾ ਪਿਛਲੀ ਰਾਤ ਇੱਥੇ ਲਿਆਂਦੀ ਗਈ ਸੀ, ਵਗਲਕੇ ਗੁਰਦੁਆਰਾ ਗੁਰੂ ਕਾ ਬਾਗ ਦੀ ਘੇਰਾਬੰਦੀ ਕਰਨੀ ਸ਼ੁਰੂ ਕਰ ਲਈ ਸੀ। ਪੁਲਸ ਨੇ ਦੀਵਾਨ ਵਿੱਚ ਬੈਠੀਆਂ ਸੰਗਤਾਂ ਦੇ ਵਿਚਕਾਰ ਦੀ ਕੰਡਿਆਲੀ ਤਾਰ ਖਿੱਚ ਕੇ ਦੀਵਾਨ ਵਿੱਚ ਹਫੜਾ-ਤਫੜੀ ਮਚਾਉਣ ਦੀ ਕਾਰਵਾਈ ਕੀਤੀ ਅਤੇ ਫਿਰ ਇਸ ਸਮੇਂ ਸੰਗਤਾਂ ਨੂੰ ਸ਼ਾਂਤਮਈ ਦੇ ਗੁਣਾਂ ਬਾਰੇ ਭਾਸ਼ਨ ਦੇ ਰਹੇ ਭਾਈ ਗੰਗਾ ਸਿੰਘ ਨੂੰ ਮਿਸਟਰ ਬੀਟੀ ਧੌਣ ਤੋਂ ਫੜ ਕੇ ਪੁਲਸ ਦੇ ਕੈਂਪ ਵਿੱਚ ਲੈ ਗਿਆ। ਪੁਲਸ ਨੇ ਉਸ ਉੱਪਰ ਤਸ਼ੱਦਦ ਢਾਹੁਣ ਉਪਰੰਤ ਦੀਵਾਨ ਵਿੱਚ ਸੁਨੇਹਾ ਭੇਜਿਆ ਕਿ ਅਕਾਲੀ ਗੰਗਾ ਸਿੰਘ ਨੂੰ ਲੈ ਜਾਣ। ਜਦੋਂ ਭਾਈ ਗੰਗਾ ਸਿੰਘ ਨੂੰ ਲਿਆਂਦਾ ਗਿਆ ਤਾਂ ਉਸ ਸਮੇਂ ਉਸ ਨੂੰ ਕੁਥਾਵੇਂ ਸੱਟ ਲੱਗਣ ਕਾਰਨ ਸਾਹ ਵੀ ਬੜੀ ਮੁਸ਼ਕਲ ਨਾਲ ਆ ਰਿਹਾ ਸੀ। ਪੰਡਤ ਮਦਨ ਮੋਹਨ ਮਾਲਵੀਆ, ਸੁਆਮੀ ਸ਼ਰਧਾ ਨੰਦ, ਕੁਮਾਰੀ ਲੱਜਾਵਤੀ ਪ੍ਰਿੰਸੀਪਲ, ਕੰਨਿਆ ਮਹਾਂ ਵਿਦਿਆਲਾ, ਜਲੰਧਰ ਸ਼ਹਿਰ; ਪੰਡਤ ਕੇ. ਸੰਤਾਨਮ, ਪ੍ਰੋ. ਰੁਚੀ ਰਾਮ ਸਾਹਨੀ ਅਤੇ ਮਲਿਕ ਲਾਲ ਖਾਨ ਆਦਿ ਦੀ ਹਾਜ਼ਰੀ ਵਿੱਚ ਹਕੀਮ ਅਜਮਲ ਖਾਨ ਨੇ ਭਾਈ ਗੰਗਾ ਸਿੰਘ ਨੂੰ ਬੇਹੋਸ਼ੀ ਵਿੱਚ ਹੀ ਮੁਢਲੀ ਡਾਕਟਰੀ ਸਹਾਇਤਾ ਦੇ ਕੇ ਇੱਕ ਐਂਬੂਲੈਂਸ ਵਿੱਚ ਅੰਮ੍ਰਿਤਸਰ ਨੂੰ ਭੇਜਿਆ। ਦੀਵਾਨ ਵਿੱਚ ਬੈਠੀ ਸੰਗਤ ਨੂੰ ਵੀ ਪੁਲਸ ਨੇ ਜਬਰ ਦਾ ਸ਼ਿਕਾਰ ਬਣਾਇਆ। ਇਸ ਦਿਨ ਦੀ ਘਟਨਾ ਦਾ ਬਿਆਨ ਮਹਾਸ਼ਾ ਕ੍ਰਿਸ਼ਨ, ਐਡੀਟਰ ਪਰਤਾਪ, ਲਾਹੌਰ ਨੇ ਆਪਣੇ ਸ਼ਬਦਾਂ ਵਿੱਚ ਇਉਂ ਕੀਤਾ :-

> "10 ਸਤੰਬਰ ਨੂੰ ਅਕਾਲੀ ਗੁਰੂ ਕੇ ਬਾਗ ਵਿੱਚ ਦੀਵਾਨ ਲਾ ਰਹੇ ਸਨ। ਇੱਕ ਸਿਖ ਤਕਰੀਰ ਕਰ ਰਿਹਾ ਸੀ। ਮਿਸਟਰ ਬੀਟੀ ਉਥੇ ਆਇਆ, ਉਸ ਦੇ ਹੱਥ ਵਿੱਚ ਡਾਂਗ ਸੀ। ਬੰਦੂਕਾਂ ਵਾਲੇ ਪੁਲਸੀਏ ਵੀ ਬੰਨੇ ਉੱਤੇ ਦਿਖਾਈ ਦਿੱਤੇ। ਬੀਟੀ ਨੇ ਲੈਕਚਰ ਦੇਣ ਵਾਲੇ ਦੇ ਮੂੰਹ ਉੱਤੇ ਥੱਪੜ ਮਾਰਿਆ ਅਤੇ ਉਸ ਨੂੰ ਹੇਠਾਂ ਸੁੱਟ ਦਿੱਤਾ। ਪੁਲਸ ਨੇ ਲੋਕਾਂ ਨੂੰ ਮਾਰਨਾ ਸ਼ੁਰੂ ਕੀਤਾ। ਤਕਰੀਰ ਕਰਨ ਵਾਲੇ ਦਾ ਨਾਮ ਗੰਗਾ ਸਿੰਘ ਸੀ। ਪੁਲਸ ਨੇ ਉਸ ਨੂੰ ਦੀਵਾਨ ਤੋਂ ਬਾਹਰ ਲੈ ਜਾ ਕੇ ਉਸ ਦੀ ਖੂਬ ਮਾਰ ਕੁਟਾਈ ਕੀਤੀ। ਉਸ ਦੇ ਸਾਰੇ ਅੰਗਾਂ ਉੱਤੇ ਸੱਟਾਂ ਮਾਰਨ ਉਪਰੰਤ ਉਸ ਨੂੰ ਧੂਹ ਕੇ ਇੱਕ ਟੋਏ ਵਿੱਚ ਸੁੱਟ ਦਿੱਤਾ ਗਿਆ ਅਤੇ ਫੇਰ ਕੈਂਪ ਵਿੱਚ ਲੈ ਗਏ। ਦੋ ਵੇਰ ਪੁਲਸੀਏ ਅਕਾਲੀਆਂ ਦੇ ਸਰੀਰਾਂ ਉੱਤੇ ਚੜ੍ਹ ਕੇ ਨੱਚਦੇ ਦੇਖੇ ਗਏ। ਇੱਕ ਨੇ ਅਕਾਲੀ ਦੀ ਧੌਣ ਉੱਤੇ ਲੱਤ ਰੱਖੀ ਸੀ। ਇੱਕ ਹੋਰ ਪੁਲਸੀਏ ਨੂੰ ਕਿਸੇ ਹੋਰ ਅਕਾਲੀ ਦੀ ਧੌਣ ਮਰੋੜਦਾ ਵੇਖਿਆ ਗਿਆ। ਮਿਸਟਰ ਬੀਟੀ ਅਕਾਲੀਆਂ ਦੀਆਂ ਅੱਖਾਂ ਨੇੜੇ ਵੀ ਡਾਂਗਾਂ ਮਾਰਦਾ ਸੀ। ਸੁਪਰਡੰਟ ਪੁਲਸ ਅੰਮ੍ਰਿਤਸਰ ਮਿਸਟਰ ਮੈਕਫਰਸਨ ਵੀ ਹਾਜ਼ਰ ਸੀ। ਇਹਨਾਂ ਦੀਆਂ ਵਧੀਕੀਆਂ ਨੂੰ ਅੱਖੀਂ ਦੇਖਣ ਉਪਰੰਤ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਇਸ ਬਾਰੇ ਮਿਸਟਰ ਡੰਨਟ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਜੋ ਉਸ ਸਮੇਂ ਗੁਰੂ ਕੇ ਬਾਗ ਵਿਖੇ ਹੀ ਸੀ, ਨੂੰ ਮਿਲਣਾ ਚਾਹਿਆ ਪਰ ਮਿਸਟਰ ਡੰਨਟ ਨੇ ਮਾਲਵੀਆ ਜੀ ਨੂੰ ਮਿਲਣ ਤੋਂ ਅਸਮਰਥਾ ਪ੍ਰਗਟ ਕੀਤੀ।"

ਸ਼ਾਮ ਪੰਜ ਵਜੇ ਅਕਾਲੀ ਸਿੰਘਾਂ ਦਾ ਜਥਾ ਕਿੱਕਰ ਦੀਆਂ ਲੱਕੜਾਂ ਲੈਣ ਲਈ ਰਵਾਨਾ ਹੋਇਆ। ਪੁਲਸ ਨੇ ਗੁਰਦੁਆਰੇ ਦੁਆਲੇ ਵਲੀ ਕੰਡਿਆਲੀ ਤਾਰ ਦੀ ਵਲਗਣ ਵਿੱਚ ਛੋਟਾ ਜਿਹਾ ਰਸਤਾ ਛੱਡਿਆ ਹੋਇਆ ਸੀ, ਜਿਸ ਵਿੱਚੋਂ ਬਾਹਰ ਨਿਕਲਣ ਉੱਤੇ ਪੁਲਸ ਨੇ ਅਕਾਲੀਆਂ ਨੂੰ ਡਾਂਗਾਂ ਨਾਲ ਕੁੱਟਣ ਉਪਰੰਤ ਨੇੜੇ ਖੜ੍ਹੇ ਪਾਣੀ ਦੇ ਟੋਏ ਵਿੱਚ ਸੁੱਟ

ਦਿੱਤਾ। ਉਹ ਜਦੋਂ ਵੀ ਉਥੋਂ ਉਠਣ ਦਾ ਯਤਨ ਕਰਦੇ, ਪੁਲਸ ਫਿਰ ਮਾਰਨਾ ਸ਼ੁਰੂ ਕਰ ਦਿੰਦੀ। ਇਹ ਕੁੱਟ ਉਦੋਂ ਤੱਕ ਜਾਰੀ ਰਹੀ, ਜਦੋਂ ਤੱਕ ਅਕਾਲੀ ਬੇਹੋਸ਼ ਨਹੀਂ ਹੋ ਗਏ। ਬੇਹੋਸ਼ ਸਿੰਘਾਂ ਨੂੰ ਧੂਹ ਕੇ ਪੁਲਸ ਨੇ ਕੰਡਿਆਲੀ ਤਾਰ ਉੱਤੇ ਵੀ ਸੁੱਟਿਆ। ਇਹੋ ਹਾਲ ਚਾਰ ਚਾਰ ਅਕਾਲੀਆਂ ਦੀਆਂ ਦੋ ਹੋਰ ਟੋਲੀਆਂ ਨਾਲ ਕੀਤਾ ਗਿਆ। ਇਹ ਸਾਰੀ ਕਾਰਵਾਈ ਸੁਆਮੀ ਸ਼ਰਧਾ ਨੰਦ, ਹਕੀਮ ਅਜਮਲ ਖਾਂ, ਸਦਰ, ਜਮੀਅਤ-ਉਲ-ਉਲਮਾ, ਲਾਲਾ ਦੀਨਾ ਨਾਥ ਐਡੀਅਰ 'ਦੇਸ਼', ਲਾਲਾ ਜੈ ਗੋਪਾਲ ਟੰਡਨ, ਐਡੀਟਰ 'ਲਿਬਰਲ' ਆਦਿ ਨੇ ਮੌਕੇ ਉੱਤੇ ਹਾਜ਼ਰ ਰਹਿ ਕੇ ਦੇਖੀ।

ਸ਼ਾਮ ਦੇ ਲਗਭਗ ਪੰਜ ਵਜੇ ਲਾਲਾ ਮੁਲਤਾਨੀ ਮੱਲ, ਸਬ-ਇੰਸਪੈਕਟਰ, ਏ ਡਵੀਜਨ ਅੰਮ੍ਰਿਤਸਰ ਦੀ ਅਗਵਾਈ ਵਿੱਚ ਪੁਲਸ ਨੇ ਸੁਆਮੀ ਸ਼ਰਧਾ ਨੰਦ ਨੂੰ ਹਿੰਦੁਸਤਾਨੀ ਜ਼ਾਬਤਾ ਫੌਜਦਾਰੀ ਦੀ ਧਾਰਾ 117/143/147 ਅਧੀਨ ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ ਦੇ ਹੁਕਮ ਦੀ ਤਾਮੀਲ ਕਰਦਿਆਂ ਗ੍ਰਿਫਤਾਰ ਕੀਤਾ। ਉਸ ਵੱਲੋਂ ਜ਼ਮਾਨਤ ਦੇਣ ਤੋਂ ਇਨਕਾਰ ਕੀਤੇ ਜਾਣ ਉੱਤੇ ਉਸਨੂੰ ਅੰਮ੍ਰਿਤਸਰ ਜੇਲ੍ਹ ਵਿੱਚ ਡੱਕ ਦਿੱਤਾ ਗਿਆ।

ਇਸ ਦਿਨ ਜਲਿਆਂ ਵਾਲੇ ਬਾਗ ਵਿੱਚ ਪੰਡਤ ਮਦਨ ਮੋਹਨ ਮਾਲਵੀਆ ਦੀ ਪ੍ਰਧਾਨਗੀ ਹੇਠ ਇਕ ਜਲਸਾ ਹੋਇਆ। ਲਗਭਗ ਤੇਰਾਂ ਹਜ਼ਾਰ ਵਿਅਕਤੀਆਂ ਦੇ ਇਕੱਠ ਵਿੱਚ ਹਜ਼ਾਰ ਕੁ ਔਰਤਾਂ ਵੀ ਸ਼ਾਮਲ ਸਨ। ਪੰਡਤ ਮਾਲਵੀਆ ਜੀ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਸ਼ਾਂਤਮਈ ਅਕਾਲੀ ਵਲੰਟੀਅਰਾਂ ਉੱਤੇ ਹੋ ਰਹੇ ਜ਼ੁਲਮਾਂ ਨੂੰ ਵੇਖਦਿਆਂ ਹਰ ਹਿੰਦੁਸਤਾਨੀ ਦਾ ਫਰਜ਼ ਹੈ ਕਿ ਸਰਕਾਰ ਦੀ ਕਾਰਵਾਈ ਨੂੰ ਨਫ਼ਰਤ ਅਤੇ ਗਿਲਾਨੀ ਦੀ ਭਾਵਨਾ ਨਾਲ ਦੇਖੇ ਅਤੇ ਸਰਕਾਰ ਨੂੰ ਆਪਣੀ ਨੀਤੀ ਵਿੱਚ ਤਬਦੀਲੀ ਲਿਆਉਣ ਲਈ ਬੁਲੰਦ ਅਵਾਜ਼ ਵਿੱਚ ਆਖੇ।

ਅੰਮ੍ਰਿਤਸਰ ਖੁਫ਼ੀਆ ਪੁਲਸ ਦੇ ਸੁਪਰਡੈਂਟ ਮਿਸਟਰ ਵੀ. ਡਬਲਿਊ. ਸਮਿੱਥ ਨੇ ਇਸ ਦਿਨ ਦੀ ਸ੍ਰੀ ਅਕਾਲ ਤਖਤ ਉੱਤੇ ਹੋਈ ਕਾਰਵਾਈ ਨੂੰ ਇਉਂ ਰੀਕਾਰਡ ਕੀਤਾ :-

> "ਅਕਾਲ ਤਖਤ ਦੇ ਸਾਹਮਣੇ ਆਮ ਵਾਂਗ ਸਵੇਰ ਦਾ ਦੀਵਾਨ 8 ਵਜੇ ਤੋਂ 10 ਵਜੇ ਸਵੇਰ ਤੱਕ ਚੱਲਿਆ। ਹਾਜ਼ਰੀ ਦਾ ਅੰਦਾਜ਼ਾ ਚਾਰ ਹਜ਼ਾਰ ਦੇ ਲਗਭਗ ਸੀ। ਪਹਿਲਾਂ ਵਾਂਗ ਲਗਪਗ ਇਕ ਸੌ ਅਕਾਲੀਆਂ ਉੱਤੇ ਆਧਾਰਿਤ ਗੁਰੂ ਕਾ ਬਾਗ ਜਾਣ ਲਈ ਚੁਣਿਆ ਗਿਆ ਜਥਾ ਫ਼ੀਰੋਜ਼ਪੁਰ ਜ਼ਿਲ੍ਹੇ ਦਾ 'ਨਿਧੜਕ ਅਕਾਲੀ ਜਥਾ' ਸੀ। ਜਥੇ ਦੇ ਅਕਾਲ ਤਖਤ ਸਾਹਮਣੇ ਪੇਸ਼ ਹੋਣ ਉਪਰੰਤ ਇਸ ਜਥੇ ਦੇ ਜਥੇਦਾਰ ਕਾਨ੍ਹ ਸਿੰਘ ਨੇ ਆਪਣੇ ਸੰਬੋਧਨ ਵਿਚ ਅਹਿੰਸਕ ਰਹਿਣ ਦੀ ਸਲਾਹ ਦਿੱਤੀ। ਸਵਾਮੀ ਸ਼ਰਧਾ ਨੰਦ ਗੁਰੂ ਕੁਲ ਕਾਂਗੜੀ (ਪੂਰਬਲਾ ਨਾਂ ਮੁਨਸ਼ੀ ਰਾਮ) ਅਤੇ ਕੁਮਾਰੀ ਲੱਜਾਵਤੀ ਦੀਵਾਨ ਵਿੱਚ ਹਾਜ਼ਰ ਸਨ। ਸਵਾਮੀ ਸ਼ਰਧਾ ਨੰਦ ਨੇ ਭਾਸ਼ਨ ਦਿੰਦਿਆਂ ਆਖਿਆ ਕਿ ਵਰਤਮਾਨ ਸੰਘਰਸ਼ ਕੇਵਲ ਸਿੱਖਾਂ ਦੇ ਹੀ ਨਹੀਂ ਸਗੋਂ ਸਾਰੇ ਫਿਰਕਿਆਂ ਦੇ ਭਵਿੱਖ ਨੂੰ ਪ੍ਰਭਾਵਿਤ ਕਰੇਗਾ। ਅਕਾਲੀ ਜਥੇ ਨੂੰ ਸੰਬੋਧਨ ਕਰਦਿਆਂ ਉਸਨੇ ਯਕੀਨ ਦਵਾਇਆ ਕਿ ਸਾਰੇ ਹਿੰਦੂ ਅਤੇ ਮੁਸਲਮਾਨ ਉਹਨਾਂ ਦੇ ਨਾਲ ਹਨ। ਉਸਨੇ ਸੰਘਰਸ਼ ਦੇ ਜੇਤੂ ਨਤੀਜਿਆਂ ਬਾਰੇ ਭਵਿੱਖਬਾਣੀ ਕਰਦਿਆਂ ਆਖਿਆ ਕਿ ਜੇਕਰ ਪ੍ਰਬੰਧਕ ਕਮੇਟੀ ਆਗਿਆ ਦੇਵੇ ਤਾਂ ਉਹ ਸੰਯੁਕਤ ਪ੍ਰਾਂਤਾਂ ਤੋਂ ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਸਹਾਇਤਾ ਦੇਣ ਲਈ ਤਿਆਰ ਹੈ। ਅੰਤ ਵਿਚ ਉਸਨੇ ਗੁਰੂ ਦਾ ਬਾਗ ਜਾਣ ਵਾਲੇ ਜਥੇ ਦਾ ਹੌਂਸਲਾ ਵਧਾਉਂਦਿਆਂ ਅਹਿੰਸਕ ਰਹਿਣ ਲਈ ਸ਼ੁਭ-ਕਾਮਨਾਵਾਂ ਦਿੱਤੀਆਂ। ਕੁਮਾਰੀ

ਲੱਜਾਵਤੀ ਨੇ ਵੀ ਜਥੇ ਨੂੰ ਸੰਬੋਧਨ ਕੀਤਾ ਅਤੇ ਅਕਾਲੀਆਂ ਦੀ ਸਾਬਤ ਕਦਮੀ ਦੀ ਪ੍ਰਸੰਸਾ ਕੀਤੀ। ਉਸਨੇ ਭਰੋਸਾ ਦੁਆਇਆ ਕਿ ਹਿੰਦੁਸਤਾਨ ਭਰ ਦੀਆਂ ਔਰਤਾਂ ਦੀਆਂ ਹਮਦਰਦੀਆਂ ਅਤੇ ਅਰਦਾਸਾਂ ਉਹਨਾਂ ਦੇ ਨਾਲ ਹਨ। ਜਥੇਦਾਰ ਅਕਾਲ ਤਖਤ, ਜਥੇਦਾਰ ਤੇਜਾ ਸਿੰਘ ਨੇ ਆਮ ਵਾਂਗ, ਜਥੇ ਨੂੰ ਸ਼ਾਂਤੀਪੂਰਨ ਰਹਿਣ ਦਾ ਉਪਦੇਸ਼ ਦਿੱਤਾ। ਫਿਰ ਜਥੇ ਨੂੰ ਫੁੱਲਾਂ ਦੇ ਹਾਰ ਪਹਿਨਾਏ ਗਏ ਅਤੇ ਉਹ ਗੁਰੂ ਕਾ ਬਾਗ ਜਾਣ ਲਈ ਚੱਲ ਪਿਆ। ਇਕ ਅਮਰੀਕਨ ਫਿਲਮਕਾਰ ਨੇ ਜਥੇ ਦੀ ਰਵਾਨਗੀ ਦੀ ਫਿਲਮ ਬਣਾਈ।

"ਜਥਾ ਚਾਰ-ਚਾਰ ਦੀਆਂ ਪੰਕਤੀਆਂ ਵਿਚ ਚੱਲਦਿਆਂ ਅਤੇ ਸ਼ਬਦ ਪੜ੍ਹਦਾ ਹੋਇਆ ਸਾਢੇ ਚਾਰ ਵਜੇ ਗੁਰੂ ਕਾ ਬਾਗ ਪਹੁੰਚਿਆ। ਕਾਂਗਰਸ ਆਗੂ, ਡਾਕਟਰ, ਬੁਆਏ ਸਕਾਊਟਸ, ਸੇਵਾ ਸੰਮਤੀ ਦੇ ਕਾਰਕੁਨ ਅਤੇ ਕੁੱਝ ਖਿਲਾਫ਼ਤ ਵਲੰਟੀਅਰ ਜਥੇ ਦੇ ਨਾਲ ਸਨ। ਅਮਰੀਕਨ ਫਿਲਮਕਾਰ ਨੇ ਜਥੇ ਦੀ ਪਹੁੰਚ ਸਮੇਂ ਦਾ ਫਿਲਮਾਂਕਣ ਕੀਤਾ। ਥੋੜ੍ਹੀ ਦੇਰ ਪਿੱਛੋਂ ਹਕੀਮ ਅਜਮਲ ਖਾਨ ਅਤੇ ਸਵਾਮੀ ਸ਼ਰਧਾਨੰਦ ਵੀ ਪਹੁੰਚ ਗਏ। ਜਥਾ ਸਿੱਧਾ ਗੁਰਦੁਆਰੇ ਗਿਆ ਅਤੇ ਪੁਲਸ ਨੂੰ ਤਤਕਾਲ ਵੰਗਾਰਨ ਦੀ ਕੋਈ ਕਾਰਵਾਈ ਨਾ ਕੀਤੀ ਗਈ। ਲਗਪਗ ਸਾਢੇ ਪੰਜ ਵਜੇ ਸ਼ਾਮ ਪੰਜ ਅਕਾਲੀਆਂ ਦੀ ਇਕ ਟੋਲੀ ਨੇ ਮਹੰਤ ਦੀ ਜ਼ਮੀਨ ਉੱਤੇ ਨਜਾਇਜ਼ ਕਬਜ਼ਾ ਕਰਨ ਦਾ ਯਤਨ ਕੀਤਾ। ਮਿਸਟਰ ਬੀਟੀ ਦੀ ਅਗਵਾਈ ਵਿੱਚ ਪੁਲਸ ਨੇ ਉਹਨਾਂ ਦਾ ਰਾਹ ਰੋਕ ਲਿਆ। ਜਦੋਂ ਵੀ ਉਹ ਪੁਲਸ ਦੀ ਰੁਕਾਵਟ ਨੂੰ ਉਲੰਘਦਿਆਂ ਅੱਗੇ ਜਾ ਕੇ ਮਹੰਤ ਦੀ ਜ਼ਮੀਨ ਉੱਤੇ ਨਜਾਇਜ਼ ਕਬਜ਼ਾ ਕਰਨ ਦਾ ਯਤਨ ਕਰਦੇ, ਪੁਲਸ ਲਾਠੀਆਂ ਦੀ ਮਾਰ ਕਰਦੀ। ਪੰਜ-ਪੰਜ ਦੀ ਗਿਣਤੀ ਵਾਲੇ ਪੰਜ ਹੋਰ ਜਥਿਆਂ ਨੇ ਵੀ ਇਹ ਹੀ ਤਜਰਬਾ ਦੁਹਰਾਇਆ ਅਤੇ ਉਹਨਾਂ ਨਾਲ ਵੀ ਇਹੋ ਵਰਤਾਓ ਕੀਤਾ ਗਿਆ। ਓੜਕ 23 ਅਕਾਲੀ ਸਟ੍ਰੈਚਰ ਉੱਤੇ ਪਾ ਕੇ ਲੈ ਜਾਣੇ ਪਏ। ਪੁਲਸ ਨੇ ਬਾਕੀ ਦੋ, ਜਿਹੜੇ ਵਧੇਰੇ ਸਿਰੜੀ ਸਨ, ਨਾਲ ਵਧੇਰੇ ਸਖਤੀ ਨਾਲ ਨਿਪਟਿਆ ਅਤੇ ਅੰਤ ਵਿਚ ਉਹਨਾਂ ਨੂੰ ਬੁਆਏ ਸਕਾਊਟ ਲੈ ਕੇ ਗਏ। ਇਸ ਸਮੇਂ ਦੌਰਾਨ ਫਿਲਮਸਾਜ਼, ਹੋਰ ਫੋਟੋਗ੍ਰਾਫਰ ਅਤੇ ਅਖਬਾਰਾਂ ਦੇ ਨੁਮਾਇੰਦੇ ਰੁੱਝੇ ਰਹੇ। ਅੱਖੀਂ ਦੇਖਣ ਵਾਲਿਆਂ ਵਿੱਚ ਰੁਚੀ ਰਾਮ ਸਾਹਨੀ, ਦੁਨੀ ਚੰਦ ਲਾਹੌਰ, ਕੁਮਾਰੀ ਲੱਜਾਵਤੀ ਅਤੇ ਪਿਆਰੇ ਲਾਲ ਦਿੱਲੀ ਸ਼ਾਮਲ ਸਨ।"

ਖੁਫੀਆ ਵਿਭਾਗ ਦੇ ਇਸੇ ਅਧਿਕਾਰੀ ਨੇ ਸ਼ਾਮ ਸਮੇਂ ਜਲ੍ਹਿਆ ਵਾਲੇ ਬਾਗ ਵਿਚ ਹੋਈ ਇਕੱਤਰਤਾ ਦਾ ਬਿਆਨ ਇਉਂ ਕੀਤਾ ਹੈ :

"ਜਲ੍ਹਿਆਂ ਵਾਲੇ ਬਾਗ ਵਿੱਚ ਛੇ ਵਜੇ ਸ਼ਾਮ ਪੰਡਤ ਮਦਨ ਮੋਹਨ ਮਾਲਵੀਆ ਦੀ ਪ੍ਰਧਾਨਗੀ ਹੇਠ ਇਕ ਆਮ ਜਲਸਾ ਹੋਇਆ। ਬਾਰਾਂ ਤੇਰ੍ਹਾਂ ਹਜ਼ਾਰ ਸਰੋਤਿਆਂ ਵਿੱਚ ਲਗਪਗ ਇਕ ਹਜ਼ਾਰ ਔਰਤਾਂ ਅਤੇ ਪੰਜ ਹਜ਼ਾਰ ਦੇ ਨੇੜੇ ਅਕਾਲੀ ਸਨ। ਅਰੰਭਕ ਤਕਰੀਰ ਵਿੱਚ ਪੰਡਤ ਮਾਲਵੀਆ ਨੇ ਗੁਰੂ ਕਾ ਬਾਗ ਮਾਮਲੇ ਦੀ ਪੂਰੀ ਕਹਾਣੀ ਦੱਸਦਿਆਂ ਸ਼ਿਕਾਇਤ ਕੀਤੀ ਕਿ ਅਧਿਕਾਰੀ ਗੈਰ-ਕਾਨੂੰਨੀ ਕਾਰਵਾਈ ਕਰ ਰਹੇ ਹਨ ਅਤੇ ਘੱਟੋ-ਘੱਟ ਸ਼ਕਤੀ ਨਹੀਂ ਵਰਤ ਰਹੇ। ਪੰਡਤ ਮਾਲਵੀਆ ਨੇ ਪੁੱਛਿਆ ਕਿ ਜੇਕਰ ਇਹ ਘੱਟੋ-ਘੱਟ ਸ਼ਕਤੀ ਹੈ ਤਾਂ ਵੱਧ ਤੋਂ ਵੱਧ ਕਿੰਨੀ ਹੋਵੇਗੀ? ਉਸਨੇ ਦਲੀਲ ਦਿੱਤੀ ਕਿ ਜੇਕਰ ਅਕਾਲੀ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ ਤਾਂ

ਉਹਨਾਂ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਚਲਾਉਣਾ ਚਾਹੀਦਾ ਹੈ। ਸਰਕਾਰ ਦੀ ਦਮਨਕਾਰੀ ਨੀਤੀ ਅਮਾਨਵੀ ਅਤੇ ਅਸੱਭਿਅਕ ਹੈ। ਪੰਡਤ ਮਾਲਵੀਆ ਨੇ ਆਖਿਆ ਕਿ ਜੇਕਰ ਮਹੰਤ ਸਮਝੌਤੇ ਲਈ ਤਿਆਰ ਹੋਏ, ਜਿਵੇਂ ਉਹ ਪਹਿਲਾਂ ਵੀ ਕਰ ਚੁੱਕਾ ਹੈ, ਸਰਕਾਰ ਵੱਲੋਂ ਅਜਿਹਾ ਸਮਝੌਤਾ ਕੀਤੇ ਜਾਣ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਪੰਡਤ ਮਾਲਵੀਆ ਨੇ ਅਕਾਲੀਆਂ ਵੱਲੋਂ ਕੀਤੀਆਂ ਜਾ ਰਹੀਆਂ ਸ਼ਾਂਤੀ ਪੂਰਨ ਕੁਰਬਾਨੀਆਂ ਲਈ ਉਹਨਾਂ ਦਾ ਵਾਰੰਵਾਰ ਧੰਨਵਾਦ ਕੀਤਾ ਅਤੇ ਸਿਰ ਤੋਂ ਪੱਗ ਲਾਹ ਕੇ ਸਤਿਕਾਰ ਵਿੱਚ ਸਿਰ ਝੁਕਾਇਆ। ਇਸ ਉੱਤੇ ਸਰੋਤਿਆਂ ਨੇ ਜੋਸ਼ ਵਿੱਚ ਆ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡੇ। ਉਸਨੇ ਆਖਿਆ ਕਿ ਅਜਿਹੀ ਸ਼ਾਂਤੀਪੂਰਨ ਭਾਵਨਾ ਦੀ ਮਿਸਾਲ ਸਾਰੇ ਸੰਸਾਰ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਅਕਾਲੀਆਂ ਨੇ ਪਹਿਲਾਂ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਉੱਤੇ ਪਹਿਰਾ ਦੇ ਕੇ ਅਤੇ ਫਿਰ ਗਾਂਧੀ ਜੀ ਦੀਆਂ ਹਦਾਇਤਾਂ ਦੀ ਪਾਲਣਾ ਕਰਕੇ ਸਾਰੇ ਹਿੰਦੁਸਤਾਨ ਨੂੰ ਰਾਹ ਵਿਖਾਇਆ ਹੈ। ਸਾਰੇ ਅਕਾਲੀਆਂ ਦੇ ਕ੍ਰਿਪਾਨਧਾਰੀ ਹੋਣ ਦੇ ਬਾਵਜੂਦ ਕਿਸੇ ਇਕ ਨੇ ਵੀ ਵਿਰੋਧੀ ਉੱਤੇ ਬਚਨ ਜਾਂ ਕਰਮ ਦੁਆਰਾ ਵਾਰ ਨਹੀਂ ਕੀਤਾ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਅਕਾਲੀਆਂ ਪਾਸੋਂ ਅਹਿੰਸਾ ਦਾ ਸਬਕ ਸਿੱਖਣਾ ਚਾਹੀਦਾ ਹੈ। ਜੋ ਕੋਈ ਵੀ ਇਸ ਅਹਿੰਸਕ ਅੰਦੋਲਨ ਦੇ ਰਾਹ ਵਿੱਚ ਰੁਕਾਵਟ ਪਾਏਗਾ, ਉਹ ਅਕਾਲੀਆਂ ਦਾ ਵਿਸ਼ੇਸ਼ ਕਰਕੇ ਅਤੇ ਹਿੰਦੁਸਤਾਨ ਦਾ ਆਮ ਕਰਕੇ ਦੁਸ਼ਮਨ ਹੋਵੇਗਾ। ਗੋਲੀ ਖਾ ਕੇ ਮਰਨ ਦਾ ਦੁੱਖ ਸਹਿਣਾ ਛੋਟੀ ਚੀਜ਼ ਹੈ। ਪਰ ਲਾਠੀ ਦੇ ਵਾਰ ਸਹਿਣਾ ਅਗਨੀ ਪ੍ਰੀਖਿਆ ਦੇ ਸਮਾਨ ਹੈ। ਲਾਠੀ ਦਾ ਹਰ ਵਾਰ ਸਰਕਾਰ ਦੀਆਂ ਜੜ੍ਹਾਂ ਉੱਤੇ ਵੱਜਣ ਵਾਲਾ ਕੁਹਾੜਾ ਹੈ। ਪੰਡਤ ਮਾਲਵੀਆ ਨੇ ਅਪੀਲ ਕੀਤੀ ਕਿ ਸਰਕਾਰ ਦੀ ਕਾਰਵਾਈ ਪ੍ਰਤੀ ਘ੍ਰਿਣਾ ਅਤੇ ਅਪਮਾਨ ਪ੍ਰਗਟ ਕਰਨਾ, ਰੋਸ ਦੀ ਸਰਬਸੰਮਤ ਰਾਏ ਉਭਾਰਨਾ ਅਤੇ ਨੀਤੀ ਵਿਚ ਤਬਦੀਲੀ ਕਰਨ ਲਈ ਆਖਣਾ ਹਰ ਹਿੰਦੁਸਤਾਨੀ ਦਾ ਫਰਜ਼ ਹੈ। ਨਤੀਜਾ ਇਹ ਹੋਵੇਗਾ ਕਿ ਸਰਕਾਰ ਆਪਣਾ ਮਾਣ ਬਚਾ ਸਕੇਗੀ, ਅਕਾਲੀ ਕੁੱਟੇ ਜਾਣ ਤੋਂ ਬਚ ਜਾਣਗੇ ਅਤੇ ਜਨਤਾ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚੇਗੀ। ਅਕਾਲੀਆਂ ਨਾਲ ਹਮਦਰਦੀ ਪ੍ਰਗਟਾਉਣੀ ਹਰ ਹਿੰਦੁਸਤਾਨੀ ਦਾ ਦੂਜਾ ਫਰਜ਼ ਹੈ। ਗੁਰੂ ਕਾ ਬਾਗ ਦੀਆਂ ਸਖ਼ਤੀਆਂ ਦੀ ਪੜਤਾਲ ਕਰਨ ਲਈ ਗ਼ੈਰ-ਸਰਕਾਰੀ ਕਮਿਸ਼ਨ ਦੀ ਸਥਾਪਨਾ ਕਰਨ ਅਤੇ ਕਸੂਰਵਾਰਾਂ ਨੂੰ ਸਜ਼ਾ ਦੇਣ ਲਈ ਸਰਕਾਰ ਨੂੰ ਬੇਨਤੀ ਕਰਨਾ ਤੀਜਾ ਫਰਜ਼ ਹੈ। ਪਰ ਨਾਲ ਹੀ, ਪੰਡਤ ਮਾਲਵੀਆ ਨੇ ਆਖਿਆ ਕਿ, ਸਰਕਾਰ ਦੁਆਰਾ ਅਜਿਹੀ ਤਜ਼ਵੀਜ਼ ਪ੍ਰਵਾਨ ਕੀਤੇ ਜਾਣ ਦੀ ਆਸ ਨਹੀਂ। ਇਸ ਲਈ ਉਚਿਤ ਹੋਵੇਗਾ ਕਿ ਪੜਤਾਲੀਆ ਕਮਿਸ਼ਨ ਬੈਠਾਉਣ ਲਈ ਕੌਮੀ ਕਾਂਗਰਸ ਨੂੰ ਬੇਨਤੀ ਕੀਤੀ ਜਾਵੇ। ਇਸ ਪਿੱਛੋਂ ਪੰਡਤ ਮਾਲਵੀਆ ਨੇ ਜਲੰਧਰ ਦੇ ਵਕੀਲ ਸਲਾਮਤ ਰਾਇ ਵੱਲੋਂ ਪੇਸ਼ ਕੀਤਾ ਮਤਾ ਪੜ੍ਹਿਆ। ਇਸ ਮਤੇ ਵਿਚ ਅਕਾਲੀਆਂ ਪ੍ਰਤੀ ਕੀਤੇ ਜਾ ਰਹੇ ਦਮਨਕਾਰੀ, ਅਮਾਨਵੀ ਅਤੇ ਅਸੱਭਿਅਕ ਵਰਤਾਓ ਬਾਰੇ ਘ੍ਰਿਣਾ ਅਤੇ ਤ੍ਰਿਸਕਾਰ ਪ੍ਰਗਟ ਕਰਦਿਆਂ ਦਮਨਕਾਰੀ ਕਾਰਵਾਈ ਬੰਦ ਕਰਨ ਦੀ ਮੰਗ ਕੀਤੀ ਗਈ ਸੀ। ਮਤੇ ਵਿੱਚ ਅਹਿੰਸਕ

ਅੰਦੋਲਨ ਵਿੱਚ ਅਕਾਲੀਆਂ ਦੀ ਸਾਬਤ ਕਦਮੀ ਕਾਰਨ ਉਹਨਾਂ ਨਾਲ ਜਨਤਕ ਹਮਦਰਦੀ ਪ੍ਰਗਟ ਕੀਤੀ ਗਈ ਸੀ। ਪ੍ਰੋ. ਜੋਧ ਸਿੰਘ ਨੇ ਮਤੇ ਦੀ ਪ੍ਰੋੜਤਾ ਕੀਤੀ।

"ਇਸ ਸਮੇਂ ਕੁਮਾਰੀ ਲੱਜਾਵਤੀ ਨੇ ਵੀ ਭਾਸ਼ਨ ਦਿੱਤਾ। ਉਸਨੇ ਗੁਰੂ ਕਾ ਬਾਗ ਵਿਖੇ ਅੱਖੀਂ ਵੇਖੇ ਹਾਲਾਤ ਦਾ ਵਰਨਣ ਕੀਤਾ। ਉਸਨੇ ਕਿਹਾ ਕਿ ਸੰਸਾਰ ਜੰਗ ਦੌਰਾਨ ਹਵਾਈ ਜਹਾਜ਼ਾਂ ਨਾਲ ਹਵਾਈ ਜਹਾਜ਼ਾਂ ਦੀ ਅਤੇ ਮਸ਼ੀਨ ਗੰਨਾਂ ਨਾਲ ਮਸ਼ੀਨ-ਗੰਨਾਂ ਦੀ ਲੜਾਈ ਹੋਈ ਪਰ ਅੱਜ ਬੇਹਥਿਆਰੇ ਅਕਾਲੀਆਂ ਉੱਤੇ ਹਮਲਾ ਕੀਤਾ ਜਾ ਰਿਹਾ ਹੈ। ਅਕਾਲੀਆਂ ਨੇ ਵਿਖਾ ਦਿੱਤਾ ਹੈ ਕਿ ਸੰਸਾਰ ਜੰਗ ਵਿਚ ਸਰਕਾਰ ਦੇ ਡੁੱਬ ਰਹੇ ਜਹਾਜ਼ ਨੂੰ ਬਚਾਉਣ ਵਾਲੀ ਬਹਾਦਰ ਕੌਮ ਅਹਿੰਸਕ ਜੰਗ ਵਿੱਚ ਵੀ ਓਨੀ ਹੀ ਬਹਾਦਰ ਹੈ। ਅਕਾਲੀਆਂ ਨੇ ਭਵਿੱਖ ਦੀਆਂ ਪੀੜ੍ਹੀਆਂ ਦੁਆਰਾ ਪੈਰਵੀ ਕੀਤੇ ਜਾਣ ਵਾਲੀ ਮਿਸਾਲ ਕਾਇਮ ਕੀਤੀ ਹੈ। ਕੁਮਾਰੀ ਲੱਜਾਵਤੀ ਨੇ ਆਖਿਆ ਕਿ ਅਕਾਲੀਆਂ ਦੇ ਸਹਿਨਸ਼ੀਲ ਵਤੀਰੇ ਨੇ ਸਵਰਾਜ ਨੂੰ ਨੇੜੇ ਲਿਆਂਦਾ ਹੈ ਅਤੇ ਉਹਨਾਂ ਦੁਆਰਾ ਸਹਿਨ ਕੀਤੇ ਲਾਠੀਆਂ ਦੇ ਵਾਰਾਂ ਨੇ ਸਵਰਾਜ ਦੀਆਂ ਨੀਹਾਂ ਮਜ਼ਬੂਤ ਕੀਤੀਆਂ ਹਨ। ਕੁਮਾਰੀ ਲੱਜਾਵਤੀ ਨੇ ਔਰਤਾਂ ਨੂੰ ਆਪਣੇ ਭਰਾਵਾਂ ਨਾਲ ਹਮਦਰਦੀ ਕਰਨ ਅਤੇ ਖੱਦਰ ਪਹਿਨਣ ਦੀ ਅਪੀਲ ਨਾਲ ਆਪਣਾ ਭਾਸ਼ਨ ਖਤਮ ਕੀਤਾ।

"ਨਾ-ਮਿਲਵਰਤਨ ਲਹਿਰ ਦੇ ਆਗੂ ਅੱਤਾ-ਉਲਾ-ਸ਼ਾਹ, ਵਕੀਲ ਜਲੰਧਰ, ਨੇ ਮਤਾ ਪੇਸ਼ ਕੀਤਾ ਕਿ ਗੁਰੂ ਕਾ ਬਾਗ ਵਿਖੇ ਅਧਿਕਾਰੀਆਂ ਦੁਆਰਾ ਢਾਹੇ ਗਏ ਜ਼ੁਲਮ ਦੀ ਪੜਤਾਲ ਕਰਨ ਲਈ ਕਮਿਸ਼ਨ ਕਾਇਮ ਕਰਨ ਵਾਸਤੇ ਕੁੱਲ ਹਿੰਦ ਕਾਂਗਰਸ ਕਮੇਟੀ ਨੂੰ ਬੇਨਤੀ ਕੀਤੀ ਜਾਵੇ। ਇਸ ਮਤੇ ਦੀ ਪ੍ਰੋੜਤਾ ਮੋਹਨ ਲਾਲ ਭਾਟੀਆ ਨੇ ਕੀਤੀ ਅਤੇ ਇਹ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

"39ਵੀਂ ਸੈਂਟਰਲ ਇੰਡੀਆ ਹਾਰਸ ਤੋਂ ਪੈਨਸ਼ਨ ਪ੍ਰਾਪਤ ਰਸਾਲਦਾਰ ਅਨੂਪ ਸਿੰਘ ਨੇ ਖੜ੍ਹੇ ਹੋ ਕੇ ਗੁਰੂ ਕੇ ਬਾਗ ਦੀਆਂ ਘਟਨਾਵਾਂ ਨੂੰ ਸਰੀਹਨ ਜ਼ੁਲਮ ਦੱਸਿਆ। ਉਸਨੇ ਆਖਿਆ ਕਿ ਉਹ ਮਾਰ-ਕੁੱਟ ਦੀਆਂ ਰੀਪੋਰਟਾਂ ਵਿੱਚ ਮਨੋ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਸੀ ਅਤੇ ਸੋਚਦਾ ਸੀ ਕਿ ਜ਼ਰੂਰ ਅਕਾਲੀ ਹੀ ਗਲਤ ਕਾਰਵਾਈਆਂ ਕਰਦੇ ਹੋਣਗੇ ਪਰ ਆਪਣੀਆਂ ਅੱਖਾਂ ਨਾਲ ਸੱਭ ਕੁੱਝ ਵੇਖਣ ਉਪਰੰਤ ਉਸਨੂੰ ਪਤਾ ਲੱਗਾ ਹੈ ਕਿ ਉਹ ਖੁਦ ਗਲਤ ਸੋਚਦਾ ਸੀ। ਅਕਾਲੀਆਂ ਨੂੰ ਹਲਕੇ ਹੋਏ ਕੁੱਤੇ ਵਾਂਗ ਕੁੱਟਿਆ ਜਾ ਰਿਹਾ ਹੈ। ਕੌਂਸਲ ਦੇ ਮੈਂਬਰਾਂ ਅਤੇ ਵੱਡੇ ਸਰਦਾਰਾਂ ਵੱਲੋਂ ਗਵਰਨਰ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਕਿ ਕੀ ਬੀਤ ਰਿਹਾ ਹੈ। ਰਸਾਲਦਾਰ ਅਨੂਪ ਸਿੰਘ ਨੇ ਕਿਹਾ ਕਿ ਉਸਦਾ ਪਰਵਾਰ ਚਾਰ ਪੀੜ੍ਹੀਆਂ ਤੋਂ ਸਰਕਾਰ ਦਾ ਖੈਰ-ਖੁਆਹ ਚੱਲਿਆ ਆ ਰਿਹਾ ਹੈ ਪਰ ਹੁਣ ਉਹ ਸਰਕਾਰ ਦੇ ਦਮਨ ਨੂੰ ਹੀ ਨਹੀਂ ਸਹਿ ਸਕਦਾ। ਜੇਕਰ ਸਰਕਾਰ ਨੇ ਇਉਂ ਕਰਨਾ ਜਾਰੀ ਰੱਖਿਆ ਤਾਂ ਉਹ ਆਪਣੀ ਪੈਨਸ਼ਨ ਤਿਆਗ ਦੇਵੇਗਾ।

"ਸ੍ਰ. ਨਿਰਮਲ ਸਿੰਘ 'ਤੇਜ' ਵੱਲੋਂ ਇਕ ਕਵਿਤਾ ਪੇਸ਼ ਕੀਤੇ ਜਾਣ ਉਪਰੰਤ ਸੁਆਮੀ ਸ਼ਰਧਾ ਨੰਦ ਦੀ ਗ੍ਰਿਫਤਾਰੀ ਕਾਰਨ ਉਸਨੂੰ ਵਧਾਈ ਦੇਣ ਬਾਰੇ ਮਤਾ ਪੰਡਤ

ਮਾਲਵੀਆ ਜੀ ਦੁਆਰਾ ਪੇਸ਼ ਕੀਤਾ ਗਿਆ। ਉਹਨਾਂ ਕਿਹਾ ਕਿ ਜੋ ਕੋਈ ਵੀ ਗੁਰੂ ਕਾ ਬਾਗ ਬਾਰੇ ਭਾਸ਼ਨ ਕਰਨ ਆਵੇ, ਗ੍ਰਿਫਤਾਰੀ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਮਤਾ ਸਰਬਸੰਮਤੀ ਨਾਲ ਪਾਸ ਹੋਇਆ ਅਤੇ ਲਾਲ ਚੰਦ ਫਲਕ ਦੁਆਰਾ ਪੜ੍ਹੀ ਗਈ ਇਕ ਕਵਿਤਾ ਨਾਲ ਜਲਸਾ ਸਮਾਪਤ ਹੋਇਆ।"

10 ਸਤੰਬਰ ਨੂੰ ਗੁਰੂ ਕਾ ਬਾਗ ਦੇ ਮੋਰਚੇ ਦੇ ਸਨਮੁੱਖ ਅੰਮ੍ਰਿਤਸਰ ਦੀ ਸਥਿਤੀ ਬਾਰੇ ਖੁਫ਼ੀਆ ਪੁਲਸ ਦੇ ਸੁਪਰਡੰਟ ਮਿਸਟਰ ਵੀ. ਡਬਲਿਊ. ਸਮਿੱਥ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਵਿੱਚ ਦਰਜ ਕੀਤਾ ਗਿਆ :

"10 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਣ ਵਾਲਿਆਂ ਵਿੱਚ ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦ, ਪਿਆਰੇ ਲਾਲ ਸ਼ਰਮਾ, ਮੌਲਾਨਾ ਕਿਫਾਇਤ-ਉੱਲਾ ਅਤੇ ਕੁਮਾਰੀ ਲੱਜਾਵਤੀ ਪ੍ਰਮੁੱਖ ਹਨ। ਸਮੁੱਚੇ ਪ੍ਰਾਂਤ ਵਿੱਚੋਂ ਕਾਂਗਰਸ ਅਤੇ ਖਿਲਾਫ਼ਤ ਵਰਕਰ ਨਿਰੰਤਰ ਆ ਰਹੇ ਹਨ। ਡਾਕਟਰੀ ਸਹਾਇਤਾ ਪੁੱਜਣ ਦਾ ਵੀ ਕੋਈ ਅੰਤ ਨਹੀਂ। ਡਾਕਟਰ ਮੁਹੰਮਦ ਆਲਮ ਦੀ ਅਗਵਾਈ ਵਿੱਚ ਗੁਜਰਾਤ ਤੋਂ ਇਕ ਮੈਡੀਕਲ ਡੈਪੂਟੇਸ਼ਨ ਪਹੁੰਚਾ ਹੈ। ਰੋਕ ਲਈ ਗਈ ਇਕ ਤਾਰ ਤੋਂ ਸੰਕੇਤ ਮਿਲਿਆ ਹੈ ਕਿ ਪ੍ਰਬੰਧਕ ਕਮੇਟੀ ਨਾਲ ਸਰਗਰਮ ਡਿਊਟੀ ਦੇਣ ਲਈ ਸ਼ਿਮਲੇ ਤੋਂ ਸਵਾਮੀ ਰਾਮਾਨੰਦ ਜਲਦੀ ਹੀ ਪਹੁੰਚ ਰਿਹਾ ਹੈ। ਚਾਲੀ ਅਕਾਲੀਆਂ ਦਾ ਇਕ ਸ਼ਕਤੀਸ਼ਾਲੀ ਜਥਾ ਰਾਵਲਪਿੰਡੀ ਤੋਂ ਪਹੁੰਚ ਰਿਹਾ ਹੈ ਅਤੇ ਨਨਕਾਣਾ ਸਾਹਿਬ ਤੋਂ ਇਕ ਸੌ ਅਕਾਲੀ, ਜਿਨ੍ਹਾਂ ਨੂੰ ਰੇਲ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਪੈਦਲ ਹੀ ਚੱਲ ਪਏ ਹਨ। ਅੰਮ੍ਰਿਤਸਰ ਵਿੱਚ ਅਕਾਲੀਆਂ ਦੀ ਗਿਣਤੀ ਘਟਣ ਦੇ ਕੋਈ ਆਸਾਰ ਦਿਖਾਈ ਨਹੀਂ ਦਿੰਦੇ। ਜ਼ਖਮੀ ਹੋਇਆਂ ਵਿਚੋਂ ਕੁੱਝ ਆਪਣੇ ਪਿੰਡਾਂ ਨੂੰ ਪਰਤ ਰਹੇ ਹਨ ਪਰੰਤੂ ਹੋਰ ਅੰਮ੍ਰਿਤਸਰ ਠਹਿਰਣ ਨੂੰ ਤਰਜੀਹ ਦੇ ਰਹੇ ਹਨ।"

ਮਿਸਟਰ ਵੀ. ਡਬਲਿਊ. ਸਮਿੱਥ ਨੇ ਇਹਨੀਂ ਦਿਨੀਂ ਪ੍ਰਚੱਲਿਤ ਅਫ਼ਵਾਹਾਂ ਦਾ ਜ਼ਿਕਰ ਕੀਤਾ। ਉਸਨੇ ਲਿਖਿਆ :

"ਗੁਰੂ (ਜੀ) ਦੇ ਬਾਜ਼ ਸਬੰਧੀ ਅੰਧ-ਵਿਸ਼ਵਾਸ ਅਜੇ ਬਣਿਆ ਹੋਇਆ ਹੈ ਅਤੇ ਇਸਨੂੰ ਇਸ ਭਾਂਤ ਦੀ ਇਕ ਹੋਰ ਕਹਾਣੀ ਤੋਂ ਬਲ ਮਿਲਿਆ ਹੈ ਕਿ ਪਠਾਨਕੋਟ ਨੇੜੇ ਕੰਡੀ ਇਲਾਕੇ ਵਿੱਚ ਗੁਰੂ (ਜੀ) ਦਾ ਘੋੜਾ ਦਿਖਾਈ ਦਿੱਤਾ ਹੈ। ਹੋਰ ਅਫ਼ਵਾਹ ਇਹ ਹੈ ਕਿ ਇਹ ਆਨੰਦਪੁਰ ਵਿੱਚ ਦੇਖਿਆ ਗਿਆ ਹੈ।"

ਪੰਜਾਬ ਸਰਕਾਰ ਵੱਲੋਂ ਮਿਸਟਰ ਐਚ. ਡੀ. ਕ੍ਰੇਕ ਮੁੱਖ ਸਕੱਤਰ, ਪੰਜਾਬ ਸਰਕਾਰ ਦੇ ਦਸਤਖਤਾਂ ਹੇਠ ਇਹ ਐਲਾਨ ਅਖਬਾਰਾਂ ਨੂੰ ਜਾਰੀ ਕੀਤਾ ਗਿਆ :-

"ਪ੍ਰਾਂਤ ਸਰਕਾਰ ਨਾਲ ਮਸ਼ਵਰੇ ਉਪਰੰਤ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਗੁਰੂ ਕਾ ਬਾਗ ਪਹੁੰਚਣ ਦਾ ਯਤਨ ਕਰ ਰਹੇ ਜਥਿਆਂ ਨੂੰ ਅੰਮ੍ਰਿਤਸਰ-ਅਜਨਾਲਾ ਸੜਕ ਉਪਰ ਰੋਕਣ ਅਤੇ ਤਸ਼ੱਦਦ ਨਾਲ ਖਿੰਡਾਉਣ ਦੀ ਕਾਰਵਾਈ ਨੂੰ ਜਾਰੀ ਨਾ ਰੱਖਣ ਦਾ ਫੈਸਲਾ ਕੀਤਾ ਹੈ। ਫਿਰ ਵੀ ਸਰਕਾਰ ਨੇ ਅਮਨ-ਕਾਨੂੰਨ ਦੀ ਬਹਾਲੀ ਅਤੇ ਪ੍ਰਾਈਵੇਟ ਜਾਇਦਾਦ ਦੇ ਮਾਲਕੀ-ਹੱਕ ਨੂੰ ਬਰਕਰਾਰ ਰੱਖਣ ਸੰਬੰਧੀ ਆਪਣੇ ਇਰਾਦੇ ਨੂੰ ਨਾ

ਤਰਕ ਕੀਤਾ ਹੈ, ਨਾ ਹੀ ਇਸ ਵਿੱਚ ਸੋਧ ਕੀਤੀ ਹੈ। ਅਕਾਲੀ ਜਥਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਖ਼ਤ ਤਾੜਨਾ ਕੀਤੀ ਜਾਂਦੀ ਹੈ ਕਿ ਗੁਰੂ ਕਾ ਬਾਗ ਵਿਖੇ ਮਹੰਤ ਦੀ ਜ਼ਮੀਨ ਵਿੱਚ ਗੈਰ-ਕਾਨੂੰਨੀ ਘੁਸਪੈਠ ਨੂੰ ਰੋਕਿਆ ਜਾਵੇਗਾ। ਸਰਕਾਰ ਨੇ ਗੈਰ-ਕਾਨੂੰਨੀ ਮੁਦਾਖਲਤ ਕਰਨ ਵਾਲਿਆਂ ਨਾਲ ਕਾਨੂੰਨ ਅਨੁਸਾਰ ਨਿਪਟਣ ਅਤੇ ਕਾਨੂੰਨ ਬਣਾਈ ਰੱਖਣ ਦੇ ਮਨੋਰਥ ਲਈ ਚੋਖਾ ਹਥਿਆਰਬੰਦ ਪੁਲਸ ਬਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਸਪੁਰਦਗੀ ਵਿੱਚ ਦੇ ਦਿੱਤਾ ਹੈ।"

### 11 ਸਤੰਬਰ (22 ਭਾਦੋਂ, ਸੋਮਵਾਰ) :
### ਮਾਰ ਕੁੱਟ ਜਾਰੀ ਅਤੇ ਬਾਜ ਦੇ ਦਰਸ਼ਕ

ਇਸ ਦਿਨ ਵੀ ਸ਼ਾਮੀ ਸਾਢੇ ਪੰਜ ਵਜੇ ਗੁਰਦੁਆਰਾ ਗੁਰੂ ਕਾ ਬਾਗ ਵਿਚੋਂ 12 ਅਕਾਲੀ ਸਿੱਖ ਗੁਰਦੁਆਰੇ ਦੀ ਜ਼ਮੀਨ ਵਿਚੋਂ ਲੱਕੜਾਂ ਕੱਟਣ ਲਈ ਚਾਰ ਚਾਰ ਦੀ ਟੋਲੀ ਵਿੱਚ ਗਏ, ਜਿਨ੍ਹਾਂ ਨੂੰ ਪੁਲਸ ਨੇ ਪਹਿਲਾਂ ਵਾਂਗ ਹੀ ਡਾਂਗਾਂ ਦੀ ਮਾਰ ਮਾਰੀ। ਅੱਜ ਮੌਕੇ ਉੱਤੇ ਹਾਜ਼ਰ ਅਧਿਕਾਰੀਆਂ ਵਿੱਚ ਮਿਸਟਰ ਟੋਲਿਨਟਨ, ਕਮਿਸ਼ਨਰ ਲਾਹੌਰ, ਮਿਸਟਰ ਡੰਨਟ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਮਿਸਟਰ ਮੈਕਫਰਸਨ, ਸੁਪਰਡੰਟ ਪੁਲਸ, ਮਿਸਟਰ ਬੀਟੀ, ਡੀ.ਐਸ.ਪੀ., ਜਨਾਬ ਜ਼ਹੂਰ-ਉਦ-ਦੀਨ, ਤਹਿਸੀਲਦਾਰ, ਸ੍ਰੀ ਅਮਰ ਨਾਥ, ਵਧੀਕ ਸਹਾਇਕ ਕਮਿਸ਼ਨਰ, ਸ. ਸ਼ੇਰ ਸਿੰਘ ਨਾਇਬ ਤਹਿਸੀਲਦਾਰ ਆਦਿ ਸ਼ਾਮਲ ਸਨ। ਸੰਗਤਾਂ ਵਿਚ ਪੰਡਤ ਮਦਨ ਮੋਹਨ ਮਾਲਵੀਆ, ਸ੍. ਤੇਜਾ ਸਿੰਘ ਸਮੁੰਦਰੀ ਆਦਿ ਵੀ ਹਾਜ਼ਰ ਸਨ।

ਪਿਛਲੇ ਕੁੱਝ ਦਿਨਾਂ ਤੋਂ ਲੋਕ ਦਿਨ ਸਮੇਂ ਅਸਮਾਨ ਵਿੱਚ ਉੱਡ ਰਹੇ ਇੱਕ ਸੁਨਹਿਰੀ ਪੰਛੀ ਨੂੰ ਦੇਖ ਰਹੇ ਸਨ। ਮਿਸਟਰ ਬੀਟੀ ਅਕਾਲੀਆਂ ਨੂੰ ਕੁੱਟਣ ਸਮੇਂ ਅਕਸਰ ਹੀ ਮਿਹਣਾ ਮਾਰਿਆ ਕਰਦਾ ਸੀ "ਕਿੱਡਰ ਹੈ ਟੁਮਾਰਾ ਕਲਗੀਆਂ ਵਾਲਾ।" ਇਸ ਲਈ ਸਿੱਖਾਂ ਦਾ ਵਿਸ਼ਵਾਸ਼ ਸੀ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ਼ ਹੈ ਜੋ ਸਿੱਖ ਸੱਤਿਆਗ੍ਰਹੀਆਂ ਨੂੰ ਇਸ ਭੀੜ ਦੇ ਸਮੇਂ ਗੁਰੂ ਜੀ ਦੀ ਅਸੀਸ ਪਹੁੰਚਾਣ ਆਉਂਦਾ ਹੈ। ਇਹ ਸੁਨਹਿਰੀ ਬਾਜ ਗੁਰਦੁਆਰਾ ਗੁਰੂ ਕਾ ਬਾਗ ਦੇ ਨਾਲ ਨਾਲ ਸ੍ਰੀ ਹਰਮੰਦਰ ਸਾਹਿਬ, ਅੰਮ੍ਰਿਤਸਰ ਦੇ ਉਪਰ ਵੀ ਉਡਾਰੀ ਮਾਰਦਾ ਸੀ, ਇਸ ਲਈ ਹਜ਼ਾਰਾਂ ਹਿੰਦੂ, ਮੁਸਲਮਾਨ ਅਤੇ ਸਿੱਖ ਇਸ ਦੇ ਦਰਸ਼ਨ ਕਰਨ ਲਈ ਹਰ ਰੋਜ਼ ਦਰਬਾਰ ਸਾਹਿਬ ਪਰਿਸਰ ਵਿੱਚ ਇਕੱਤਰ ਹੁੰਦੇ ਸਨ। (ਇਹ ਸੁਨਹਿਰੀ ਬਾਜ ਲਗਭਗ ਇੱਕ ਹਫਤਾ ਹਰ ਰੋਜ਼ ਦਿਖਾਈ ਦਿੰਦਾ ਰਿਹਾ ਜਿਸ ਨੂੰ ਲੋਕ ਗੁਰੂ ਗੋਬਿੰਦ ਸਿੰਘ ਦਾ ਮੁਅਜ਼ਜ਼ਾ ਮੰਨਦੇ ਰਹੇ।)

ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਤੋਂ ਲਗਪਗ ਇੱਕ ਸੌ ਅਕਾਲੀ ਵਲੰਟੀਅਰ ਨਿਰੰਤਰਤਾ ਨਾਲ ਗੁਰਦੁਆਰਾ ਗੁਰੂ ਕਾ ਬਾਗ ਜਾਣ ਲਈ ਰਵਾਨਾ ਹੋ ਰਹੇ ਸਨ ਪਰ ਅੱਜ ਕੋਈ ਜਥਾ ਨਹੀਂ ਭੇਜਿਆ ਗਿਆ ਕਿਉਂ ਜੋ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਗ੍ਰਿਫਤਾਰੀ ਦੇਣ ਲਈ ਵਾਰੀ ਦੀ ਉਡੀਕ ਵਿੱਚ ਬੈਠੇ ਅਕਾਲੀਆਂ ਦੀ ਗਿਣਤੀ ਪਹਿਲਾਂ ਹੀ ਕਾਫੀ ਹ ਚੁੱਕੀ ਸੀ।

ਪੰਜਾਬ ਲੈਜਿਸਲੈਟਿਵ ਅਸੈਂਬਲੀ ਵਿੱਚ ਅੱਜ ਫੇਰ ਭਾਈ ਮਾਨ ਸਿੰਘ ਨੇ ਗੁਰੂ ਕਾ ਬਾਗ ਮੋਰਚੇ ਦੇ ਸਤਿਆਗ੍ਰਹੀਆਂ ਉੱਤੇ ਜਬਰ-ਜ਼ੁਲਮ ਦਾ ਮਾਮਲਾ ਸਥਗਨ ਮਤੇ ਦੇ ਰੂਪ ਵਿੱਚ ਉਠਾਉਣਾ ਚਾਹਿਆ ਪਰ ਮਿਸਟਰ ਮੈਲਕਮ ਹੇਲੀ, ਗ੍ਰਹਿ ਮੈਂਬਰ, ਨੇ ਇਤਰਾਜ਼ ਕੀਤਾ ਕਿ ਇਕ ਤਾਂ ਇਹ ਪ੍ਰਾਂਤਿਕ ਮਾਮਲਾ ਹੈ ਅਤੇ ਦੂਜੇ ਪੁਲਿਸ ਦੇ ਵਤੀਰੇ ਦੀ ਚਰਚਾ ਕਰਦਿਆਂ ਅਦਾਲਤ ਦੇ ਵਿਚਾਰ ਅਧੀਨ ਮਸਲਿਆਂ ਦਾ ਹਵਾਲਾ ਆਵੇਗਾ, ਇਸ ਲਈ ਮਤਾ ਪਰਵਾਨ ਨਹੀਂ ਕੀਤਾ ਜਾਣਾ ਚਾਹੀਦਾ। ਫਲਸਰੂਪ ਚੇਅਰਮੈਨ ਨੇ ਮਤਾ ਪੇਸ਼ ਕਰਨ ਦੀ ਆਗਿਆ ਨਾ ਦਿੱਤੀ।

ਗੁਰੂ ਕਾ ਬਾਗ ਦੇ ਮੋਰਚੇ ਦੀਆਂ ਖਬਰਾਂ ਪ੍ਰਾਪਤ ਕਰਨ ਲਈ ਲੰਦਨ ਦੇ ਅਖਬਾਰ ਮਾਨਚੈਸਟਰ ਗਾਰਡੀਅਨ, ਲੰਡਨ ਟਾਈਮਜ਼, ਨੈਸ਼ਨਲ ਹੈਰਾਲਡ ਆਦਿ ਦੇ ਪੱਤਰਕਾਰ ਅੰਮ੍ਰਿਤਸਰ ਪਹੁੰਚੇ ਹੋਏ ਸਨ। ਭਾਵੇਂ ਉਹਨਾਂ ਦਾ ਝੁਕਾਅ ਸਰਕਾਰੀ ਪੱਖ ਨੂੰ ਸਹੀ ਦਰਸਾਉਣ ਵੱਲ ਸੀ ਪਰ ਫੇਰ ਵੀ ਉਹਨਾਂ ਦੁਆਰਾ ਆਪਣੇ ਅਖਬਾਰਾਂ ਨੂੰ ਭੇਜੇ ਗਏ ਕੁੱਝ ਤੱਥ ਪੰਜਾਬ ਅਤੇ ਹਿੰਦੁਸਤਾਨ ਸਰਕਾਰ ਲਈ ਹਜ਼ਮ ਕਰਨੇ ਕਠਨ ਸਨ। ਸਰਕਾਰ "ਨੈਸ਼ਨਲ ਹੈਰਾਲਡ" ਦੇ ਪੱਤਰਕਾਰ ਦੁਆਰਾ ਭੇਜੀਆਂ ਜਾ ਰਹੀਆਂ ਖਬਰਾਂ ਤੋਂ ਖਾਸ ਕਰਕੇ ਔਖੀ ਸੀ। ਇਸੇ ਲਈ ਅੱਜ ਵਾਇਸਰਾਇ ਹਿੰਦ ਵੱਲੋਂ ਲੰਦਨ ਵਿਖੇ ਸੈਕਟਰੀ ਆਫ ਸਟੇਟ ਨੂੰ ਤਾਰ ਭੇਜ ਕੇ "ਨੈਸ਼ਨਲ ਹੈਰਲਡ" ਦੇ ਪੱਤਰਕਾਰ ਦੁਆਰਾ ਭੇਜੀਆਂ ਗਈਆ ਖਬਰਾਂ ਨੂੰ "ਗੁਮਰਾਹ ਕੁੰਨ" ਦੱਸਦਿਆਂ ਇਹ ਤਾਰ ਬਰਤਾਨਵੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਉਣ ਦੀ ਤਾਕੀਦ ਕੀਤੀ। ਤਾਰ ਵਿੱਚ ਲਿਖਿਆ ਗਿਆ ਸੀ ਕਿ ਅਕਾਲੀ 'ਝਗੜੇ ਵਾਲੀ ਜ਼ਮੀਨ ਉੱਤੇ ਜ਼ਬਰਦਸਤੀ ਕਬਜ਼ਾ ਕਰਨ ਲਈ ਧਾਵਾ' ਬੋਲ ਰਹੇ ਹਨ ਅਤੇ ਪੁਲਸ ਵੱਲੋਂ ਉਹਨਾਂ ਨੂੰ ਬੈਂਤਾਂ ਦੀ ਵਰਤੋਂ ਕਰਕੇ ਅਤੇ ਫੌਜ ਵੱਲੋਂ ਗੋਲੀ ਚਲਾਏ ਜਾਣ ਦੇ ਬਗੈਰ ਭਜਾਇਆ ਜਾ ਰਿਹਾ ਹੈ।

## 12 ਸਤੰਬਰ (28 ਭਾਦੋਂ, ਮੰਗਲਵਾਰ) :
## ਪਾਦਰੀ ਐਂਡਰਿਊਜ਼ ਸਤਿਆਗ੍ਰਹਿ ਵੇਖਣ ਆਏ

ਪੁਲਸ ਵੱਲੋਂ ਅਕਾਲੀ ਸਤਿਆਗ੍ਰਹੀਆਂ ਉਪਰ ਢਾਹੇ ਜਾ ਰਹੇ ਅਣਮਨੁੱਖੀ ਤਸ਼ੱਦਦ ਬਾਰੇ ਜਾਣ ਕੇ ਪਾਦਰੀ ਸੀ. ਐਫ. ਐਂਡਰਿਊਜ਼ ਇਸ ਦਰਦੀਲੀ ਝਾਕੀ ਨੂੰ ਆਪਣੀ ਅੱਖੀਂ ਦੇਖਣ ਲਈ 12 ਸਤੰਬਰ ਦੇ ਦਿਨ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਿਆ। ਇਸ ਦਿਨ ਉਸ ਨੇ ਜੋ ਕੁੱਝ ਦੇਖਿਆ, ਉਸ ਦਾ ਵਰਨਣ ਉਸ ਨੇ ਆਪਣੇ ਸ਼ਬਦਾਂ ਵਿੱਚ ਇਉਂ ਕੀਤਾ ਹੈ :-

> "ਉਸ ਦਿਨ ਦੁਪਹਿਰੇ ਇੱਕ ਵਜੇ ਮੈਂ ਗੁਰੂ ਕਾ ਬਾਗ ਲਈ ਚੱਲ ਪਿਆ ਅਤੇ ਸੜਕ ਨੂੰ ਛੱਡ ਕੇ ਨਹਿਰ ਦੇ ਨਾਲ ਨਾਲ ਅੱਗੇ ਵੱਧਦਾ ਗਿਆ। ਸਾਡੇ ਕੋਲ ਕੁੱਲ ਤਿੰਨ ਟਾਂਗੇ ਸਨ। ਜਦੋਂ ਅਸੀਂ ਨਹਿਰ ਦੇ ਨਾਲ ਨਾਲ ਕੁੱਝ ਦੂਰ ਤੱਕ ਅੱਗੇ ਗਏ ਤਾਂ ਸਾਡੀ ਨਜ਼ਰ ਨਹਿਰ ਦੇ ਦੂਜੇ ਕਿਨਾਰੇ ਕਾਲੀਆਂ ਪੱਗਾਂ ਵਾਲੇ ਦੋ ਸਿੱਖਾਂ 'ਤੇ ਪਈ, ਜਿਹੜੇ ਸਾਨੂੰ ਹੱਥ ਹਿਲਾ ਹਿਲਾ ਕੇ ਅਸਮਾਨ ਵੱਲ ਇਸ਼ਾਰੇ ਕਰ ਰਹੇ ਸਨ, ਜਿੱਥੇ ਇੱਕ ਵੱਡਾ ਪੰਛੀ ਚੱਕਰ ਕੱਟ ਕੱਟ ਕੇ ਅੰਮ੍ਰਿਤਸਰ ਵੱਲ ਉਡਾਰੀਆਂ ਮਾਰ ਰਿਹਾ ਸੀ।

ਟਾਂਗਿਆਂ 'ਤੇ ਸਵਾਰ ਸਾਰੇ ਬੰਦੇ ਹੇਠਾਂ ਉਤਰ ਆਏ ਅਤੇ ਤਪਾਕ ਨਾਲ ਇਸ਼ਾਰੇ ਕਰਕੇ ਮੈਨੂੰ ਪੰਛੀ ਦਿਖਾਉਣ ਲੱਗੇ। ਉਨ੍ਹਾਂ ਮੈਨੂੰ ਦੱਸਿਆ ਕਿ ਹਰ ਰੋਜ਼ ਜਦੋਂ ਗੁਰੂ ਕਾ ਬਾਗ ਵਿੱਚ ਮਾਰ-ਕੁੱਟਾਈ ਹੋਣੀ ਸ਼ੁਰੂ ਹੁੰਦੀ ਹੈ, ਤਾਂ ਗੁਰੂ ਕਾ ਬਾਗ ਵਿੱਚੋਂ ਸੁਨਹਿਰੀ ਬਾਜ਼ ਉਡ ਕੇ ਅੰਮ੍ਰਿਤਸਰ ਜਾਂਦਾ ਹੈ ਅਤੇ ਗੁਰੂ ਕਾ ਬਾਗ ਵਿਖੇ ਵਾਪਰ ਰਹੀ ਘਟਨਾ ਤੋਂ ਸਵਰਨ ਮੰਦਰ ਵਿੱਚ ਸੇਵਾ ਕਰ ਰਹੇ ਸਾਰੇ ਲੋਕਾਂ ਨੂੰ ਜਾਣੂ ਕਰਾਉਂਦਾ ਹੈ। ਉਹਨਾਂ ਮੈਨੂੰ ਪੁਛਿਆ ਕਿ ਕੀ ਮੈਂ ਪੰਛੀ ਦੇਖਿਆ ਹੈ? ਜਵਾਬ ਵਿੱਚ ਮੈਂ ਦੱਸਿਆ ਕਿ ਮੈਂ ਬਹੁਤ ਦੂਰ ਤੋਂ ਦਿਖਾਏ ਗਏ ਵੱਡੇ ਪੰਛੀ ਨੂੰ ਦੇਖਿਆ ਹੈ ਪਰ ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਉਹ ਸੁਨਹਿਰਾ ਬਾਜ਼ ਸੀ ਜਾਂ ਕੁੱਝ ਹੋਰ? ਉਨ੍ਹਾਂ ਨੇ ਫਿਰ ਮੈਨੂੰ ਵਿਸ਼ਵਾਸ਼ ਦੁਆਇਆ ਕਿ ਉਹ ਪੰਛੀ ਸੁਨਹਿਰੀ ਬਾਜ਼ ਹੀ ਸੀ ਜੋ ਲੋਕਾਂ ਦੇ ਦੁੱਖਾਂ-ਤਸੀਹਿਆਂ ਬਾਰੇ ਦਰਬਾਰ ਸਾਹਿਬ ਦੱਸਣ ਗਿਆ ਹੈ। ਜਦੋਂ ਉਹ ਮੈਨੂੰ ਇਹ ਸੱਭ ਕੁੱਝ ਦਸ ਰਹੇ ਸਨ ਤਾਂ ਉਹਨਾਂ ਦੇ ਚਿਹਰਿਆਂ 'ਤੇ ਖੁਸ਼ੀ ਭਰਿਆ ਨੂਰ ਸੀ। ਸਾਡੇ ਨਾਲ ਜਾ ਰਹੀ ਅਧਖੜ ਉਮਰ ਦੀ ਸਿੱਖ ਇਸਤਰੀ ਦੇ ਚੇਹਰੇ 'ਤੇ ਚਮਕਦੇ ਭਗਤੀ ਭਾਵ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਮੈਂ ਆਪਣੇ ਸ਼ਬਦਾਂ ਨਾਲ ਇਸ ਤਰ੍ਹਾਂ ਬਿਆਨ ਕਰ ਸਕਦਾ ਹਾਂ ਕਿ ਆਪਣੇ ਭਗਤੀ ਭਾਵ ਵਿੱਚ ਓਤ-ਪੋਤ ਉਹ ਮੈਡੋਨਾ ਦੇ ਚਿੱਤਰ ਵਾਂਗ ਦਿਖਾਈ ਦੇ ਰਹੀ ਸੀ। ਮੇਰੇ ਸਾਥੀਆਂ ਦੇ ਅਟੁੱਟ ਵਿਸ਼ਵਾਸ਼, ਸ਼ਰਧਾ ਭਾਵ ਅਤੇ ਖੁਸ਼ੀ ਭਰੇ ਪਾਵਨ ਜਲੌਅ ਨੇ ਮੈਨੂੰ ਡੂੰਘਾਈ ਨਾਲ ਹਲੂਣਿਆ। ਇਹ ਪਹਿਲੀ ਘਟਨਾ ਸੀ ਜਿਸ ਨੇ ਮੈਨੂੰ ਅੱਗੋਂ ਆਉਣ ਵਾਲੇ ਦ੍ਰਿਸ਼ਾਂ ਵਿੱਚੋਂ ਪ੍ਰਾਪਤ ਹੋਣ ਵਾਲੇ ਅਨੁਭਵਾਂ ਨੂੰ ਧਾਰਮਿਕ ਮਹੌਲ ਵਿੱਚ ਗ੍ਰਹਿਣ ਕਰਨ ਲਈ ਪ੍ਰੇਰਿਆ। ਇਸ ਘਟਨਾ ਨੇ ਮੇਰਾ ਸੰਪਰਕ ਅਕਾਲੀ ਸੁਧਾਰ ਲਹਿਰ ਦੇ ਰੂਹਾਨੀ ਪੱਖ ਨਾਲ ਕਾਇਮ ਕੀਤਾ ਜਿਹੜਾ ਇਸ ਤੋਂ ਬਿਨਾਂ ਕਿਵੇਂ ਵੀ ਸੰਭਵ ਨਹੀਂ ਸੀ।

"ਨਹਿਰ ਦਾ ਕਿਨਾਰਾ ਛੱਡਣ ਬਾਅਦ ਸਾਨੂੰ ਕਾਫੀ ਦੂਰ ਤੱਕ ਇੱਕ ਖੁੱਲ੍ਹਾ ਮੈਦਾਨ ਪਾਰ ਕਰਨਾ ਪਿਆ, ਜਿਹੜਾ ਕਈ ਥਾਵਾਂ 'ਤੇ ਪਾਣੀ ਨਾਲ ਢਕਿਆ ਹੋਇਆ ਸੀ। ਟਾਂਗਿਆਂ ਵਿੱਚ ਸਾਡੀ ਰਫ਼ਤਾਰ ਕੁਦਰਤੀ ਹੀ ਧੀਮੀ ਸੀ। ਰਾਹ ਵਿੱਚ ਸਾਨੂੰ ਸੈਂਕੜੇ ਕਾਲੀਆਂ ਪੱਗਾਂ ਵਾਲੇ ਅਕਾਲੀ ਮਿਲੇ, ਜਿਹੜੇ ਤੜਕੇ ਸਵਰਨ ਮੰਦਰ ਵਿੱਚ ਇਹ ਸਹੁੰ ਚੁੱਕ ਕੇ ਅੰਮ੍ਰਿਤਸਰੋਂ ਚੱਲੇ ਸਨ ਕਿ ਉਹ ਨਾ ਬੋਲੀ ਵਿੱਚ, ਨਾ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਾ-ਪੂਰਨ ਕਾਰਵਾਈ ਕਰਨਗੇ। ਮੈਂ ਮਗਰੋਂ ਜਾ ਕੇ ਦੇਖਣਾ ਸੀ ਕਿ ਉਹਨਾਂ ਨੇ ਕਿੰਨੀ ਈਮਾਨਦਾਰੀ ਨਾਲ ਆਪਣੀ ਸਹੁੰ ਪੁਗਾਈ।

"ਪਿਛਲੇ ਦਿਨੀਂ ਹਰਮਿੰਦਰ ਸਾਹਿਬ ਵਿੱਚ ਮੈਨੂੰ ਇਹ ਨਜ਼ਾਰਾ ਤਕੱਣ ਦਾ ਮੌਕਾ ਮਿਲਿਆ ਸੀ ਜਦੋਂ ਉਹ ਚਿਹਰਿਆਂ ਉੱਤੇ ਧਾਰਮਿਕ ਖੁਸ਼ੀ ਸਹਿਤ ਕਾਲੀ ਦਸਤਾਰ ਉੱਪਰ ਚਿੱਟੇ ਫੁੱਲਾਂ ਦੇ ਹਾਰ ਸਜਾਈ ਕੁਰਬਾਨੀ ਲਈ ਪਰਨਾਏ ਹੋਣ ਦੇ ਪ੍ਰਤੀਕ ਬਣੇ ਬਾਹਰ ਆ ਰਹੇ ਸਨ। ਮੈਂ ਇਹ ਵੀ ਦੇਖਿਆ ਕਿ ਜਦੋਂ ਉਹ ਗੰਭੀਰਤਾ ਅਤੇ ਖੁਸ਼ੀ ਨਾਲ ਆਪਣੇ ਰੱਖਣਹਾਰੇ ਅਤੇ ਬਚਾਵਨਹਾਰੇ ਵਾਹਿਗੁਰੂ ਦਾ ਨਾਮ ਪੁਕਾਰਦੇ ਹੋਏ ਅੱਗੇ ਵੱਧ ਰਹੇ ਸਨ ਤਾਂ ਸ਼ਹਿਰ ਵਿੱਚ ਹਿੰਦੂ, ਮੁਸਲਿਮ ਅਤੇ ਹੋਰ ਧਰਮਾਂ ਦੇ ਲੋਕਾਂ ਦਾ ਹਜੂਮ ਉਹਨਾਂ ਦਾ ਸਵਾਗਤ ਕਰਕੇ ਉਤਸ਼ਾਹ ਵਧਾ ਰਿਹਾ ਸੀ। ਉਥੇ ਸ਼ਹਿਰ ਵਿੱਚ ਉਹ

ਆਪਣੀ ਯਾਤਰਾ ਦੇ ਆਰੰਭ ਵਿੱਚ ਸਨ। ਮੀਲ ਦਰ ਮੀਲ ਚਿੱਕੜ ਨਾਲ ਲਿਬੜੀਆਂ ਅਤੇ ਪਾਣੀ ਨਾਲ ਭਰੀਆਂ ਸੜਕਾਂ ਉਹਨਾਂ ਅੱਗੇ ਵਿਛੀਆਂ ਪਈਆਂ ਸਨ। ਜਦੋਂ ਮੈਂ ਉਹਨਾਂ ਨੂੰ ਆਪਣੀ ਫੇਰੀ ਦੇ ਪਹਿਲੇ ਦਿਨ ਵੇਖਿਆ, ਜਿਵੇਂ ਉਹ ਆਪਣੀ ਮੰਜ਼ਲ ਦੇ ਨੇੜੇ ਪੁੱਜ ਰਹੇ ਸਨ, ਉਹ ਚਿੱਕੜ ਅਤੇ ਮਿੱਟੀ ਨਾਲ ਲਿੱਬੜੇ ਹੋਏ ਸਨ, ਉਹਨਾਂ ਦੇ ਸਰੀਰ ਤੋਂ ਪਸੀਨਾ ਚੋ ਰਿਹਾ ਸੀ ਪਰ ਉਹਨਾਂ ਦੀਆਂ ਕਾਲੀਆਂ ਪੱਗਾਂ 'ਤੇ ਚਿੱਟੇ ਫੁੱਲ ਅਜੇ ਵੀ ਵਲੇਟੇ ਹੋਏ ਸਨ, ਉਹ ਅਜੇ ਵੀ ਜੇਤੂ ਬੋਲਾਂ ਵਿੱਚ ਪਰਮਾਤਮਾ ਅੱਗੇ ਰੱਖਿਆ ਲਈ ਅਰਦਾਸਾਂ ਕਰ ਰਹੇ ਸਨ ਅਤੇ ਧਰਮ ਦੀ ਜੋਤ ਅਜੇ ਵੀ ਉਹਨਾਂ ਦੇ ਚਿਹਰਿਆਂ ਉੱਤੇ ਜਗ ਰਹੀ ਸੀ। ਉਹਨਾਂ ਵਿੱਚੋਂ ਕੁੱਝ ਗੱਭਰੂ ਸਨ, ਚਿੱਟੀਆਂ ਦਾੜ੍ਹੀਆਂ ਵਾਲੇ ਬਜ਼ੁਰਗ, ਜਿਨ੍ਹਾਂ ਨੇ ਜਥੇ ਵਿੱਚ ਸ਼ਾਮਲ ਹੋਣ ਲਈ ਜ਼ੋਰ ਪਾਇਆ ਸੀ ਅਤੇ ਉਹਨਾਂ ਨੂੰ ਨਾਂਹ ਨਹੀਂ ਸੀ ਕੀਤੀ ਗਈ, ਬੜੇ ਘੱਟ ਸਨ ਪਰ ਬਹੁਤੇ ਫੌਜੀ ਉਮਰ ਦੇ ਸਨ ਅਤੇ ਇਹ ਅੰਦਾਜ਼ਾ ਲਾਉਣਾ ਸੌਖਾ ਸੀ ਕਿ ਇਹਨਾਂ ਦਾੜ੍ਹੀਆਂ ਵਾਲੇ ਮਜ਼ਬੂਤ ਸਿੱਖਾਂ ਵਿਚੋਂ ਬਹੁਤਿਆਂ ਨੇ ਪਹਿਲਾਂ ਫੌਜ ਵਿੱਚ ਨੌਕਰੀ ਕੀਤੀ ਹੋਈ ਹੈ। ਬਾਦ ਵਿੱਚ ਮੈਨੂੰ ਠੀਕ ਠੀਕ ਅੰਕੜੇ ਪ੍ਰਾਪਤ ਕਰ ਦਾ ਮੌਕਾ ਮਿਲਿਆ, ਜਿਸ ਤੋਂ ਪਤਾ ਲੱਗਾ ਕਿ ਇਹਨਾਂ ਅਕਾਲੀ ਜਥਿਆਂ ਵਿੱਚ ਤਿੰਨਾਂ ਵਿਚੋਂ ਇੱਕ ਉਹ ਸ਼ਖਸ ਸੀ ਜਿਸਨੇ ਪਹਿਲੀ ਸੰਸਾਰ ਜੰਗ ਵਿੱਚ ਸਿਪਾਹੀ ਵੱਜੋਂ ਹਿੱਸਾ ਲਿਆ ਸੀ।

"ਅਸੀਂ ਟਾਂਗਿਆਂ ਤੋਂ ਉਤਰ ਆਏ ਅਤੇ ਕੁੱਝ ਦੂਰ ਤੱਕ ਉਹਨਾਂ ਨਾਲ ਤੁਰ ਕੇ ਗਏ। ਮੈਂ ਅੰਗਰੇਜ਼ੀ ਪਹਿਰਾਵੇ ਵਿੱਚ ਸਾਂ। ਸਿਰ 'ਤੇ ਧੁੱਪ ਤੋਂ ਬਚਣ ਲਈ ਟੋਪ ਪਹਿਨਿਆ ਹੋਇਆ ਸੀ। ਮੇਰਾ ਨਾਂ ਜਾਣੇ ਤੋਂ ਬਿਨਾਂ ਹੀ ਉਹ ਮੇਰੇ ਪ੍ਰਣਾਮ ਦਾ ਜਵਾਬ ਆਪਣੇ ਚਿਹਰੇ ਉੱਤੇ ਕੁਰੱਖਤਪੁਣੇ ਦੇ ਰਾਈ ਮਾਤਰ ਭਾਵ ਤੋਂ ਬਿਨਾਂ ਦਿੰਦੇ ਰਹੇ। ਰਸਤੇ ਵਿੱਚ ਪਾਣੀ ਪੀਣ ਦਾ ਇੱਕ ਪੜਾਅ ਸੀ, ਇਥੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਕੌਣ ਹਾਂ ਅਤੇ ਕਿਵੇਂ ਆਇਆ ਹਾਂ? ਤਦ ਹੀ ਉਹ ਆਦਮੀ, ਜੋ ਪਿੱਤਲ ਦੇ ਭਾਂਡੇ ਨਾਲ ਪਾਣੀ ਪਿਲਾ ਰਿਹਾ ਸੀ, ਆਇਆ ਅਤੇ ਮੈਨੂੰ ਪਾਣੀ ਪੀਣ ਲਈ ਦਿੱਤਾ। ਮੈਂ ਪਾਣੀ ਪੀਣ ਲਈ ਹੱਥ ਦੀ ਬੁੱਕ ਬਣਾ ਕੇ ਮੂੰਹ ਨਾਲ ਲਾਈ ਤਾਂ ਉਸਨੇ ਕਿਹਾ ਕਿ ਬਰਤਨ ਹੀ ਲੈ ਲਵੋ। ਮੈਂ ਬਰਤਨ ਹੱਥ ਵਿੱਚ ਲੈ ਕੇ ਪਾਣੀ ਪੀ ਲਿਆ। ਇਸ ਕਾਰਵਾਈ ਨੇ ਇਕ ਨਰੋਆ ਧਾਰਮਿਕ ਪੱਖ ਮੇਰੇ ਸਾਹਮਣੇ ਰੱਖਿਆ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੈਂ ਤਕਲੀਫਾਂ ਦੀ ਸ਼ੁਰੂਆਤ ਤੋਂ ਪਹਿਲਾਂ ਸਮਰਪਤ ਹੋਣ ਦੀ ਧਾਰਮਿਕ ਰਸਮ ਮਾਣ ਰਿਹਾ ਹੋਵਾਂ।

ਸੜਕ ਦੇ ਨਾਲ ਪਿੰਡਾਂ ਦੇ ਲੋਕ—ਮਰਦ ਔਰਤਾਂ ਦੋਵੇਂ—ਪਾਣੀ ਪਿਲਾਉਣ ਲਈ ਤਿਆਰ ਸਨ। ਉਹ ਹਰ ਰੋਜ਼ ਅਕਾਲੀ ਜਥਿਆਂ ਨੂੰ ਪਾਣੀ ਪਿਲਾਉਣ ਦੀ ਸੇਵਾ ਦਾ ਨਿਮਾਣਾ ਕਾਰਜ ਕਰਨ ਦੀ ਤੀਬਰਤਾ ਨਾਲ ਉਡੀਕ ਕਰਦੇ। ਮੈਨੂੰ ਮੁੜ ਔਰਤਾਂ ਦੀ ਅਨੋਖੀ ਸ਼ਰਧਾ ਭਾਵਨਾ ਦੇਖਣ ਦਾ ਮੌਕਾ ਮਿਲਿਆ। ਉਹਨਾਂ ਦੇ ਚਿਹਰਿਆਂ 'ਤੇ ਧਰਮ ਖਾਤਿਰ ਬਿਨਾਂ ਵਿਰੋਧ ਦੀ ਕੋਈ ਕਾਰਵਾਈ ਕੀਤਿਆਂ ਦੁੱਖ ਝੱਲਣ ਵਾਲੇ ਜਥਿਆਂ ਲਈ ਮਮਤਾਮਈ ਭਾਵ ਸਨ।

"ਰਸਤੇ ਵਿੱਚ ਰੁਕ ਕੇ ਬੜੀ ਔਖਿਆਈ ਨਾਲ ਅਸੀਂ ਅੰਤ ਵਿੱਚ ਗੁਰੂ ਕੇ ਬਾਗ ਪਹੁੰਚੇ। ਸਾਡੀ ਪਹਿਲੀ ਨਜ਼ਰ ਅੱਠ ਮੋਟਰ ਲਾਰੀਆਂ, ਜਿਹੜੀਆਂ ਆਮ ਤੌਰ ਕਿਰਾਏ ਉੱਤੇ ਯਾਤਰੂਆਂ ਨੂੰ ਢੋਣ ਲਈ ਵਰਤੀਆਂ ਜਾਂਦੀਆਂ ਹਨ, 'ਤੇ ਪਈ ਪਰ ਹੁਣ ਉਹ ਐਂਬੂਲੈਂਸ ਵੱਜੋਂ ਵਰਤੀਆਂ ਜਾ ਰਹੀਆਂ ਸਨ। ਉਹਨਾਂ ਗੱਡੀਆਂ ਨੂੰ ਦੇਖ ਕੇ ਮੈਂ ਉਹਨਾਂ ਰਾਹੀਂ ਲਗ-ਪਗ ਚੌਦਾਂ ਮੀਲ ਦੂਰ ਸ਼ਹਿਰ ਦੇ ਮੁੱਢਲੇ ਹਸਪਤਾਲ ਵਿੱਚ ਪਹੁੰਚਾਏ ਜਾਣ ਵਾਲੇ ਜ਼ਖਮੀਆਂ ਦੀਆਂ ਪੀੜਾਂ ਦਾ ਕਿਆਸ ਲਗਾ ਰਿਹਾ ਸੀ। ਇਧਰ ਉਧਰ ਚਿੱਕੜ ਵਿਚੋਂ ਲੰਘਦਿਆਂ ਗੱਡੀਆਂ ਦੇ ਹੁੱਝਕੇ ਚੰਗੇ ਭਲੇ ਬੰਦੇ ਲਈ ਵੀ ਬਰਦਾਸ਼ਤ ਕਰਨੇ ਵਸੋਂ-ਬਾਹਰੇ ਹਨ ਅਤੇ ਉਹਨਾਂ ਦਾ ਕੀ ਬਣੇਗਾ ਜਿਹੜੇ ਉਲਝਣਾਂ ਅਤੇ ਜ਼ਖਮਾਂ ਦੀ ਪੀੜਾਂ ਨਾਲ ਪਹਿਲਾਂ ਹੀ ਵਿੰਨ੍ਹੇ ਹੋਏ ਹੋਣਗੇ?

"ਮਾਨਵੀ ਦ੍ਰਿਸ਼ਟੀ ਤੋਂ, ਜੇ ਅਧਿਕਾਰੀ ਚਾਹੁੰਦੇ ਤਾਂ ਇੱਕ ਨੇਕ ਕਾਰਜ ਕਰ ਸਕਦੇ ਸਨ ਪਰ ਨਾ ਤਾਂ ਉਹਨਾਂ ਵਿੱਚੋਂ ਕਿਸੇ ਨੇ ਇਸ ਬਾਰੇ ਧਿਆਨ ਕੀਤਾ, ਨਾ ਹੀ ਸੁਝਾਉ ਦਿੱਤਾ। ਹੁੱਝਕੇ ਲੱਗਣ ਦੀ ਦ੍ਰਿਸ਼ਟੀ ਤੋਂ ਨਹਿਰ ਨਾਲ ਜਾਂਦੀ ਜਨਤਕ ਸੜਕ ਦੀ ਹਾਲਤ ਬਾਹਰਲੀ ਸੜਕ ਨਾਲੋਂ ਬਹੁਤ ਹੀ ਮਾੜੀ ਸੀ। ਨਹਿਰ ਦੇ ਦੂਜੇ ਪਾਸੇ ਅਧਿਕਾਰੀਆਂ ਵਾਸਤੇ ਇੱਕ ਪ੍ਰਾਈਵੇਟ ਸੜਕ ਬਣੀ ਹੋਈ ਸੀ, ਜਿਸ ਰਾਹੀਂ ਜਖ਼ਮੀਆਂ ਦੀਆਂ ਗੱਡੀਆਂ ਤੇਜ਼ੀ ਅਤੇ ਆਰਾਮ ਨਾਲ ਜਾ ਸਕਦੀਆਂ ਸਨ। ਜੇ ਗੱਡੀਆਂ ਨੂੰ ਇਸ ਰਸਤੇ ਤੋਂ ਜਾਣ ਦੀ ਆਗਿਆ ਮਿਲ ਜਾਂਦੀ ਤਾਂ ਇਹ ਰਸਤਾ ਉਹਨਾਂ ਲਈ ਗੁਰੂ ਕਾ ਬਾਗ ਤੋਂ ਵਾਪਸੀ ਦੀ ਤਕਲੀਫ਼ਦੇਹ ਯਾਤਰਾ ਨਾਲੋਂ ਕਿਤੇ ਵੱਧ ਰਾਹਤ ਭਰਪੂਰ ਹੋਣਾ ਸੀ। ਪਰੰਤੂ ਡਾਕਟਰ ਅਤੇ ਸੇਵਾਦਾਰ, ਜਿਹੜੇ ਛੋਟੇ ਸਰਕਾਰੀ ਅਫਸਰਾਂ ਕੋਲੋਂ ਇਸ ਰਾਹ ਤੋਂ ਜਾਣ ਦੀ ਸਮੇਂ ਸਮੇਂ ਆਗਿਆ ਲੈਣ ਗਏ, ਉਹਨਾਂ ਨੂੰ ਇਸ ਦਾ ਨਾਂਹ ਵਿੱਚ ਹੀ ਉੱਤਰ ਮਿਲਿਆ। ਮੈਨੂੰ ਪੂਰਾ ਯਕੀਨ ਹੈ ਕਿ ਜੇਕਰ ਉੱਚ-ਅਧਿਕਾਰੀਆਂ ਨੂੰ ਪਹੁੰਚ ਕੀਤੀ ਜਾਂਦੀ ਤਾਂ ਉਹਨਾਂ ਨੇ ਆਗਿਆ ਦੇਣੀ ਸੀ। ਪ੍ਰੰਤੂ ਮੌਜੂਦਾ ਹਿੰਦੁਸਤਾਨ ਦੀ ਸੱਭ ਤੋਂ ਵੱਡੀ ਰੁਕਾਵਟ ਦੋਹਾਂ ਧਿਰਾਂ ਵਿਚਕਾਰ ਪੈਦਾ ਹੋਇਆ ਤਣਾਅ, ਭਾਰਤੀ ਜਨਤਾ ਨੂੰ ਕੌੜੇ ਤਜਰਬਿਆਂ ਕਰਕੇ ਅਧਿਕਾਰੀਆਂ ਪ੍ਰਤੀ ਪੈਦਾ ਹੋਈ ਬੇਵਿਸਾਹੀ ਹੈ ਜਿਸ ਕਾਰਨ ਦੋਹਾਂ ਧਿਰਾਂ ਵਿਚਕਾਰ ਦਿਨ-ਬ-ਦਿਨ ਪਾੜਾ ਵਧ ਰਿਹਾ ਹੈ।

"ਜਦੋਂ ਮੈਂ ਗੁਰਦੁਆਰੇ ਪੁੱਜਾ ਤਾਂ ਆਸ ਮੁਤਾਬਕ ਉਤੇਜਨਾ, ਜਿਸ ਦੀ ਮੈਂ ਲੋਕਾਂ ਦੀ ਐਡੀ ਵੱਡੀ ਭੀੜ ਵਿਚ ਵੇਖਣ ਦੀ ਸੋਚ ਰੱਖੀ ਸੀ, ਦੀ ਅਣਹੋਂਦ ਦੇਖ ਕੇ ਹੈਰਾਨ ਹੋਇਆ। ਅੰਦਰ ਵੜਦਿਆਂ ਇਕ ਪਾਸੇ ਪਾਠ ਕਰ ਰਹੇ ਇਕ ਪਾਠੀ ਸਾਹਮਣੇ ਵੱਡੀ ਗਿਣਤੀ ਵਿੱਚ ਸ਼ਾਂਤ ਸ਼ਰਧਾਲੂਆਂ ਦੀ ਸੰਗਤ ਜੁੜੀ ਬੈਠੀ ਸੀ। ਦੂਜੇ ਪਾਸੇ ਕੁੱਝ ਸੇਵਾਦਾਰ ਸੰਗਤਾਂ ਲਈ ਸ਼ਾਮ ਦੇ ਲੰਗਰ ਦੀ ਤਿਆਰੀ ਲਈ ਖਰਾਸ ਵਿੱਚ ਆਟਾ ਪੀਹ ਰਹੇ ਸਨ। ਐਸੀ ਕੋਈ ਨਿਸ਼ਾਨੀ ਨਹੀਂ ਸੀ ਦਿਸਦੀ ਜਿਸ ਤੋਂ ਪ੍ਰਗਟ ਹੋਵੇ ਕਿ ਮਾਰ-ਕੁੱਟਾਈ ਸ਼ੁਰੂ ਹੋ ਚੁੱਕੀ ਹੈ ਅਤੇ ਸਤਿਆਗ੍ਰਹੀ ਡਾਂਗਾਂ ਦੀ ਮਾਰ ਸਹਿ ਚੁੱਕੇ ਹਨ। ਕੋਲੋਂ ਲੰਘਦੇ ਇਕ ਵਿਅਕਤੀ ਪਾਸੋਂ ਪੁੱਛਣ 'ਤੇ ਪਤਾ ਲੱਗਾ ਕਿ ਮਾਰ-ਕੁੱਟਾਈ ਚੱਲ ਰਹੀ ਹੈ। ਇਹ ਸੁਣ ਕੇ ਮੈਂ ਕਾਹਲੀ ਨਾਲ ਅੱਗੇ ਗਿਆ। ਉਥੇ ਕੁੱਝ ਸੈਂਕੜੇ ਲੋਕ ਧਰਤੀ

'ਤੇ ਬੈਠੇ ਸਾਹਮਣੇ ਵਾਪਰ ਰਹੇ ਨੂੰ ਵੇਖ ਰਹੇ ਸਨ। ਉਹਨਾਂ ਦੇ ਚਿਹਰੇ ਪੀੜ ਨਾਲ ਤਮਤਮਾ ਰਹੇ ਸਨ। ਮੈਂ ਸੱਭ ਤੋਂ ਪਹਿਲਾਂ ਉਹਨਾਂ ਦੇ ਚਿਹਰਿਆਂ ਵੱਲ ਵੇਖਿਆ। ਫਿਰ ਮੈਂ ਇਕ ਇਮਾਰਤ ਦੇ ਕੋਨੇ ਵਿੱਚ ਪਹੁੰਚਿਆ ਜਿੱਥੋਂ ਮੈਂ ਆਪ ਇਹ ਕੁੱਟ-ਮਾਰ ਵੇਖ ਸਕਦਾ ਸਾਂ। ਖੁੱਲ੍ਹੀ ਜਗ੍ਹਾ ਉੱਤੇ ਬੈਠੇ ਦਰਸ਼ਕਾਂ ਵੱਲੋਂ ਕੋਈ ਚੀਕ-ਚਿਹਾੜਾ ਨਹੀਂ ਸੀ ਪਾਇਆ ਜਾ ਰਿਹਾ ਪਰ ਉਹਨਾਂ ਵਿੱਚੋਂ ਬਹੁਤਿਆਂ ਦੇ ਬੁੱਲ੍ਹਾਂ ਉੱਤੇ ਅਰਦਾਸ ਸੀ। ਇਹ ਸਪੱਸ਼ਟ ਸੀ ਕਿ ਉਹਨਾਂ ਨੂੰ ਪਰਮਾਤਮਾ ਦਾ ਨਾਉਂ ਜਪਣ ਅਤੇ ਦੁੱਖਾਂ ਤੋਂ ਛੁਟਕਾਰੇ ਲਈ ਉਸ ਪਾਸ ਅਰਦਾਸ ਕਰਨਾ ਸਿਖਾਇਆ ਗਿਆ ਸੀ। ਅਰਦਾਸ ਵਿੱਚ ਜੁੜੇ ਲੋਕਾਂ ਦੀ ਖਾਮੋਸ਼ੀ, ਬੰਦਗੀ ਅਤੇ ਚਿਹਰਿਆਂ ਉਪਰਲੀ ਪੀੜਾ ਮੈਨੂੰ 'ਕਰਾਸ' ਦੇ ਪਰਛਾਵੇਂ ਦੀ ਯਾਦ ਦੁਆ ਰਹੀ ਸੀ। ਉਹਨਾਂ ਨਾਲ ਬੀਤ ਰਹੀ ਮੱਧਮ ਰੂਪ ਵਿੱਚ ਸੂਲੀ ਚੜ੍ਹਨ ਦੇ ਬਰਾਬਰ ਸੀ। ਅਕਾਲੀ ਆਪਣੀ ਅਗਨ-ਪ੍ਰੀਖਿਆ ਵਿੱਚੋਂ ਗੁਜ਼ਰ ਰਹੇ ਸਨ ਅਤੇ ਇਸ ਦੁੱਖਦਾਈ ਸਥਿਤੀ ਤੋਂ ਮੁਕਤੀ ਲਈ ਉਹ ਪਰਮਾਤਮਾ ਅੱਗੇ ਅਰਦਾਸ ਕਰ ਰਹੇ ਸਨ।

"ਹੁਣ ਤੱਕ ਮੈਂ ਦਰਸ਼ਕਾਂ ਦੇ ਚਿਹਰਿਆਂ ਤੋਂ ਪੜ੍ਹੀ ਜਾਂਦੀ ਪੀੜਾ ਤੋਂ ਛੁੱਟ ਹੋਰ ਕਿਤੋਂ ਇਸ ਦੁੱਖ ਨੂੰ ਨਹੀਂ ਸੀ ਦੇਖਿਆ। ਪ੍ਰੰਤੂ ਇਕ ਟੇਢੀ ਕੰਧ ਤੋਂ ਅੱਗੇ ਜਾ ਕੇ ਮੈਂ ਆਖਰੀ ਇਖ਼ਲਾਕੀ ਮੁਕਾਬਲੇ ਦੇ ਸਨਮੁੱਖ ਹੋ ਗਿਆ। ਇੱਥੇ ਮੈਨੂੰ ਮੋਨ-ਪ੍ਰਾਰਥਨਾ ਵਿੱਚ ਜੁੜੇ ਬੁਲ੍ਹਾਂ ਉੱਤੇ ਤਣਾਉ ਗ੍ਰਸਤ ਨਿਗਾਹਾਂ ਦੀ ਸਮਝ ਪਈ। ਇਹ ਕਿਸੇ ਅੰਗਰੇਜ਼ ਦੇ ਨਾ-ਮੰਨਣਯੋਗ ਇਕ ਅਜਿਹਾ ਦ੍ਰਿਸ਼ ਸੀ ਜਿਸ ਨੂੰ ਮੈਂ ਮੁੜ ਕਦੇ ਨਹੀਂ ਦੇਖਣਾ ਚਾਹਵਾਂਗਾ। ਕਾਲੀਆਂ ਪੱਗਾਂ ਵਾਲੇ ਚਾਰ ਅਕਾਲੀ ਸਿੱਖ ਲਗਪਗ ਇਕ ਦਰਜਨ ਪੁਲਿਸ ਕਰਮੀਆਂ, ਜਿਨ੍ਹਾਂ ਵਿੱਚ ਦੋ ਅੰਗਰੇਜ਼ ਸਨ, ਦੇ ਸਾਹਮਣੇ ਖੜ੍ਹੇ ਸਨ। ਮੇਰੇ ਪਹੁੰਚਣ ਤੋਂ ਕੁੱਝ ਪਹਿਲਾਂ ਉਹ ਹੌਲੀ-ਹੌਲੀ ਪੁਲਿਸ ਦੀ ਕਤਾਰ ਤੱਕ ਪਹੁੰਚ ਗਏ ਸਨ ਅਤੇ ਉਹ ਉਹਨਾਂ ਤੋਂ ਇਕ ਗਜ਼ ਦੀ ਦੂਰੀ ਤੋਂ ਚੁੱਪ-ਚਾਪ ਖੜ੍ਹੇ ਰਹੇ। ਉਹ ਅਹਿਲ ਖੜ੍ਹੇ ਰਹੇ ਅਤੇ ਮਾਸਾ ਵੀ ਅੱਗੇ ਨਹੀਂ ਵਧੇ। ਉਨ੍ਹਾਂ ਦੇ ਹੱਥ ਅਰਦਾਸ ਵਿਚ ਜੁੜੇ ਹੋਏ ਸਨ ਅਤੇ ਸਪੱਸ਼ਟ ਸੀ ਕਿ ਉਹ ਅਰਦਾਸ ਕਰ ਰਹੇ ਸਨ। ਤਦੇ ਹੀ ਉਹਨਾਂ ਵੱਲੋਂ ਰਤੀ ਭਰ ਵੀ ਭੜਕਾਹਟ ਨਾ ਵਿਖਾਏ ਜਾਣ ਦੇ ਬਾਵਜੂਦ ਇਕ ਅੰਗਰੇਜ਼ ਨੇ ਆਪਣੀ ਪਿੱਤਲ ਦੇ ਸੁੰਮ ਵਾਲੀ ਲਾਠੀ ਉਹਨਾਂ ਵੱਲ ਇਸ ਤਰ੍ਹਾਂ ਚਲਾਈ ਕਿ ਉਸ ਦਾ ਸੁੰਮ ਵਾਲਾ ਸਿਰਾ ਅਰਦਾਸ ਦੀ ਮੁਦਰਾ ਵਿੱਚ ਖੜ੍ਹੇ ਇਕ ਸਿੱਖ ਦੀ ਗਲ ਦੀ ਹੱਸੀ ਉੱਤੇ ਵੱਜਿਆ। ਜਿਵੇਂ ਮੈਂ ਇਹ ਵੱਜਦੀ ਵੇਖੀ, ਇਹ ਇਕ ਅਤਿਅੰਤ ਕਾਇਰਾਂ ਵਾਲਾ ਹਮਲਾ ਸੀ, ਜਿਸਨੂੰ ਦੇਖ ਕੇ ਮੈਂ ਆਪਣੇ-ਆਪ ਨੂੰ ਮੁਸ਼ਕਲ ਨਾਲ ਕਾਬੂ ਵਿੱਚ ਰੱਖ ਸਕਿਆ। ਮੈਂ ਮਨ ਹੀ ਮਨ ਇਹ ਇਰਾਦਾ ਕੀਤਾ ਕਿ ਤਸੀਹਾ ਸਹਿਣ ਵਾਲਿਆਂ ਦੀ ਸਹੁੰ ਦੀ ਪਾਵਨਤਾ ਦਾ ਮਾਣ ਰੱਖਣ ਲਈ ਬੋਲ ਰਾਹੀਂ ਜਾਂ ਕਿਸੇ ਹਰਕਤ ਰਾਹੀਂ ਜਵਾਬੀ ਕਾਰਵਾਈ ਕਰਨ ਦੀ ਥਾਂ ਕੇਵਲ ਨਜ਼ਾਰਾ ਹੀ ਦੇਖਾਂਗਾ। ਇਸ ਲਈ ਉਦਾਸੀਨ ਚੁੱਪ ਮੇਰੇ ਲਈ ਲਾਜ਼ਮੀ ਸੀ ਪਰ ਜਿਨ੍ਹਾਂ ਨੇ ਇਹ ਨਜ਼ਾਰਾ ਆਪਣੀ ਅੱਖੀਂ ਨਹੀਂ ਦੇਖਿਆ

ਉਹਨਾਂ ਨੂੰ ਇਹ ਦੱਸਣਾ ਮੁਸ਼ਕਲ ਹੈ ਕਿ ਇਹ ਉਦਾਸੀਨ ਰਵੱਈਆ ਧਾਰਨ ਕਰਨਾ ਕਿੰਨਾ ਤਕਲੀਫ਼ਦੇਹ ਸੀ।



12 ਸਤੰਬਰ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਡਿੱਗਿਆ ਪਿਆ ਇੱਕ ਅਕਾਲੀ ਉੱਠ ਰਿਹਾ ਦਿਖਾਈ ਦਿੰਦਾ ਹੈ। ਤਿੰਨ ਹੋਰ ਅਕਾਲੀ ਹੱਥ ਜੋੜੀ ਮਾਰ-ਕੁੱਟ ਦੀ ਆਪਣੀ ਵਾਰੀ ਲਈ ਪੁਲਸੀਆਂ ਦੇ ਸਾਹਮਣੇ ਖੜ੍ਹੇ ਹਨ।

"ਮੇਰਾ ਦੇਖਿਆ ਡਾਂਗ ਦਾ ਵਾਰ ਅਕਾਲੀ ਸਿੱਖ ਨੂੰ ਜ਼ਮੀਨ ਉੱਤੇ ਸੁੱਟਣ ਲਈ ਕਾਫ਼ੀ ਸੀ। ਉਹ ਘੁਮਾਟਣੀ ਖਾਣ ਪਿਛੋਂ ਇਕ ਵਾਰ ਫਿਰ ਹੌਲੀ-ਹੌਲੀ ਉਠਿਆ ਤਾਂ ਉਸ ਨੂੰ ਫਿਰ ਪਹਿਲਾਂ ਵਾਂਗ ਡਾਂਗ ਦਾ ਇਕ ਹੋਰ ਵਾਰ ਸਹਿਣਾ ਪਿਆ। ਚਾਰ ਅਕਾਲੀਆਂ ਵਿੱਚੋਂ ਵਾਰੀ-ਵਾਰੀ ਜੋ ਅੱਗੇ ਵਧਦਾ, ਉਸਨੂੰ ਕਦੇ ਅੰਗਰੇਜ਼ ਅਫ਼ਸਰ ਅਤੇ ਕਦੇ ਉਸਦੇ ਅਧੀਨ ਪੁਲਸੀਆਂ ਵੱਲੋਂ ਚਲਾਈਆਂ ਡਾਂਗਾਂ ਦੇ ਵਾਰ ਸਹਿਣੇ ਪੈਂਦੇ। ਇਸ ਸਮੇਂ ਪੁਲਸ ਦੁਆਰਾ ਕੀਤੀ ਗਈ ਕੁੱਝ ਕਾਰਵਾਈ ਸਿਰੇ ਦੀ ਵਹਿਸ਼ੀਆਨਾ ਸੀ। ਮੈਂ ਆਪਣੀਆਂ ਅੱਖਾਂ ਨਾਲ ਇਕ ਪੁਲਸੀਏ ਨੂੰ ਆਪਣੇ ਸਾਹਮਣੇ ਖੜ੍ਹੇ ਨਿਆਸਰੇ ਸਿੱਖ ਦੇ ਢਿਡ ਵਿੱਚ ਠੁੱਡਾ ਮਾਰਦੇ ਵੇਖਿਆ। ਏਨੀ ਬੇਅਸੂਲੀ ਕ੍ਰਿਆ ਨੂੰ ਵੇਖ ਕੇ ਮੈਂ ਮੁਸ਼ਕਲ ਨਾਲ ਹੀ ਆਪਣੇ ਆਪ ਨੂੰ ਉਚੀ ਚਿਲਾਣੋਂ ਅਤੇ ਅੱਗੇ ਵਧਣ ਤੋਂ ਰੋਕ ਸਕਿਆ। ਮੈਨੂੰ ਪਿਛੋਂ ਇਸ ਤੋਂ ਵਧੇਰੇ ਘਿਨਾਉਣੀ ਕ੍ਰਿਆ ਉਦੋਂ ਵੇਖਣੀ ਪਈ ਜਦੋਂ ਇਕ ਪੁਲਸੀਆ ਧਰਤੀ ਉੱਤੇ ਮੂਧੇ ਮੂੰਹ ਡਿੱਗੇ ਪਏ ਅਕਾਲੀ ਦੇ ਉਪਰ ਚੜ੍ਹਕੇ ਉਸ ਦੇ ਮੋਢੇ ਅਤੇ ਧੌਣ ਦੇ ਵਿਚਕਾਰ ਬੂਟ ਰੱਖ ਕੇ ਪੂਰੇ ਭਾਰ ਨਾਲ ਉਸਨੂੰ ਲਿਤਾੜਨ ਲੱਗਾ।

ਤੀਜੇ ਵਾਰ ਨਾਲ ਡਿਗੇ ਪਏ ਅਕਾਲੀ ਦੇ ਪਾਸ ਖੜ੍ਹੇ ਉਸ ਦੇ ਸਾਥੀ ਨੂੰ ਉਸ ਦੇ ਉਪਰ ਉਦੋਂ ਸੁੱਟ ਦਿੱਤਾ, ਜਦੋਂ ਦੋ ਵਲੰਟੀਅਰ ਉਸ ਬੇਹੋਸ਼ ਦੇਹ ਨੂੰ ਐਂਬੂਲੈਂਸ ਵਿੱਚ ਲੈ ਜਾਣ ਲਈ ਚੁੱਕ ਰਹੇ ਸਨ। ਸਾਰੀ ਮਾਰਕੁਟਾਈ ਬਹੁਤ ਹੀ ਬੇਦਰਦ ਅਤੇ ਵਹਿਸ਼ੀਆਨਾ ਇਰਾਦੇ ਨਾਲ ਭਰਪੂਰ ਸੀ।



12 ਸਤੰਬਰ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਬੇਹੋਸ਼ ਹੋਏ ਹੇਠਾਂ ਡਿੱਗੇ ਪਏ ਤਿੰਨ ਅਕਾਲੀ, ਚੌਥਾ ਪੁਲਿਸ ਦੇ ਸਾਹਮਣੇ ਖੜ੍ਹਾ ਮਾਰ-ਕੁੱਟ ਦੀ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਹੈ।

"ਮੈਂ ਅੰਗਰੇਜ਼ ਅਫ਼ਸਰ ਵੱਲ ਝਾਕਿਆ ਕਿ ਸ਼ਾਇਦ ਉਹ ਆਪਣੇ ਸਿਪਾਹੀਆਂ ਨੂੰ ਇਸ ਕੁਕਰਮ ਲਈ ਬੁਰਾ ਭਲਾ ਕਹੇ ਜਾਂ ਝਾੜਾਂ ਪਾਵੇ ਪਰ ਅਜਿਹਾ ਕੁੱਝ ਵੀ ਨਹੀਂ ਵਾਪਰਿਆ। ਮੈਂ ਸਾਰੀ ਵਾਰਦਾਤ ਦਾ ਵਿਵਰਣ ਅਗਲੇ ਦਿਨ ਸਰਕਾਰ ਅਤੇ ਹਰ ਇਕ ਮਿਲਣ ਵਾਲੇ ਅਫ਼ਸਰ ਨੂੰ ਦਿੱਤਾ।

"ਇਸ ਸਾਰੇ ਦ੍ਰਿਸ਼ ਦੀ ਬਰਬਰਤਾ ਅਤੇ ਅਮਾਨਵੀਪੁਣਾ ਇਸ ਗੱਲੋਂ ਬਿਆਨੋਂ ਬਾਹਰ ਹੈ ਕਿ ਜਿਨ੍ਹਾਂ ਲੋਕਾਂ ਉੱਤੇ ਵਾਰ ਕੀਤਾ ਗਿਆ, ਉਹ ਪਰਮਾਤਮਾ ਅੱਗੇ ਅਰਦਾਸ ਕਰ ਰਹੇ ਸਨ ਅਤੇ ਉਹਨਾਂ ਬਚਨ ਅਤੇ ਕਰਮ ਕਰਕੇ ਖਾਮੋਸ਼ ਅਤੇ ਸ਼ਾਂਤੀਪੂਰਨ ਰਹਿਣ ਦਾ ਪ੍ਰਣ ਕੀਤਾ ਹੋਇਆ ਸੀ। ਗੋਲਡਨ ਟੈਂਪਲ ਤੋਂ ਚੱਲਣ ਸਮੇਂ ਗੁਰੂ ਕਾ ਬਾਗ ਵਿਖੇ ਅਜਿਹਾ ਪ੍ਰਣ ਕਰਨ ਵਾਲੇ ਸਿੱਖਾਂ ਵਿੱਚ ਵਧੇਰੇ ਸੈਨਾ ਵਿਚੋਂ ਆਏ ਹੋਏ ਸਨ। ਉਹਨਾਂ ਨੇ ਫਲਾਂਡਰ, ਫਰਾਂਸ, ਮੈਸੋਪੋਟਾਮੀਆ ਅਤੇ ਪੂਰਬੀ ਅਫਰੀਕਾ ਦੀ ਲੜਾਈ ਦੇ ਮੈਦਾਨਾਂ ਵਿੱਚ ਜੰਗ ਲੜੀ ਹੋਈ ਸੀ। ਉਹਨਾਂ ਵਿੱਚੋਂ ਬਹੁਤਿਆਂ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ ਜ਼ਖਮੀ ਅੰਗਰੇਜ਼ਾਂ ਦੀ ਜਾਨ ਬਚਾਈ ਹੋਣੀ ਹੈ। ਹੁਣ ਉਹ ਆਪ ਹੀ ਅੰਗਰੇਜ਼ ਸਰਕਾਰ, ਜਿਸਦੀ ਉਹਨਾਂ ਸੇਵਾ ਕੀਤੀ ਸੀ, ਦੇ ਅਫ਼ਸਰਾਂ ਦੁਆਰਾ ਜ਼ਮੀਨ

'ਤੇ ਮੂਧੇ ਮੂੰਹ ਸੁੱਟੇ ਪਏ ਸਨ। ਉਹਨਾਂ ਨੂੰ ਬੇਇੱਜ਼ਤ ਅਤੇ ਜ਼ਲੀਲ ਕਰਨ ਵਾਲੇ ਵਾਰ ਸਹਿਣੇ ਪਏ, ਜਿਨ੍ਹਾਂ ਨੂੰ ਸਹਿਣ ਲਈ ਵਿਖਾਈ ਗਈ ਦ੍ਰਿੜਤਾ ਕਾਰਨ ਉਹਨਾਂ ਨੇ ਇਸ ਨੂੰ ਆਪਣੀ ਜਿੱਤ ਵਿਚ ਬਦਲ ਦਿੱਤਾ।

"ਇਹਨਾਂ ਵਿਅਕਤੀਆਂ ਲਈ ਜ਼ੋਰਦਾਰ ਮਾਰ ਕੁੱਟਾਈ ਝੱਲ ਕੇ ਜ਼ਮੀਨ 'ਤੇ ਢਹਿ ਢੇਰੀ ਹੋਣ ਅਤੇ ਬਦਲੇ ਵਿੱਚ ਇਕ ਵੀ ਸ਼ਬਦ ਨਾ ਬੋਲਣ ਜਾਂ ਜੁਆਬੀ ਕਾਰਵਾਈ ਨਾ ਕਰਨ ਦਾ ਇਕ ਹੈਰਾਨੀਜਨਕ ਨਵਾਂ ਤਜਰਬਾ ਸੀ। ਰੱਬ ਅੱਗੇ ਚੁੱਕੀ ਸਹੁੰ ਉਹਨਾਂ ਨੇ ਸਹੀ ਅਰਥਾਂ ਵਿੱਚ ਸਿਰੇ ਚੜ੍ਹਾਈ। ਮੈਨੂੰ ਕਿਧਰੇ ਵੀ ਹੁਕਮ ਅਦੂਲੀ ਦੀ ਝਲਕ ਦਿਖਾਈ ਨਹੀਂ ਦਿੱਤੀ। ਉਹਨਾਂ ਲਈ ਪੂਰਨ ਭਰੋਸੇ ਸਹਿਤ ਅਤੇ ਵਾਹਿਗੁਰੂ ਦੀ ਸ਼ਰਧਾ ਵਿਚ ਓਤਪੋਤ ਅੱਗੇ ਵਧਣਾ ਸਹੀ ਅਰਥਾਂ ਵਿੱਚ ਸ਼ਹਾਦਤ ਪ੍ਰਾਪਤ ਕਰਨਾ ਸੀ।



ਗੁਰੂ ਕਾ ਬਾਗ ਮੋਰਚੇ ਸਬੰਧੀ ਸਰਦਾਰ ਤੇਜਾ ਸਿੰਘ ਸਮੁੰਦਰੀ ਨਾਲ ਵਿਚਾਰ ਕਰ ਰਿਹਾ ਸ੍ਰ: ਬਹਾਦਰ ਕੈਪਟਨ ਗੋਪਾਲ ਸਿੰਘ ਭਾਗੋਵਾਲੀਆ।

ਉਹਨਾਂ ਨੇ ਆਪਣੇ ਗੁਰੂਆਂ ਨੂੰ ਅਤੇ ਉਹਨਾਂ ਦੁਆਰਾ ਝੱਲੇ ਗਏ ਤਸੀਹਿਆਂ ਨੂੰ ਯਾਦ ਕੀਤਾ ਅਤੇ ਆਪਣੇ ਅਦਭੁੱਤ ਵਿਸ਼ਵਾਸ਼ ਖਾਤਰ ਅਨੇਕਾਂ ਤਸ਼ੱਦਦ ਅਤੇ ਤਸੀਹੇ ਅਨੰਦਪੂਰਬਕ ਬਰਦਾਸ਼ਤ ਕੀਤੇ। ਦਰਸ਼ਕ ਸਿੱਖ ਵੀ ਉਹਨਾਂ ਨਾਲ ਮਿਲਕੇ ਅਰਦਾਸ ਕਰ ਰਹੇ ਸਨ ਅਤੇ ਉਹਨਾਂ ਦੇ ਉੱਤਮ ਧਰਮ ਵੱਲੋਂ ਮਿਲੀ ਪ੍ਰੇਰਨਾ ਹੀ ਉਹਨਾਂ ਦੀ ਮਾਸੂਮੀਅਤ ਵਿਚੋਂ ਉਪਜੀਆਂ ਮੁਸੀਬਤਾਂ ਸਹਿਣ ਦੇ ਸਮਰੱਥ ਬਣਾ ਰਹੀ ਸੀ ਅਤੇ ਗਲਤ ਕਾਰਵਾਈ, ਜੋ ਹੁੰਦੀ ਉਹ ਮਹਿਸੂਸ ਕਰ ਰਹੇ ਸਨ; ਵਿਰੁੱਧ ਬਦਲੇ ਦੀ ਕਾਰਵਾਈ ਕਰਨ ਲਈ ਮੈਦਾਨ ਵਿੱਚ ਨਿਤਰਨ ਤੋਂ ਉਹਨਾਂ ਨੂੰ ਵਰਜ ਰਹੀ ਸੀ।

"ਇਸ ਘਟਨਾ ਪਿੱਛੇ ਜ਼ਮੀਨ ਜਾਇਦਾਦ ਦੇ ਝਗੜੇ ਨਾਲੋਂ ਕੋਈ ਹੋਰ ਬਹੁਤ ਵੱਡੀ ਗੱਲ ਛੁਪੀ ਹੋਈ ਹੈ। ਇਹ ਗੱਲ ਜਾਇਦਾਦ ਦੇ ਕਾਨੂੰਨੀ ਕਬਜ਼ੇ ਦੇ ਤਕਨੀਕੀ ਸਵਾਲ ਨੂੰ ਪਾਰ ਕਰ ਚੁੱਕੀ ਹੈ। ਤਸੀਹੇ ਸਹਿਣ ਸਦਕਾ ਧਰਤੀ ਵਿਚੋਂ ਇਕ ਨਵੀਂ

ਸੂਰਮਗਤੀ ਉਜਾਗਰ ਹੋਈ ਹੈ। ਸੰਸਾਰ ਭਰ ਨੂੰ ਨੈਤਿਕ ਲੜਾਈ ਝਗੜੇ ਦਾ ਨਵਾਂ ਸਬਕ ਸਿਖਾਇਆ ਗਿਆ ਹੈ। ਅਸਲ ਮਸਲੇ ਦੇ ਸੰਬੰਧ ਵਿੱਚ ਅਣਉਚਿਤ ਕਬਜ਼ੇ ਬਾਰੇ ਕਾਨੂੰਨੀ ਨਿਰਣਾ ਅਕਾਲੀਆਂ ਦੇ ਹੱਕ ਵਿੱਚ ਜਾਂ ਖਿਲਾਫ਼ ਕੀਤੇ ਜਾਣ ਨੂੰ ਬੇਧਿਆਨ ਕਰਕੇ ਉਪਰੋਕਤ ਸੱਚਾਈ ਬਿਲਕੁਲ ਨਿਵੇਕਲੀ ਅਤੇ ਸੁਤੰਤਰ ਹੈ। ਉਹਨਾਂ ਦਾ ਪੱਕਾ ਵਿਸ਼ਵਾਸ ਹੈ ਕਿ ਗੁਰੂ ਦੇ ਰਾਗ ਵਿੱਚੋਂ ਉਹਨਾਂ ਵੱਲੋਂ ਲੱਕੜਾਂ ਕੱਟਣਾ ਇਕ ਨੈਤਿਕ ਧਾਰਮਿਕ ਹੱਕ ਹੈ ਅਤੇ ਭਾਵੇਂ ਕੋਈ ਨੁਕਸਾਨ ਅਤੇ ਵੇਲਾ ਵਿਹਾਅ ਚੁੱਕਾ ਕਾਨੂੰਨ ਸੰਬੰਧਤ ਕਾਨੂੰਨੀਅਤ ਨੂੰ ਸਾਬਤ ਕਰ ਸਕੇ ਜਾਂ ਨਾ ਕਰ ਸਕੇ, ਉਹਨਾਂ ਦਾ ਵਿਸ਼ਵਾਸ਼ ਜ਼ਰੂਰ ਹੀ ਵਾਜਬਤਾ ਵੱਲ ਗਿਣਿਆ ਜਾਵੇਗਾ।

"ਅਕਾਲੀ ਸਤਿਆਗ੍ਰਹੀਆਂ ਦੇ ਮਨਾਂ ਵਿੱਚ ਮੁਸੀਬਤਾਂ ਜਰ ਸਕਣ ਦੀ ਭਾਵਨਾ ਬਾਰੇ ਉਪਰ ਲਿਖੀਆਂ ਸਾਰੀਆਂ ਗੱਲਾਂ ਨਾਲੋਂ ਮਹੱਤਵਪੂਰਨ ਇਕ ਹੋਰ ਗੱਲ ਹੈ। ਮੈਂ ਬਹੁਤ ਘੱਟ ਹੀ ਕਿਸੇ ਅਕਾਲੀ ਸਿੱਖ, ਜੋ ਤਸੀਹੇ ਸਹਿਣ ਲਈ ਪੇਸ਼ ਹੋਇਆ ਹੋਵੇ, ਨੂੰ ਆਪਣੇ ਉੱਤੇ ਹੁੰਦੇ ਵਾਰ ਸਮੇਂ ਬਚਾਉ ਲਈ ਕੋਈ ਯਤਨ ਕਰਦਾ ਵੇਖਿਆ। ਮਾਸਪੇਸ਼ੀਆਂ ਦੇ ਸੁੰਗੜਨ ਦੀ ਪ੍ਰਵਿਰਤੀ-ਮੂਲਕ ਅਤੇ ਅਣਇੱਛਕ ਪ੍ਰਤੀਕ੍ਰਿਆ ਦੇ ਸਿਵਾਏ ਮੈਂ ਹੋਰ ਕੁੱਝ ਵੀ ਐਸਾ ਯਾਦ ਨਹੀਂ ਕਰ ਸਕਦਾ ਜਿਸ ਨੂੰ ਵਾਰ ਸਹਿਣ ਤੋਂ ਜਾਣ-ਬੁੱਝ ਕੇ ਕੰਨੀ ਕਤਰਾਉਣਾ ਆਖਿਆ ਜਾ ਸਕੇ। ਇੱਕ ਇੱਕ ਵਾਰ ਬਿਨਾਂ ਪ੍ਰਤੀਰੋਧ ਅਤੇ ਬਿਨਾਂ ਕਿਸੇ ਡਰ ਦੀ ਨਿਸ਼ਾਨੀ ਦੇ ਸਹਿਣ ਕੀਤਾ ਗਿਆ।"

ਅੱਜ ਪੁਲਸ ਨੇ ਮਾਰ-ਕੁੱਟ ਦੇ ਢੰਗ ਵਿਚ ਕੁੱਝ ਤਬਦੀਲੀ ਕਰਦਿਆਂ ਅਕਾਲੀ ਵਲੰਟੀਅਰਾਂ ਦੀ ਗਿੱਦੜਕੁੱਟ ਕਰਨ ਦੀ ਥਾਂ ਉਹਨਾਂ ਨੂੰ ਆਪਣੇ ਸਾਹਮਣੇ ਖੜ੍ਹੇ ਕਰਕੇ ਡਾਂਗ ਦੀ ਸੁੰਮ ਨਾਲ ਪੈਰ, ਲੱਤ, ਗੋਡੇ ਆਦਿ ਉੱਤੇ ਜ਼ੋਰਦਾਰ ਠੋਹਕਰ ਲਾਉਣ ਦੀ ਵਿਧੀ ਵਰਤੀ। ਡਾਂਗ ਦੀ ਸੁੰਮ ਉਪਰ ਲੋਹਾ ਜਾਂ ਪਿੱਤਲ ਚੜ੍ਹਿਆ ਹੋਣ ਕਾਰਨ ਇਹ ਵਧੇਰੇ ਦੁੱਖਦਾਈ ਚੋਟ ਕਰਦੀ ਸੀ।

### 13 ਸਤੰਬਰ (26 ਭਾਦੋਂ, ਬੁੱਧਵਾਰ) :

### ਹੋਰ ਵੀਹ ਅਕਾਲੀ ਕੁੱਟੇ; ਸਰਕਾਰੀ ਨੀਤੀ ਵਿੱਚ ਤਬਦੀਲੀ

ਗੁਰਦੁਆਰਾ ਗੁਰੂ ਕਾ ਬਾਗ ਵਿੱਚੋਂ ਚਾਰ ਚਾਰ ਦੀ ਟੋਲੀ ਵਿੱਚ ਗੁਰਦੁਆਰੇ ਦੀ ਜ਼ਮੀਨ ਵਿੱਚ ਖੜ੍ਹੇ ਰੁੱਖਾਂ ਤੋਂ ਲੱਕੜਾਂ ਕੱਟਣ ਜਾਂਦੇ ਅਕਾਲੀ ਸਿੱਖਾਂ ਨੂੰ ਕੁੱਟ-ਮਾਰ ਕੀਤੀ ਗਈ। ਇਸ ਦਿਨ ਪੁਲਸ ਦੇ ਸਿਪਾਹੀਆਂ ਨੇ ਡਾਂਗਾਂ ਦੇ ਸਿਰੇ ਲੰਮੇ ਲੋਟ ਹੱਥਾਂ ਵਿੱਚ ਪਕੜੇ ਹੋਏ ਸਨ ਅਤੇ ਜਦੋਂ ਕੋਈ ਅਕਾਲੀ ਕੋਡਾ ਹੋ ਕੇ ਡਾਂਗ ਦੇ ਹੇਠ ਦੀ ਲੰਘਣ ਦੀ ਕੋਸ਼ਿਸ਼ ਕਰਦਾ, ਪੁਲਸ ਵਾਲੇ ਡਾਂਗ ਨੂੰ ਨੀਵੀਂ ਕਰਕੇ ਉਸ ਦੀ ਧੌਣ ਨੂੰ ਦਬਾਉਣਾ ਸ਼ੁਰੂ ਕਰ ਦਿੰਦੇ ਅਤੇ ਉਦੋਂ ਛੱਡਦੇ ਜਦੋਂ ਅਕਾਲੀ ਆਪਣੀ ਸੁੱਧ ਬੁੱਧ ਗੁਆ ਬਹਿੰਦਾ।

ਇਸ ਦਿਨ ਵੀਹ ਸਿੱਖ ਜ਼ਖਮੀ ਹੋਏ।



ਸ਼ਾਂਤਮਈ ਅਕਾਲੀਆਂ ਉਤੇ ਹੋ ਰਹੇ ਸਾਰੇ ਤਸ਼ੱਦਦ ਨੂੰ ਵੇਖਣ ਲਈ ਪਹੁੰਚੇ ਰਾਸ਼ਟਰੀ ਆਗੂ: ਖੱਬੇ ਤੋਂ ਸੱਜੇ: ਡਾ: ਖਾਨ ਚੰਦ ਦੇਵ, ਪੰਡਤ ਮਦਨ ਮੋਹਨ ਮਾਲਵੀਆ ਅਤੇ ਮੀਆਂ ਮੁਹੰਮਦ ਸ਼ਰੀਫ ਐਡਵੋਕੇਟ, ਸਕੱਤਰ, ਪੰਜਾਬ ਪ੍ਰਦੇਸ ਕਾਂਗਰਸ ਕਮੇਟੀ।

ਅਮਰੀਕਨ ਫਿਲਮ ਸਾਜ਼ ਕੈਪਟਨ ਵਰਗੀਜ਼ ਨੇ ਇਸ ਕਾਰਵਾਈ ਦਾ ਫਿਲਮਾਂਕਣ ਕੀਤਾ। ਫਿਲਮਾਂ ਨੂੰ ਹੇਠ ਲਿਖੇ ਅਨੁਸਾਰ ਸੁਰਖੀਆਂ ਦਿੱਤੀਆਂ ਗਈਆਂ ਸਨ :

**ਹਿੰਦੁਸਤਾਨੀ ਸ਼ਹਾਦਤ ਦੀਆਂ ਇਕ ਮਾਤਰ ਤਸਵੀਰਾਂ**

ਮਨੁੱਖੀ ਇਤਿਹਾਸ ਦਾ ਬੇਮਿਸਾਲ ਸੰਘਰਸ਼ ਜੋ ਛਾਇਆਵਾਦੀ ਭਾਰਤ ਵਿੱਚ ਚਲਾਇਆ ਜਾ ਰਿਹਾ ਹੈ, ਜਿੱਥੇ ਲੱਖਾਂ ਦੇਸ਼ਵਾਸੀ, ਜਿਨ੍ਹਾਂ ਨੇ ਬਿਲਕੁੱਲ ਹੀ ਵਿਰੋਧ ਨਾ ਕਰਨ ਦੀਆਂ ਸਹੁੰਆਂ ਖਾਧੀਆਂ ਹਨ ਤੇ ਜਿਨ੍ਹਾਂ ਪਾਸ ਕੱਟੜ ਧਰਮ ਤੋਂ ਬਿਨਾਂ ਕੋਈ ਹਥਿਆਰ ਨਹੀਂ, ਬ੍ਰਿਟਿਸ਼ ਹਾਕਮਾਂ ਦੇ ਖਿਲਾਫ਼ ਪੁਰ ਅਮਨ ਬਗਾਵਤ ਕਰਨ ਵਿੱਚ ਲਗੇ ਹੋਏ ਹਨ।

ਅੰਮ੍ਰਿਤਸਰ ਦੇ ਸੁਨਹਿਰੀ ਮੰਦਰ ਵਿੱਚ ਮਹਾਤਮਾ ਗਾਂਧੀ ਦੇ ਸ਼ਰਧਾਲੂ ਪੈਰੋਕਾਰ, ਹਜ਼ਾਰਾਂ ਅਕਾਲੀ, ਅਧਿਕਾਰੀਆਂ ਦੇ ਖਿਲਾਫ਼ ਅਹਿੰਸਾ ਦੀ ਸੌਗੰਦ ਲੈ ਰਹੇ ਹਨ।

ਸਿੱਖ ਗੁਰੂਆਂ ਅੱਗੇ ਅਰਦਾਸ ਕਰਦਿਆਂ।

ਸ਼ਹੀਦਾਂ ਲਈ ਫੁੱਲ-ਮਾਲਾਵਾਂ।

ਉਹਨਾਂ ਨੂੰ ਸ਼ਕਤੀ ਬਖਸ਼ਣ ਵਾਲਾ ਪਵਿੱਤਰ ਜਲ।

ਇਕ ਅਕਾਲੀ ਜਥਾ ਦੂਰ ਸਥਿਤ ਮਿਲਖ 'ਗੁਰੂ ਕਾ ਬਾਗ', ਜਿੱਥੇ ਨਿੱਜੀ ਜਾਇਦਾਦ ਉੱਤੇ ਧਾਵਾ ਕਰਨ ਵਿਰੁੱਧ ਸਰਕਾਰੀ ਚੇਤਾਵਨੀ ਦੇ ਬਾਵਜੂਦ ਸਿੱਖ ਉਸ ਵਿਚ ਦਾਖਲ ਹੋਣ ਅਤੇ ਮਾਨਣ ਦਾ ਦਾਅਵਾ ਕਰਦੇ ਹਨ, ਜਾਣ ਲਈ ਰਵਾਨਾ ਹੁੰਦਾ ਹੈ।

ਅਕਾਲੀਆਂ ਦੀਆਂ ਚੋਣਵੀਆਂ ਟੋਲੀਆਂ ਬਰਤਾਨਵੀ ਹਿੰਦੁਸਤਾਨ ਦੀ ਪੁਲਸ ਦੀਆਂ ਕਤਾਰਾਂ ਵਿੱਚ ਦੀ ਲੰਘ ਕੇ ਮਿਲਖ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੀਆਂ ਹਨ; ਦੇਖੋ ਅੱਗੋਂ ਕੀ ਵਾਪਰਦਾ ਹੈ।

ਸਰੀਰਕ ਤਕਲੀਫਾਂ ਤੋਂ ਬੇਪ੍ਰਵਾਹ ਉਹ ਯਤਨ ਜਾਰੀ ਰੱਖਦੇ ਹਨ- ਇਹ ਪੂਰੀ ਤਰ੍ਹਾਂ ਨਾ-ਮੰਨਣਯੋਗ ਜਿਹਾ ਬਉਲਾਪਣ ਦਿਖਾਈ ਦਿੰਦਾ ਹੈ।

ਜਦੋਂ ਪੁਲਸ ਦੀਆਂ ਲਾਠੀਆਂ ਦੀ ਮਾਰ ਦੇ ਸ਼ਿਕਾਰ ਲੋਕਾਂ ਦੀ ਦੇਖ ਭਾਲ ਕੀਤੀ ਜਾਂਦੀ ਹੈ, ਉਹਨਾਂ ਦਾ ਸਥਾਨ ਲੈਣ ਲਈ ਹੋਰ ਆ ਜਾਂਦੇ ਹਨ।

ਅਨੇਕਾਂ ਬੇਹੋਸ਼ੀ ਦੀ ਹਾਲਤ ਵਿਚ ਲੈ ਜਾਏ ਜਾਂਦੇ ਹਨ।

ਇਹ ਹੈਰਾਨ ਕੁੰਨ ਜੰਗ ਮਹੀਨਿਆਂ ਤੋਂ ਸਾਰੇ ਹਿੰਦੁਸਤਾਨੀ ਵਿੱਚ ਜਾਰੀ ਹੈ; ਹਥਿਆਰ- ਬੰਦ ਕਾਨੂੰਨ ਸਾਹਮਣੇ ਗੈਰ-ਮੁਜ਼ਾਹਮਤੀ ਵਿਸ਼ਵਾਸ਼।

ਆਪਣੇ ਆਪ ਨੂੰ ਅਮਨ-ਪਸੰਦ, ਕਾਨੂੰਨ ਅਨੁਸਾਰ ਚੱਲਣ ਵਾਲੀ ਅਤੇ ਲੋਕ-ਹਿਤੈਸ਼ੀ ਹੋਣ ਦੀਆਂ ਫੜ੍ਹਾਂ ਮਾਰਨ ਵਾਲੀ ਅੰਗਰੇਜੀ ਸਰਕਾਰ ਦਾ ਹੈਰਾਨੀਜਨਕ ਕਰੂਪ ਚਿਹਰਾ ਵੇਖਣ ਪਿਛੋਂ ਪਾਦਰੀ ਸੀ.ਐਫ.ਐਂਡਰਿਊਜ਼ ਰਾਤ ਸਮੇਂ ਅੰਮ੍ਰਿਤਸਰ ਆ ਗਿਆ ਸੀ। ਦੌਰੇ ਉੱਤੇ ਅੰਮ੍ਰਿਤਸਰ ਪੁੱਜੇ ਗਵਰਨਰ, ਪੰਜਾਬ ਨੇ ਸਵੇਰ ਸਮੇਂ ਗੁਰਦੁਆਰਾ ਗੁਰੂ ਕਾ ਬਾਗ ਦਾ ਦੌਰਾ ਕੀਤਾ। ਪਾਦਰੀ ਸੀ. ਐਫ. ਐਂਡਰਿਊਜ਼ ਨੇ ਵੀ ਗਵਰਨਰ ਨੂੰ ਅੱਖੀਂ ਦੇਖੇ ਹਾਲਾਤ ਤੋਂ ਜਾਣੂੰ ਕਰਵਾਇਆ। ਅੰਮ੍ਰਿਤਸਰ ਵਾਪਸ ਆ ਕੇ ਗਵਰਨਰ ਨੇ ਸਥਾਨਕ ਅਧਿਕਾਰੀਆਂ ਨਾਲ ਇਕ ਮੀਟਿੰਗ ਕੀਤੀ। ਫੈਸਲਾ ਕੀਤਾ ਗਿਆ ਕਿ ਕਿੱਕਰਾਂ ਦੇ ਝੁੰਡ ਵਿਚੋਂ ਲਕੜਾਂ ਲਈ ਜਾਣ ਵਾਲੇ ਅਕਾਲੀਆਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਵਰਤੀ ਜਾਂਦੀ ਮਾਰ-ਕੁੱਟਾਈ ਦੀ ਵਿਧੀ ਤਰਕ ਕਰ ਦਿੱਤੀ ਜਾਵੇ।

"ਤਾਜ ਬਨਾਮ ਸ੍ਰ. ਮਹਿਤਾਬ ਸਿੰਘ ਅਤੇ ਅੱਠ ਹੋਰ" ਮੁਕਦਮੇ ਵਿੱਚ ਅੱਜ ਦੀ ਪੇਸ਼ੀ ਸਮੇਂ ਇੱਕ ਗਵਾਹ ਸੋਭਾ ਸਿੰਘ ਅੱਜ ਵੀ ਹਾਜ਼ਰ ਨਾ ਹੋਇਆ। ਉਸ ਦੀ ਹਾਜ਼ਰੀ ਨੂੰ ਲੈ ਕੇ ਸਰਕਾਰੀ ਵਕੀਲ ਲਾਲਾ ਜੈ ਲਾਲ ਅਤੇ ਪੰਡਤ ਮਾਲਵੀਆ ਜੀ ਦਰਮਿਆਨ ਤਿੱਖੀ ਝੜਪ ਹੋਈ।

ਜਦੋਂ ਅਦਾਲਤ ਨੇ ਗਵਾਹ ਸੋਭਾ ਸਿੰਘ ਦੀ ਹਾਜ਼ਰੀ ਬਾਰੇ ਪੁੱਛਿਆ ਤਾਂ ਲਾਲਾ ਜੈ ਲਾਲ ਨੇ ਉਸ ਨੂੰ ਫਿਰ ਕਦੇ ਪੇਸ਼ ਕਰਨ ਦੀ ਗੱਲ ਆਖੀ। ਮਾਲਵੀਆ ਜੀ ਵੱਲੋਂ 'ਕਦੋਂ?' ਪੁੱਛੇ ਜਾਣ ਉੱਤੇ ਸਰਕਾਰੀ ਵਕੀਲ ਨੇ ਕਿਹਾ, "ਉਸ ਨੂੰ ਪੇਸ਼ ਕਰਨਾ ਤੁਹਾਡੇ ਵੱਸ ਹੈ?"

ਮਾਲਵੀਆ ਜੀ ਨੇ ਇਸ ਉੱਤਰ ਦਾ ਬੁਰਾ ਮਨਾਇਆ ਅਤੇ ਉਹਨਾਂ ਸਰਕਾਰੀ ਵਕੀਲ ਨੂੰ ਝਾੜ ਪਾਉਂਦਿਆਂ ਆਖਿਆ, "ਰਾਇ ਬਹਾਦਰ, ਮੈਨੂੰ ਤੁਹਾਥੋਂ ਇਸ ਉੱਤਰ ਦੀ ਉੱਕਾ ਆਸ ਨਹੀਂ ਸੀ।"



ਡਿਪਟੀ ਸੁਪਰਡੰਟ, ਪੁਲਸ ਮਿਸਟਰ ਬੀਟੀ ਵੱਲੋਂ ਰੋਕੇ ਤਿੰਨ ਅਕਾਲੀ ਜੋ ਹੱਥ ਜੋੜੀ ਖੜ੍ਹੇ ਹਨ
(13 ਸਤੰਬਰ, 1922, ਸਥਾਨ : ਗੁਰੂ ਕਾ ਬਾਗ)



13 ਸਤੰਬਰ, 1922 ਨੂੰ ਹੱਥ ਜੋੜੀ ਖੜ੍ਹੇ ਅਕਾਲੀ ਦੇ ਪੈਰਾਂ ਉਤੇ ਡਾਂਗ ਦੇ ਸੁੰਮ ਨਾਲ ਚੋਟ ਮਾਰ ਰਿਹਾ ਇੱਕ ਪੁਲਸੀਆ। (ਸਥਾਨ : ਗੁਰੂ ਕਾ ਬਾਗ)



13 ਸਤੰਬਰ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਕਾਰਨ ਇੱਕ ਅਕਾਲੀ ਡਿੱਗਿਆ ਪਿਆ ਹੈ ਅਤੇ ਦੂਜੇ ਨੂੰ ਕੁੱਟਿਆ ਜਾ ਰਿਹਾ ਹੈ। ਦੋ ਹੋਰ ਅਕਾਲੀ ਹੱਥ ਜੋੜੀ ਖੜ੍ਹੇ ਦਿਖਾਈ ਦਿੰਦੇ ਹਨ। ਪੁਲਿਸ ਦੀ ਧਾੜ ਵੀ ਦਿਖਾਈ ਦੇ ਰਹੀ ਹੈ।



13 ਸਤੰਬਰ, 1922 ਨੂੰ ਗੁਰੂ ਕਾ ਬਾਗ ਵਿਖੇ ਪੁਲਿਸ ਦੀ ਮਾਰ ਦਾ ਭੰਨਿਆ ਇਕ ਅਕਾਲੀ ਮੂਧੇ ਮੂੰਹ ਪਿਆ ਹੈ। ਇੱਕ ਅਕਾਲੀ ਹੱਥ ਜੋੜੀ ਮਾਰ-ਕੁੱਟ ਦੀ ਉਡੀਕ ਵਿਚ ਤਿੰਨ ਅੰਗਰੇਜ਼ ਅਫ਼ਸਰਾਂ ਅਤੇ ਪੁਲਿਸ ਦੀ ਧਾੜ ਸਾਹਮਣੇ ਖੜ੍ਹਾ ਹੈ।



ਸਬ ਇੰਸਪੈਕਟਰ ਰਤਨ ਚੰਦ ਦੁਆਰਾ ਰੋਕੇ ਗਏ ਕਿੱਕਰਾਂ ਦੀ ਝਿੜੀ ਵੱਲ ਨੂੰ ਜਾ ਰਹੇ ਚਾਰ ਅਕਾਲੀ; ਕੋਲ ਖੜ੍ਹਾ ਇੱਕ ਪੁਲਸੀਆ, ਉਹਨਾਂ ਦੇ ਪੈਰਾਂ ਉੱਤੇ ਡਾਂਗ ਦੇ ਸੁੰਮ ਨਾਲ ਚੋਟ ਕਰ ਰਿਹਾ ਹੈ। (ਸਥਾਨ : ਗੁਰੂ ਕਾ ਬਾਗ)



ਪੁਲਿਸ ਦੀ ਮਾਰ ਕਾਰਨ ਡਿੱਗਣ ਉਪਰੰਤ ਉਠਨ ਦਾ ਯਤਨ ਕਰ ਰਹੇ ਇੱਕ ਅਕਾਲੀ ਨੂੰ ਪੁਲਿਸ ਵਾਲਾ ਗੋਡੇ ਦੇ ਭਾਰ ਨਾਲ ਹੇਠਾਂ ਦਬਾਉਣ ਦਾ ਯਤਨ ਕਰਦਾ ਹੋਇਆ।

ਇਸ ਉੱਤੇ ਸਰਕਾਰੀ ਵਕੀਲ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ,

"ਮੇਰਾ ਤੁਹਾਡੇ ਤੋਂ ਭਾਵ ਤੁਹਾਡੀ ਵਿਅਕਤੀਗਤ ਜਾਤ ਨਹੀਂ ਸਗੋਂ ਇੱਕ ਪ੍ਰਤੀਨਿੱਧ ਵਾਲੀ ਹੈਸੀਅਤ ਤੋਂ ਹੈ।"

ਜਦੋਂ ਮਾਲਵੀਆ ਜੀ ਨੇ ਕਿਹਾ ਕਿ 'ਇਹ ਦਰੁਸਤ ਨਹੀਂ ਹੈ" ਤਾਂ ਸਰਕਾਰੀ ਵਕੀਲ ਨੇ ਕਿਹਾ ਕਿ ਉਹ ਅਜਿਹਾ ਉਪਰੋਂ ਮਿਲੀਆਂ ਹਦਾਇਤਾਂ ਅਨੁਸਾਰ ਕਹਿ ਰਿਹਾ ਹੈ।

ਇਸ ਉੱਤੇ ਮਾਲਵੀਆ ਜੀ ਗੁੱਸੇ ਵਿੱਚ ਆ ਗਏ ਅਤੇ ਉਹਨਾਂ ਸਰਕਾਰੀ ਵਕੀਲ ਦੀ ਖੁੰਬ ਠੱਪਦਿਆਂ ਕਿਹਾ, "ਤਾਂ ਮੈਂ ਅਜਿਹੀਆਂ ਹਦਾਇਤਾਂ ਦੇਣ ਵਾਲੇ ਵਿਅਕਤੀ ਦੇ ਮੂੰਹ ਉੱਤੇ ਹੀ ਇਹ ਹਦਾਇਤਾਂ ਮਾਰਦਾ ਹਾਂ।"

## 14 ਸਤੰਬਰ (30 ਭਾਦੋਂ, ਵੀਰਵਾਰ) :

## ਮਾਰ-ਕੁੱਟਾਈ ਬੰਦ ਪਰ ਗ੍ਰਿਫਤਾਰੀਆਂ ਜਾਰੀ

ਪਾਦਰੀ ਸੀ. ਐਫ. ਐਂਡਰਿਊਜ਼ ਅਤੇ ਗਵਰਨਰ, ਪੰਜਾਬ ਦਰਮਿਆਨ ਕੱਲ੍ਹ ਹੋਈ ਗਲਬਾਤ ਦੇ ਸਿੱਟੇ ਵਜੋਂ ਅਤੇ ਸਰਕਾਰ ਵੱਲੋਂ ਅਕਾਲੀ ਮੋਰਚੇ ਨੂੰ ਤਸ਼ੱਦਦ ਨਾਲ ਦਬਾਉਣ ਦੀ ਨੀਤੀ ਦੇ ਅਸਫਲ ਰਹਿਣ ਉਪਰੰਤ ਗ੍ਰਿਫਤਾਰੀਆਂ ਸ਼ੁਰੂ ਕਰਨ ਦੀ ਯੋਜਨਾ ਦਾ ਅੱਜ ਪਹਿਲਾ ਦਿਨ ਸੀ। ਸਮਾਚਾਰ ਪੱਤਰਾਂ ਨੇ ਅਜਿਹੀ ਸਥਿਤੀ ਨੂੰ ਅਕਾਲੀ ਮੋਰਚੇ ਦਾ ਯਾਦਗਾਰੀ ਦਿਨ ਅਤੇ ਅਹਿੰਸਾ ਦੀ ਜਿੱਤ ਦਾ ਦਿਵਸ ਦੱਸਿਆ। ਇਸ ਦਿਨ 12 ਅਕਾਲੀ ਗ੍ਰਿਫਤਾਰ ਹੋਏ। ਇੱਕ ਅਨੁਮਾਨ ਅਨੁਸਾਰ ਹੁਣ ਤੱਕ ਪੁਲਿਸ ਦੁਆਰਾ ਕੀਤੀ ਗਈ ਮਾਰ-ਕੁੱਟ ਕਾਰਨ 1200 ਅਕਾਲੀ ਜ਼ਖਮੀ ਹੋ ਚੁੱਕੇ ਸਨ।

ਇਸ ਦਿਨ ਅਕਾਲ-ਤਖਤ ਸਾਹਿਬ, ਅੰਮ੍ਰਿਤਸਰ ਤੋਂ ਰਾਵਲਪਿੰਡੀ ਅਤੇ ਜਿਹਲਮ ਜ਼ਿਲ੍ਹੇ ਦੇ 100 ਅਕਾਲੀਆਂ ਦਾ ਜਥਾ ਗੁਰੂ ਕਾ ਬਾਗ ਪਹੁੰਚਿਆ।

## 15 ਸਤੰਬਰ (31 ਭਾਦੋਂ, ਸ਼ੁੱਕਰਵਾਰ) :

## ਖਿਲਾਫ਼ਤ ਵਲੰਟੀਅਰ ਮੁਹੰਮਦ ਦੀਨ ਕੁੱਟਿਆ ਗਿਆ, ਗ੍ਰਿਫਤਾਰੀਆਂ ਦਾ ਸਿਲਸਿਲਾ ਸ਼ੁਰੂ

ਗੁਰੂ ਕਾ ਬਾਗ ਮੋਰਚੇ ਵਿੱਚ ਭਾਗ ਲੈਣ ਲਈ ਅੰਮ੍ਰਿਤਸਰ ਤੋਂ ਚੱਲਿਆ ਜਥਾ ਜਦ ਇਥੇ ਪਹੁੰਚਿਆ ਤਾਂ ਸਵਾਗਤ ਵਿੱਚ ਹੋਰਨਾਂ ਸਿੱਖਾਂ ਦੇ ਨਾਲ ਰਲ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਰਹੇ ਖਿਲਾਫਤ ਵਲੰਟੀਅਰ ਮੁਹੰਮਦ ਦੀਨ ਵਸਨੀਕ ਸਿਆਲਕੋਟ ਨੂੰ ਪੁਲਸ ਵਾਲੇ ਫੜ ਕੇ ਮਿਸਟਰ ਬੀਟੀ ਪਾਸ ਲੈ ਗਏ। ਬੀਟੀ ਵੱਲੋਂ ਇਹ ਪੁੱਛੇ ਜਾਣ ਉੱਤੇ ਕਿ "ਉਹ ਮੁਸਲਮਾਨ ਹੋ ਕੇ ਕਾਫਰਾਂ ਦੀ ਮੱਦਦ ਕਿਉਂ ਕਰ ਰਿਹਾ ਹੈ?" ਮੁਹੰਮਦ ਦੀਨ ਨੇ ਉੱਤਰ ਦਿੱਤਾ ਕਿ "ਮੋਰਚੇ ਵਿੱਚ ਸਰਗਰਮ ਅਕਾਲੀ ਸਿੱਖ ਜਾਂ ਹਿੰਦੂ ਕਾਫਰ ਨਹੀਂ, ਕਾਫਰ ਤਾਂ ਇਹਨਾਂ ਉੱਤੇ

ਜ਼ੁਲਮ ਕਰਨ ਵਾਲੇ ਮੁਸਲਮਾਨ ਸਿਪਾਹੀ ਹਨ।" ਗੁੱਸੇ ਵਿਚ ਆਏ ਬੀਟੀ ਨੇ ਪੁਲਸੀਆਂ ਪਾਸੋਂ ਉਸ ਨੂੰ ਕੁੱਟਵਾਇਆ ਅਤੇ ਉਸ ਦੇ ਕੰਨ, ਮੂੰਹ ਆਦਿ ਮਿੱਟੀ ਨਾਲ ਭਰ ਦਿੱਤੇ। ਨਿਢਾਲ ਮੁਹੰਮਦ ਦੀਨ ਨੂੰ ਅਕਾਲੀ ਵਲੰਟੀਅਰ 'ਅਕਾਲੀ ਬਾਗ' ਵਿੱਚ ਸਥਾਪਤ ਆਰਜ਼ੀ ਹਸਪਤਾਲ ਲੈ ਕੇ ਆਏ।

ਇਸ ਦਿਨ ਵੀਹ ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ। ਪੁਲਸ ਨੇ ਗ੍ਰਿਫਤਾਰ ਅਕਾਲੀਆਂ ਨੂੰ ਰੱਖਣ ਲਈ ਗੁਰਦੁਆਰੇ ਦੇ ਚੌਗਿਰਦੇ ਅੰਦਰ ਹੀ ਮਹੰਤ ਦੀ ਰਿਹਾਇਸ਼ ਨੇੜੇ ਕੰਡਿਆਲੀ ਤਾਰ ਦਾ ਵਲਗਣ ਮਾਰ ਕੇ ਆਰਜ਼ੀ ਪ੍ਰਬੰਧ ਕੀਤਾ ਹੋਇਆ ਸੀ।

ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਚੱਲ ਰਹੇ ਵਿਵਾਦ ਨੂੰ ਨਿਬੇੜਨ ਲਈ ਕੋਈ ਸਾਂਝੀ ਅਤੇ ਦੋਹਾਂ ਧਿਰਾਂ ਨੂੰ ਪ੍ਰਵਾਨਤ ਸਬੀਲ ਲੱਭਣ ਲਈ ਪਾਦਰੀ ਸੀ. ਐੱਫ. ਐਂਡਰਿਊਜ਼ ਦੀ ਵਿਚੋਲਗੀ ਸਦਕਾ ਕਮਿਸ਼ਨਰ ਮਿਸਟਰ ਟੌਲਿਨਟਨ ਅੰਮ੍ਰਿਤਸਰ ਵਿਖੇ ਮਾਲਵੀਆ ਜੀ ਦੇ ਠਹਿਰਨ ਸਥਾਨ ਉੱਤੇ ਉਹਨਾਂ ਨੂੰ ਮਿਲਣ ਗਿਆ ਅਤੇ ਮਸਲੇ ਦੇ ਹੱਲ ਬਾਰੇ ਲਗਭਗ ਦੋ ਘੰਟੇ ਵਿਚਾਰ-ਵਟਾਂਦਰਾ ਕੀਤਾ।

ਹਕੀਮ ਅਜਮਲ ਖ਼ਾਂ ਨੇ ਦਿੱਲੀ ਤੋਂ ਜਾਰੀ ਕੀਤੇ ਇਕ ਬਿਆਨ ਵਿੱਚ ਪੁਲਸ ਵੱਲੋਂ ਅਕਾਲੀ ਸਤਿਆਗ੍ਰਹੀਆਂ ਉਪਰ ਕੀਤੇ ਜਾ ਰਹੇ ਜਬਰ-ਜ਼ੁਲਮ ਨੂੰ ਸ਼ਰਮਨਾਕ ਅਤੇ ਦਰਿੰਦਗੀ-ਪੂਰਨ ਕਾਰਨਾਮਾ ਦੱਸਦਿਆਂ ਇਸ ਸੱਭ ਕੁੱਝ ਲਈ ਮਿਸਟਰ ਬੀਟੀ ਨੂੰ ਜ਼ਿੰਮੇਵਾਰ ਆਖਿਆ।

**16 ਸਤੰਬਰ (ਸੰਗ੍ਰਾਂਦ ਅੱਸੂ, ਸਨਿਚਰਵਾਰ) : ਪੋਠੋਹਾਰੀ ਅਕਾਲੀਆਂ ਦੀਆਂ ਗ੍ਰਿਫਤਾਰੀਆਂ**

ਅੱਜ ਗੁਜਰਾਤ, ਐਬਟਾਬਾਦ, ਰਾਵਲਪਿੰਡੀ ਆਦਿ ਜ਼ਿਲ੍ਹਿਆਂ ਤੋਂ ਆਏ 21 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ। ਇਸ ਜਥੇ ਦੀ ਅਗਵਾਈ ਜਥੇਦਾਰ ਰਾਮ ਸਿੰਘ ਦੇ ਹੱਥ ਸੀ।

ਅਮਰੀਕਨ ਫਿਲਮਸਾਜ਼ ਕੈਪਟਨ ਵਰਗੀਜ਼ ਅੰਮ੍ਰਿਤਸਰ ਤੋਂ ਦਿੱਲੀ ਰਵਾਨਾ ਹੋਇਆ।

**17 ਸਤੰਬਰ (2 ਅੱਸੂ, ਐਤਵਾਰ) :**
**ਰਿਆਸਤੀ ਅਕਾਲੀਆਂ ਦੀ ਗ੍ਰਿਫਤਾਰੀ**

ਇਸ ਦਿਨ ਪਟਿਆਲਾ ਸਟੇਟ ਤੋਂ ਆਏ ਅਕਾਲੀ ਜਥੇ ਨੇ ਗ੍ਰਿਫ਼ਤਾਰੀ ਦਿੱਤੀ, ਇਹਨਾਂ ਵਿੱਚੋਂ 21 ਅਕਾਲੀ ਗ੍ਰਿਫਤਾਰ ਹੋਏ, ਜਿਨ੍ਹਾਂ ਨੂੰ ਗ੍ਰਿਫਤਾਰੀ ਉਪਰੰਤ ਗੁਰੂ ਕਾ ਬਾਗ ਹੀ ਰੱਖਿਆ ਗਿਆ। ਯੋਗ ਪ੍ਰਬੰਧ ਨਾ ਹੋਣ ਕਾਰਨ ਸਾਰੇ ਗ੍ਰਿਫਤਾਰ ਅਕਾਲੀ ਮੀਂਹ ਵਿੱਚ ਭਿੱਜਦੇ ਰਹੇ।

ਗੁਰਦੁਆਰਾ ਗੁਰੂ ਕਾ ਬਾਗ ਵਿੱਚ ਚੱਲ ਰਹੇ ਸਤਿਆਗ੍ਰਹਿ ਨੂੰ ਵੇਖਣ ਲਈ ਸਰਦਾਰ ਹੁਕਮ ਸਿੰਘ, ਸਬ-ਜੱਜ ਲਾਇਲਪੁਰ ਅਤੇ ਸਰਕਾਰ ਨਰਾਇਣ ਸਿੰਘ ਵਕੀਲ, ਗੁੱਜਰਾਂਵਾਲਾ

ਵੀ ਗੁਰੂ ਕਾ ਬਾਗ ਪਹੁੰਚੇ। ਪੁਲਸ ਨੇ ਉਹਨਾਂ ਨੂੰ ਚਲੇ ਜਾਣ ਦਾ ਹੁਕਮ ਦਿੱਤਾ। ਉਹਨਾਂ ਵੱਲੋਂ ਨਾਂਹ ਕੀਤੇ ਜਾਣ ਉੱਤੇ ਪੁਲਸ ਵੱਲੋਂ ਉਹਨਾਂ ਨੂੰ ਜ਼ਬਰਦਸਤੀ ਭੇਜਿਆ ਗਿਆ।

ਆਲ ਇੰਡੀਆ ਕਾਂਗਰਸ ਪਾਰਟੀ ਨੇ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਰੱਖੀ ਹੋਈ ਸੀ, ਇਸ ਮੀਟਿੰਗ ਲਈ ਆਏ ਆਗੂ ਸਰਵ-ਸ੍ਰੀ ਸੇਠ ਜਮਨਾ ਦਾਸ ਬਜਾਜ, ਮੋਤੀ ਲਾਲ ਨਹਿਰੂ, ਟੀ. ਪ੍ਰਕਾਸਮ, ਰਾਜਿੰਦਰ ਪ੍ਰਸ਼ਾਦ ਆਦਿ ਅਕਾਲੀ ਜ਼ਖਮੀਆਂ ਨੂੰ ਵੇਖਣ ਲਈ ਅਕਾਲੀ ਬਾਗ ਕੈਂਪ ਹਸਪਤਾਲ ਗਏ। ਸ਼ਾਮ ਨੂੰ ਹੋਈ ਮੀਟਿੰਗ ਵਿੱਚ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਅਕਾਲੀ ਮੋਰਚੇ ਦੇ ਅੱਖੀਂ ਡਿੱਠੇ ਹਾਲਾਤ ਬਾਰੇ ਦੂਜੇ ਮੈਂਬਰਾਂ ਨੂੰ ਸਵਿਸਥਾਰ ਜਾਣਕਾਰੀ ਦਿੱਤੀ। ਵਰਕਿੰਗ ਕਮੇਟੀ ਨੇ ਤਿੰਨ ਮਤੇ ਪਾਸ ਕੀਤੇ;

ਪਹਿਲੇ ਮਤੇ ਵਿੱਚ ਸ਼ਾਂਤੀ ਪੂਰਨ ਅਕਾਲੀਆਂ ਉੱਤੇ ਪੁਲਸ ਵੱਲੋਂ ਕੀਤੇ ਗਏ ਤਸ਼ੱਦਦ ਕਾਰਨ ਸਰਕਾਰ ਦੀ ਨਿੰਦਾ ਕੀਤੀ ਗਈ;

ਦੂਜੇ ਮਤੇ ਰਾਹੀਂ ਸ਼ਾਂਤ ਅਤੇ ਸਵੈ-ਕਾਬੂ ਵਿੱਚ ਰਹਿ ਕੇ ਬਹਾਦਰੀ ਨਾਲ ਦੁੱਖ ਤਕਲੀਫ਼ ਜਰਨ ਲਈ ਅਕਾਲੀਆਂ ਨੂੰ ਵਧਾਈ ਦਿੱਤੀ ਗਈ; ਅਤੇ

ਤੀਜੇ ਮਤੇ ਅਨੁਸਾਰ ਗੁਰੂ ਕਾ ਬਾਗ ਦੇ ਪੂਰੇ ਮਾਮਲੇ ਦੀ ਪੜਤਾਲ ਕਰਨ ਲਈ ਇਕ ਸਬ-ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੇ ਮੈਂਬਰ ਸ੍ਰੀ ਐਸ. ਸ੍ਰੀਨਿਵਾਸਾ ਆਇੰਗਰ, ਸਾਬਕਾ ਐਡਵੋਕੇਟ ਜਨਰਲ, ਮਦਰਾਸ (ਚੇਅਰਮੈਨ), ਐਮ. ਆਰ. ਜਾਇਆਕਰ, ਬਾਰ. ਐਟ. ਲਾਅ ਬੰਬਈ, ਮੌਲਾਨਾ ਮੁਹੰਮਦ ਤੱਕੀ, ਐੱਲ. ਐੱਲ. ਬੀ. ਦਿੱਲੀ, ਜੇ. ਐਮ. ਸੇਨ ਗੁਪਤਾ ਬਾਰ ਐਟ ਲਾਅ ਕਲਕੱਤਾ ਅਤੇ ਐਸ. ਟੀ. ਸਟੋਕਸ, ਸ਼ਿਮਲਾ ਨੂੰ ਬਣਾਇਆ ਗਿਆ। ਪ੍ਰੋ. ਰੁਚੀ ਰਾਮ ਸਾਹਨੀ, ਲਾਹੌਰ ਨੂੰ ਕਮੇਟੀ ਦਾ ਸਕੱਤਰ ਥਾਪਿਆ ਗਿਆ। (ਪਿੱਛੋਂ ਸ੍ਰੀ ਜਾਇਆਕਰ ਵੱਲੋਂ ਪੜਤਾਲੀਆ ਕਮੇਟੀ ਵਿੱਚ ਸ਼ਾਮਲ ਹੋਣ ਤੋਂ ਅਸਮਰਥਾ ਪ੍ਰਗਟਾਏ ਜਾਣ ਉਪਰੰਤ ਉਸ ਦੀ ਥਾਂ ਸ੍ਰੀ ਐਮ. ਵੀ. ਅਭਿਅੰਕਰ ਬਾਰ. ਐਟ ਲਾਅ ਨੂੰ ਨਿਯੁਕਤ ਕੀਤਾ ਗਿਆ।) ਇਸ ਕਮੇਟੀ ਨੂੰ ਅਕਤੂਬਰ 1922 ਦੇ ਅੰਤ ਤੱਕ ਆਪਣੀ ਰਿਪੋਰਟ ਪੇਸ਼ ਕਰਨ ਲਈ ਆਖਿਆ ਗਿਆ।

## 18 ਸਤੰਬਰ (3 ਅੱਸੂ, ਸੋਮਵਾਰ) :
## ਹੋਰ ਗ੍ਰਿਫਤਾਰੀਆਂ, ਬੰਗਾਲ ਤੋਂ ਮੈਡੀਕਲ ਟੀਮ ਪਹੁੰਚੀ

ਇਸ ਦਿਨ ਵੀਹ ਹੋਰ ਅਕਾਲੀ ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ। ਇਹ ਗ੍ਰਿਫਤਾਰੀਆਂ ਕਾਂਗਰਸੀ ਆਗੂਆਂ, ਜੋ ਗੁਰਦੁਆਰਾ ਗੁਰੂ ਕਾ ਬਾਗ ਪਹੁੰਚੇ ਹੋਏ ਸਨ, ਦੀ ਹਾਜ਼ਰੀ ਵਿਚ ਹੋਈਆਂ। ਅੱਜ ਵੀ ਜ਼ੋਰ ਦੀ ਬਾਰਸ਼ ਹੋ ਰਹੀ ਸੀ। ਇਸ ਲਈ ਸਾਰੇ ਗ੍ਰਿਫਤਾਰ ਅਕਾਲੀ ਬਾਰਸ਼ ਵਿੱਚ ਭਿੱਜਦੇ ਰਹੇ। ਵਰ੍ਹਦੇ ਮੀਂਹ ਵਿਚ ਹੀ ਉਨ੍ਹਾਂ ਨੂੰ ਅੰਮ੍ਰਿਤਸਰ ਲਈ ਤੋਰ ਲਿਆ ਗਿਆ।

ਪੁਲਸ ਤਸ਼ੱਦਦ ਕਾਰਨ ਜ਼ਖ਼ਮੀ ਅਕਾਲੀਆਂ ਦੀ ਦੇਖਭਾਲ ਲਈ ਇਕ ਮੈਡੀਕਲ ਟੀਮ ਬੰਗਾਲ ਤੋਂ ਪਹੁੰਚੀ। ਇਸ ਟੋਲੀ ਦੀ ਅਗਵਾਈ ਡਾਕਟਰ ਜੇ. ਐਸ. ਦਾਸ ਗੁਪਤਾ ਐਮ. ਬੀ.

ਪ੍ਰੋਫੈਸਰ ਬੈਕਫਿਰੀਆਲੋਜੀ ਕਲੱਕਤਾ ਯੂਨੀਵਰਸਿਟੀ ਅਤੇ ਡਾਕਟਰ ਕਿਰਨ ਚੰਦਰ ਐਮ. ਬੀ. ਕਲੱਕਤਾ ਮੈਡੀਕਲ ਕਾਲਜ ਕਰ ਰਹੇ ਸਨ। ਇਸ ਟੀਮ ਵਿੱਚ ਡਾਕਟਰੀ ਦੀ ਸਿੱਖਿਆ ਪ੍ਰਾਪਤ ਕਰ ਰਹੇ 24 ਵਿਦਿਆਰਥੀ ਸ਼ਾਮਲ ਸਨ।

ਗੁਰੂ ਕਾ ਬਾਗ ਵਿਖੇ ਗ੍ਰਿਫਤਾਰ ਕੀਤੇ ਗਏ ਪਹਿਲੇ 32 ਅਕਾਲੀ ਵਲੰਟੀਅਰਾਂ ਨੂੰ ਅੱਜ ਮਿਰਜ਼ਾ ਅਸਲਮ ਬੇਗ, ਰੈਵਿਨਿਊ ਅਸਿਸਟੈਂਟ, ਅੰਮ੍ਰਿਤਸਰ ਦੀ ਅਦਾਲਤ ਵਿੱਚ ਆਈ. ਪੀ. ਸੀ. ਦੀ ਧਾਰਾ 477 ਅਧੀਨ ਪੇਸ਼ ਕੀਤਾ ਗਿਆ।

ਇਸੇ ਦਿਨ ਲਾਲਾ ਬਨਵਾਰੀ ਲਾਲ, ਮੈਜਿਸਟ੍ਰੇਟ ਪਹਿਲਾ ਦਰਜਾ, ਅੰਮ੍ਰਿਤਸਰ ਦੀ ਕਚਹਿਰੀ ਵਿੱਚ ਸੁਆਮੀ ਸ਼ਰਧਾ ਨੰਦ ਦੇ ਕੇਸ ਦੀ ਸੁਣਵਾਈ ਸ਼ੁਰੂ ਹੋਈ। ਦੋਸ਼ ਇਹ ਸੀ ਕਿ ਉਸਨੇ 30 ਅਗਸਤ, 1922 ਨੂੰ ਅਕਾਲ ਤਖ਼ਤ ਉੱਤੇ ਜਥੇ ਦੀ ਰਵਾਨਗੀ ਸਮੇਂ ਭਾਸ਼ਨ ਦੇ ਕੇ ਉਨ੍ਹਾਂ ਨੂੰ ਸਤਿਆਗ੍ਰਹਿ ਕਰਨ ਲਈ ਉਕਸਾਇਆ ਸੀ। ਸੁਆਮੀ ਜੀ ਨੂੰ 10 ਸਤੰਬਰ ਨੂੰ ਸ਼ਾਮ ਪੰਜ ਵਜੇ ਗੁਰਦੁਆਰਾ ਗੁਰੂ ਕਾ ਬਾਗ ਵਿਚੋਂ ਲਾਲਾ ਮੁਲਤਾਨੀ ਮੱਲ, ਸਬ ਇੰਸਪੈਕਟਰ ਏ ਡਵੀਜਨ ਅੰਮ੍ਰਿਤਸਰ ਨੇ ਗ੍ਰਿਫਤਾਰ ਕੀਤਾ ਸੀ। ਅਦਾਲਤ ਨੇ ਗਵਾਹੀਆਂ ਲਈ ਅਗਲੀ ਪੇਸ਼ੀ 22 ਸਤੰਬਰ ਪਾਈ।

ਹਿੰਦੁਸਤਾਨ ਸਰਕਾਰ ਦੇ ਗ੍ਰਹਿ ਸਕੱਤਰ ਵੱਲੋਂ ਕੈਪਟਨ ਵਰਗੀਜ਼ ਦੀ ਕਾਰਗੁਜ਼ਾਰੀ ਬਾਰੇ ਪੰਜਾਬ ਸਰਕਾਰ ਵੱਲੋਂ ਪੁੱਛ-ਦੱਸ ਕੀਤੇ ਜਾਣ ਦੇ ਫਲਸਰੂਪ ਪੰਜਾਬ ਦੇ ਮੁੱਖ ਸਕੱਤਰ ਮਿਸਟਰ ਐਸ. ਡੀ. ਕ੍ਰੇਕ ਨੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਮਿਸਟਰ ਜੇ. ਐਮ. ਡੰਨਟ ਨੂੰ ਸੰਬੋਧਤ ਪੱਤਰ ਵਿਚ ਲਿਖਿਆ,

"ਮੈਂ ਤੁਹਾਨੂੰ ਆਪਣੇ ਮੂਲ ਸੰਦੇਸ਼ ਵਿੱਚ ਇਸ ਪ੍ਰਤੀ ਸੁਚੇਤ ਕੀਤਾ ਸੀ ਕਿ ਕੋਈ ਵੀ ਐਸਾ ਦ੍ਰਿਸ਼, ਜਿਸਨੂੰ ਤੁਸੀਂ ਪਰਚਾਰ ਦੀ ਦ੍ਰਿਸ਼ਟੀ ਤੋਂ ਢੁੱਕਵਾਂ ਨਾ ਸਮਝਦੇ ਹੋਵੋ, ਦੇ ਫਿਲਮਾਂਕਣ ਦੀ ਆਗਿਆ ਵਰਗੀਜ਼ ਨੂੰ ਨਾ ਦਿੱਤੀ ਜਾਵੇ। ਹਿੰਦੁਸਤਾਨ ਸਰਕਾਰ ਇਸ ਭਲੇ ਆਦਮੀ ਵਿਚ ਦਿਲਚਸਪੀ ਰੱਖਦੀ ਪ੍ਰਤੀਤ ਹੁੰਦੀ ਹੈ ਅਤੇ ਉਸਨੇ ਅੰਮ੍ਰਿਤਸਰ ਵਿਚ ਇਸਦੀ ਅਸਲ ਕਾਰਗੁਜਾਰੀ ਬਾਰੇ ਪੁੱਛ-ਪੜਤਾਲ ਕੀਤੀ ਹੈ। ਜਾਪਦਾ ਹੈ ਕਿ ਕੇਂਦਰੀ ਖੁਫ਼ੀਆ ਵਿਭਾਗ ਦੀ ਰੀਪੋਰਟ ਮੁਤਾਬਕ ਮਿਸਟਰ ਵਰਗੀਜ਼ ਨੇ ਜਥੇ ਨੂੰ ਸਚਮੁੱਚ ਖਿੰਡਾਏ ਜਾਣ ਅਤੇ ਜ਼ਖਮੀਆਂ ਨੂੰ ਐਂਬੂਲੈਂਸ ਉੱਤੇ ਲੈ ਜਾਣ ਦੀ ਫਿਲਮ ਬਣਾਈ ਹੈ।

"ਕੀ ਹਿੰਦੁਸਤਾਨ ਸਰਕਾਰ ਦੀ ਸੂਚਨਾ ਹਿਤ ਤੁਸੀਂ ਮੈਨੂੰ ਜਿੰਨਾ ਜਲਦੀ ਹੋ ਸਕੇ, ਇਹ ਦੱਸਣ ਦੀ ਕ੍ਰਿਪਾਲਤਾ ਕਰੋਗੇ ਕਿ ਉਸਨੇ ਕਿਹੜੀਆਂ ਮਿਤੀਆਂ ਨੂੰ ਅੰਮ੍ਰਿਤਸਰ ਦਾ ਦੌਰਾ ਕੀਤਾ ਅਤੇ ਕਿਹੜੀਆਂ ਕਿਹੜੀਆਂ ਤਸਵੀਰਾਂ ਸਚਮੁੱਚ ਹੀ ਲਈਆਂ? ਜੇਕਰ ਇਹ ਸੱਚ ਹੈ ਕਿ ਉਸਨੇ ਜਥੇ ਨੂੰ ਜ਼ੋਰ-ਜਬਰ ਨਾਲ ਖਿੰਡਾਉਣ ਦਾ ਫਿਲਮਾਂਕਣ ਕੀਤਾ ਹੈ ਤਾਂ ਇਹ ਕਿਸ ਤਰ੍ਹਾਂ ਵਾਪਰਿਆ ਕਿ ਉਸਨੂੰ ਅਜਿਹਾ ਕਰਨ ਦੀ ਆਗਿਆ ਦੇ ਦਿੱਤੀ ਗਈ?"

## 19 ਸਤੰਬਰ (4 ਅੱਸੂ, ਮੰਗਲਵਾਰ) :
## ਹੋਰ ਗ੍ਰਿਫਤਾਰੀਆਂ

ਇਸ ਦਿਨ 21 ਹੋਰ ਅਕਾਲੀ ਵਲੰਟੀਅਰ ਗ੍ਰਿਫਤਾਰ ਹੋਏ। ਇਹ ਅਫ਼ਵਾਹ ਗਰਮ ਸੀ ਕਿ ਮਾਲਵੀਆ ਜੀ ਨਾਲ ਅਕਾਲੀ ਸਮੱਸਿਆ ਦੇ ਨਿਪਟਾਰੇ ਬਾਰੇ ਗੱਲਬਾਤ ਕਰਨ ਉਪਰੰਤ ਗਵਰਨਰ ਪੰਜਾਬ ਨਾਲ ਸ਼ਿਮਲੇ ਸਲਾਹ ਮਸ਼ਵਰਾ ਕਰਨ ਗਿਆ ਕਮਿਸ਼ਨਰ ਟੋਨਿਲਟਨ 22 ਸਤੰਬਰ ਨੂੰ ਵਾਪਸ ਆ ਕੇ ਕੋਈ ਐਲਾਨ ਕਰੇਗਾ। ਇਸ ਲਈ ਗ੍ਰਿਫਤਾਰੀਆਂ ਦੀ ਗਿਣਤੀ ਘੱਟ ਰੱਖੀ ਗਈ ਸੀ।

## 20 ਸਤੰਬਰ (5 ਅੱਸੂ, ਬੁੱਧਵਾਰ) :
## ਹੋਰ 20 ਅਕਾਲੀ ਗ੍ਰਿਫਤਾਰ

ਇਸ ਦਿਨ ਗੁਰਦੁਆਰਾ ਗੁਰੂ ਕਾ ਬਾਗ ਵਿਚੋਂ ਚਾਰ ਚਾਰ ਦੀ ਟੋਲੀ ਵਿੱਚ ਲੱਕੜਾਂ ਕੱਟਣ ਲਈ ਗਏ 20 ਅਕਾਲੀ ਵਲੰਟੀਅਰਾਂ ਨੂੰ ਗ੍ਰਿਫਤਾਰੀ ਕੀਤਾ ਗਿਆ। ਕੰਡਿਆਲੀ ਤਾਰ ਦੀ ਵਲਗਣ ਵਿੱਚ ਬੰਦ ਇਹਨਾਂ ਸਿੰਘਾਂ ਨੇ ਜ਼ੋਰਦਾਰ ਬਾਰਸ਼ ਆਪਣੇ ਸਿਰਾਂ ਉੱਤੇ ਝੱਲੀ।

ਅਕਾਲੀ ਸਤਿਆਗ੍ਰਹੀਆਂ ਦੀ ਮਾਰ-ਕੁਟਾਈ ਬੰਦ ਕਰਕੇ ਉਹਨਾਂ ਦੀਆਂ ਗ੍ਰਿਫਤਾਰੀਆਂ ਕਰਨ ਦੀ ਨੀਤੀ ਦਾ ਪਿਛੋਕੜ ਬਿਆਨ ਕਰਦਿਆਂ ਮਿਸਟਰ ਐਚ. ਡੀ. ਕ੍ਰੇਕ, ਮੁੱਖ ਸਕੱਤਰ, ਪੰਜਾਬ ਸਰਕਾਰ ਨੇ ਇੱਕ ਅਰਧ ਸਰਕਾਰੀ ਪੱਤਰ ਮਿਸਟਰ ਓ. ਡੋਨਲ, ਗ੍ਰਹਿ ਸਕੱਤਰ, ਹਿੰਦੁਸਤਾਨ ਸਰਕਾਰ ਨੂੰ ਲਿਖਿਆ। ਇਸ ਪੱਤਰ ਵਿੱਚ ਲਿਖਿਆ ਗਿਆ ਸੀ :-

> "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਾਲਤ ਉਹਨਾਂ ਫੱਟਾਂ ਅਤੇ ਜ਼ਖਮਾਂ ਨਾਲ ਧੁਆਂਖੇ ਗਏ ਹਨ ਜਿਹੜੇ ਪੁਲਸ ਨੇ ਅਕਾਲੀਆਂ ਨੂੰ ਖਿੰਡਾਣ ਲਈ ਵਾਸਤਵਿਕ ਤੌਰ ਉੱਤੇ ਲਾਏ ਸਨ।... ਇਸ ਵਿੱਚ ਸ਼ੱਕ ਨਹੀਂ ਕਿ ਇਹਨਾਂ ਮਾਰ ਕੁਟਾਈ ਦੀਆਂ ਕਹਾਣੀਆਂ ਅਤੇ ਫੱਟਾਂ ਦੀ ਤੱਕਣੀ ਨੇ ਵਫਾਦਾਰ ਤੇ ਨਰਮ-ਖਿਆਲ ਸਿੱਖਾਂ ਅਤੇ ਹੋਰ ਲੋਕਾਂ, ਜਿਹੜੇ ਆਮ ਤੌਰ ਉੱਤੇ ਅਕਾਲੀ ਤਹਿਰੀਕ ਨਾਲ ਹਮਦਰਦੀ ਨਹੀਂ ਸਨ ਰੱਖਦੇ, ਦੇ ਦਿਲਾਂ ਵਿਚ ਅਕਾਲੀਆਂ ਦੀ ਹਮਦਰਦੀ ਦਾ ਵੱਡੀ ਮਿਕਦਾਰ ਵਿੱਚ ਜੋਸ਼ ਭਰ ਦਿੱਤਾ।.... ਅਣਗਿਣਤ ਕਾਂਗਰਸੀ ਅਤੇ ਖਿਲਾਫਤੀ ਆਗੂ ਤੇ ਪੱਤਰਕਾਰ ਅੰਮ੍ਰਿਤਸਰ ਵਿਚ ਆਣ ਜਮ੍ਹਾਂ ਹੋਏ ਸਨ। ਇਹਨਾਂ ਨੇ ਅਕਾਲੀਆਂ ਨੂੰ ਜਬਰੀ ਖਿੰਡਾਣ-ਪੁੰਡਾਣ ਲਈ ਕੀਤੀ ਕਾਰਵਾਈ ਦੇ ਰੂਪ ਵਿਚ ਗੌਰਮਿੰਟ ਉੱਤੇ ਜ਼ਰਬ ਪਹੁੰਚਾਉਣ ਵਾਲੇ ਹਮਲੇ ਕਰਨ ਦਾ ਚੰਗਾ ਮੌਕਾ ਤਾੜ ਲਿਆ ਸੀ ਅਤੇ ਇਸ ਮੌਕੇ ਨੂੰ ਵੱਧ ਤੋਂ ਵੱਧ ਵਰਤਿਆ।... ਬਿਨਾਂ ਸ਼ੱਕ ਹਿੰਦੁਸਤਾਨੀ ਫੌਜ ਦੀਆਂ ਸਿੱਖ ਇਕਾਈਆਂ ਵਿਚ ਜੋਸ਼ ਪੈਦਾ ਕਰਨ ਦੇ ਕੁੱਝ ਯਤਨ ਕੀਤੇ ਗਏ ਅਤੇ .... ਇਹ ਗੱਲ ਵੀ ਵੇਖਣ ਵਿੱਚ ਆਈ ਹੈ ਕਿ ਗੁਰੂ ਕਾ ਬਾਗ ਜਾਣ ਵਾਲੇ ਜਥਿਆਂ ਵਿਚ ਸਾਬਕਾ ਫੌਜੀਆਂ ਦੀ ਚੋਖੀ ਗਿਣਤੀ ਹੈ।"

ਮਿਸਟਰ ਕ੍ਰੇਕ ਦੀ ਰਾਇ ਸੀ ਕਿ ਪਿਛਲੇ ਦਿਨੀਂ ਹੋਈ ਬਾਰਸ਼ ਕਾਰਨ ਅਕਾਲੀ-ਅੰਦੋਲਨ ਦੀ ਰੀੜ੍ਹ ਦੀ ਹੱਡੀ ਕਿਸਾਨ ਬੀਜ-ਬਿਜਾਈ ਵਿੱਚ ਰੁੱਝ ਜਾਣਗੇ ਅਤੇ ਗ੍ਰਿਫਤਾਰੀਆਂ ਲਈ ਆਉਣ ਵਾਲੇ ਵਲੰਟੀਅਰਾਂ ਦੀ ਗਿਣਤੀ ਵਿੱਚ ਕਮੀ ਆ ਜਾਵੇਗੀ।

### 21 ਸਤੰਬਰ (6 ਅੱਸੂ, ਮੱਸਿਆ, ਵੀਰਵਾਰ) :
### ਹੋਰ ਗ੍ਰਿਫਤਾਰੀਆਂ

ਇਸ ਦਿਨ 20 ਹੋਰ ਅਕਾਲੀ ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ।

### 22 ਸਤੰਬਰ (7 ਅੱਸੂ, ਸ਼ੁਕਰਵਾਰ) :
### ਗ੍ਰਿਫਤਾਰੀਆਂ ਜਾਰੀ, ਕੁੱਲ ਗਿਣਤੀ 346 ਹੋਈ

ਇਸ ਦਿਨ 20 ਸਿੰਘਾਂ ਨੇ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਗ੍ਰਿਫਤਾਰੀ ਦਿੱਤੀ। ਪੁਲਸ ਆਸੇ ਪਾਸੇ ਦੇ ਪਿੰਡਾਂ ਵਿਚੋਂ ਵੀ ਗ੍ਰਿਫਤਾਰੀਆਂ ਕਰ ਰਹੀ ਸੀ। ਇਸ ਤਰ੍ਹਾਂ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 346 ਹੋ ਗਈ।

'ਤਾਜ ਬਨਾਮ ਸੁਆਮੀ ਸ਼ਰਧਾ ਨੰਦ' ਮੁਕੱਦਮੇ ਵਿਚ ਅਦਾਲਤ ਨੇ ਸੁਣਵਾਈ ਲਈ ਅਗਲੀ ਪੇਸ਼ੀ 25 ਸਤੰਬਰ ਪਾਈ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਕਮਿਸ਼ਨਰ ਮਿ: ਟੌਲਿਨਟਨ ਨੇ ਕਿਸੇ ਕਾਰਨ ਅੱਜ ਸ਼ਿਮਲੇ ਤੋਂ ਵਾਪਸੀ ਮੁਲਤਵੀ ਕਰ ਦਿੱਤੀ ਹੈ। ਕਮਿਸ਼ਨਰ ਦੇ ਆਉਣ ਦੀ ਅਗਲੀ ਤਾਰੀਖ 26 ਸਤੰਬਰ ਦੱਸੀ ਗਈ।

ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਪਾਸੋਂ ਕੈਪਟਨ ਵਰਗੀਜ਼ ਵੱਲੋਂ ਕੀਤੇ ਗਏ ਫਿਲਮਾਂਕਣ ਸੰਬੰਧੀ ਪ੍ਰਾਪਤ ਹੋਈ ਸੂਚਨਾ ਦੇ ਆਧਾਰ ਉੱਤੇ ਮਿਸਟਰ ਐਚ. ਡੀ. ਕ੍ਰੇਕ, ਮੁੱਖ ਸਕੱਤਰ ਪੰਜਾਬ ਸਰਕਾਰ ਨੇ ਹਿੰਦੁਸਤਾਨ ਸਰਕਾਰ ਦੇ ਗ੍ਰਹਿ ਸਕੱਤਰ ਮਿਸਟਰ ਐਸ. ਪੀ. ਓ. ਡੋਨਲ ਨੂੰ ਸੂਚਿਤ ਕੀਤਾ :

> "ਭਾਵੇਂ ਫਿਲਮਾਂ ਨੂੰ ਦੇਖੇ ਬਿਨਾਂ ਇਹ ਅੰਤਮ ਤੌਰ ਉੱਤੇ ਐਲਾਨ ਕੀਤਾ ਜਾਣਾ ਸੰਭਵ ਨਹੀਂ ਪਰ ਗਵਰਨਰ-ਕੌਂਸਲ ਸਮਝਦੀ ਹੈ ਕਿ ਕੈਪਟਨ ਵਰਗੀਜ਼ ਦੁਆਰਾ ਬਣਾਈ ਗਈ ਫਿਲਮ ਵਿੱਚੋਂ ਦੋ ਘਟਨਾਵਾਂ—ਮਿਸਟਰ ਬੀਟੀ ਦੁਆਰਾ ਨਿੱਜੀ ਰੂਪ ਵਿਚ ਕੀਤੀ ਗਈ ਕਾਰਵਾਈ ਅਤੇ ਧਰਤੀ ਉੱਤੇ ਡਿੱਗੇ ਪਏ ਜ਼ਖਮੀ—ਨੁਮਾਇਸ਼ ਦੇ ਮਨੋਰਥ ਤੋਂ ਅਢੁੱਕਵੀਆਂ ਹੋ ਸਕਦੀਆਂ ਹਨ। ਗਵਰਨਰ ਨੂੰ ਇਸ ਗੱਲ ਦੀ ਸੂਚਨਾ ਨਹੀਂ ਕਿ ਕੀ ਕੈਪਟਨ ਵਰਗੀਜ਼ ਅਜੇ ਹਿੰਦੁਸਤਾਨ ਵਿੱਚ ਹੈ ਪ੍ਰੰਤੂ ਉਹ ਰਿਣੀ ਹੋਵੇਗਾ ਜੇਕਰ ਹਿੰਦੁਸਤਾਨ ਸਰਕਾਰ ਇਹ ਇੰਤਜ਼ਾਮ ਕਰ ਸਕੇ ਕਿ

(ੳ) ਇਹ ਫਿਲਮਾਂ ਹਿੰਦੁਸਤਾਨ ਵਿੱਚ ਉੱਕਾ ਹੀ ਨਾ ਵਿਖਾਈਆਂ ਜਾਣ, ਅਤੇ (ਅ) ਜਿੰਨੀ ਦੇਰ ਇਹ ਫਿਲਮ ਹਿੰਦੁਸਤਾਨ ਵਿਚਲੇ ਕਿਸੇ ਸਮਰੱਥ ਅਧਿਕਾਰੀ ਜਾਂ, ਜੇ ਇਹ ਸੰਭਵ ਨਾ ਹੋਵੇ ਤਾਂ ਇੰਗਲਸਤਾਨ ਵਿਚਲੇ ਸਮਰੱਥ ਅਧਿਕਾਰੀ ਦੁਆਰਾ ਪ੍ਰਵਾਨ ਨਾ ਕੀਤੀਆਂ ਜਾਣ, ਇਹ ਹੋਰ ਕਿਧਰੇ ਨਾ ਵਿਖਾਈਆਂ ਜਾਣ।"

## 23 ਸਤੰਬਰ (8 ਅੱਸੂ, ਸ਼ਨਿਚਰਵਾਰ) :
## ਹੋਰ ਗ੍ਰਿਫਤਾਰੀਆਂ ਨਾਲ ਗਿਣਤੀ 366

ਇਸ ਦਿਨ ਗ੍ਰਿਫਤਾਰ ਕੀਤੇ 20 ਅਕਾਲੀਆਂ ਨੂੰ ਜੋੜ ਕੇ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 366 ਹੋ ਗਈ।

ਪਿਛਲੇ ਦਿਨੀਂ ਗ੍ਰਿਫਤਾਰ ਸਿੰਘਾਂ ਨੂੰ ਰਾਤ ਸਮੇਂ ਪੈਦਲ ਹੀ ਅੰਮ੍ਰਿਤਸਰ ਨੂੰ ਤੋਰਿਆ ਗਿਆ। ਰਸਤੇ ਵਿੱਚ ਇਕ ਸੱਪ ਪਿਆ ਸੀ। ਪੁਲਸ ਵਾਲੇ ਤਾਂ ਆਸੇ ਪਾਸੇ ਦੀ ਹੋ ਕੇ ਲੰਘ ਗਏ, ਪਰ ਅਕਾਲੀਆਂ ਨੇ ਫੈਸਲਾ ਕੀਤਾ ਕਿ ਉਹ ਸਿੱਧੇ ਹੀ ਜਾਣਗੇ। ਫਲਸਰੂਪ ਇਕ ਅਕਾਲੀ ਨੇ ਸੱਪ ਦੀ ਸਿਰੀ ਉੱਤੇ ਛਾਲ ਮਾਰ ਕੇ ਉਸ ਨੂੰ ਪੈਰਾਂ ਨਾਲ ਫੇਹ ਦਿੱਤਾ। ਇਉਂ ਹੀ ਅਗਲੇ ਵਲੰਟੀਅਰ ਸੱਪ ਨੂੰ ਲਿਤਾੜਦਿਆਂ ਅੱਗੇ ਲੰਘ ਗਏ।

## 24 ਸਤੰਬਰ (9 ਅੱਸੂ, ਐਤਵਾਰ) :
## ਗ੍ਰਿਫਤਾਰੀਆਂ ਦੀ ਗਿਣਤੀ 396 ਹੋਈ

ਇਸ ਦਿਨ 30 ਹੋਰ ਅਕਾਲੀ ਵਲੰਟੀਅਰਾਂ ਦੀ ਗ੍ਰਿਫਤਾਰੀ ਹੋਣ ਨਾਲ ਕੁਲ ਗ੍ਰਿਫਤਾਰੀਆਂ ਦੀ ਗਿਣਤੀ 396 ਹੋ ਗਈ।

ਅਕਾਲੀ ਜ਼ਖਮੀਆਂ ਦੀ ਗਿਣਤੀ ਵਿਚ ਕਮੀ ਆਉਣ ਕਾਰਨ ਅਕਾਲੀਆਂ ਦੇ ਬਾਗ ਵਿਚਲਾ ਆਰਜ਼ੀ ਹਸਪਤਾਲ ਬੰਦ ਕਰਕੇ ਜ਼ਖਮੀਆਂ ਨੂੰ ਦਰਬਾਰ ਸਾਹਿਬ ਨੇੜਲੇ ਗੁਰੂ-ਕਾ-ਬਾਗ ਵਾਲੇ ਹਸਪਤਾਲ ਵਿਚ ਭੇਜ ਦਿੱਤਾ ਗਿਆ।

## 25 ਸਤੰਬਰ (10 ਅੱਸੂ, ਸੋਮਵਾਰ) :
## ਗ੍ਰਿਫਤਾਰੀਆਂ ਚਾਰ ਸੌ ਤੋਂ ਵਧੀਆਂ; ਜੱਜ ਵੱਲੋਂ ਸਾਰਾ ਜਥਾ ਪਾਗਲ ਐਲਾਨ ਕੇ ਰਿਹਾਅ

ਇਸ ਦਿਨ 40 ਅਕਾਲੀ ਵਲੰਟੀਅਰ ਗ੍ਰਿਫਤਾਰ ਕੀਤੇ ਗਏ, ਜਿਸ ਨਾਲ ਕੁੱਲ ਗ੍ਰਿਫਤਾਰੀਆਂ 436 ਹੋ ਗਈਆਂ। ਪੁਲਸ ਨੇ ਗ੍ਰਿਫਤਾਰ ਅਕਾਲੀਆਂ ਨਾਲ ਧੱਕਾ ਮੁੱਕੀ ਵੀ ਕੀਤੀ।

ਪਹਿਲਾਂ ਗ੍ਰਿਫਤਾਰ ਅਕਾਲੀਆਂ ਵਿਚੋਂ 12 ਨੂੰ ਜਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਮੈਜਿਸਟ੍ਰੇਟ ਨੇ ਉਹਨਾਂ ਸਾਰਿਆਂ ਨੂੰ ਪਾਗਲ ਐਲਾਨ ਕੇ ਰਿਹਾਈ ਦੇ ਹੁਕਮ ਕੀਤੇ। ਅਕਾਲੀ ਸਿੱਖ ਜੈਕਾਰੇ ਗਜਾਉਂਦੇ ਦਰਬਾਰ ਸਾਹਿਬ ਪਹੁੰਚ ਗਏ।

ਅੱਜ ਪੁਲਸ ਨੇ ਸੁਆਮੀ ਸ਼ਰਧਾ ਨੰਦ ਦੀ ਪੇਸ਼ੀ ਸਮੇਂ ਅਦਾਲਤ ਵਿਚ ਹਾਜ਼ਰ ਹੋਏ ਲੋਕਾਂ ਵਿਚੋਂ ਇਕ ਸੁਆਮੀ ਵਿਸ਼ਵਾ ਨੰਦ, ਝਰੀਆ ਕੋਲਫੀਲਡ (ਬਿਹਾਰ) ਨੂੰ ਵੀ ਗ੍ਰਿਫਤਾਰ ਕਰ ਲਿਆ।

ਵਾਇਸਰਾਏ ਨੇ ਲੰਡਨ ਸਥਿਤ ਸੈਕਟਰੀ ਆਫ ਸਟੇਟ ਫਾਰ ਇੰਡੀਆ ਨੂੰ ਇਕ ਤਾਰ ਭੇਜ ਕੇ ਸੂਚਿਤ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਕਾ ਬਾਗ ਵਿਖੇ ਗ੍ਰਿਫਤਾਰੀ ਦੇਣ ਲਈ ਭੇਜੇ ਜਾਣ ਵਾਲੇ ਵਲੰਟੀਅਰ ਇਕੱਠੇ ਕਰਨ ਵਿੱਚ ਔਖਿਆਈ ਮਹਿਸੂਸ ਕਰ ਰਹੀ ਹੈ।

### 26 ਸਤੰਬਰ (11 ਅੱਸੂ, ਮੰਗਲਵਾਰ) :
### ਕੋਈ ਸਰਕਾਰੀ ਐਲਾਨ ਨਹੀਂ

ਕਮਿਸ਼ਨਰ ਮਿਸਟਰ ਟੋਲਿਨਟਨ ਸ਼ਿਮਲੇ ਤੋਂ ਵਾਪਸ ਆ ਗਿਆ, ਪਰ ਉਸਨੇ ਅਕਾਲੀ ਮੋਰਚੇ ਬਾਰੇ ਕੋਈ ਐਲਾਨ ਨਾ ਕੀਤਾ ਜਿਸ ਕਾਰਨ ਲੋਕਾਂ ਦੇ ਮਨਾਂ ਵਿਚ ਸਰਕਾਰ ਦੀ ਨੀਤ ਸਾਫ ਹੋਣ ਬਾਰੇ ਸ਼ੰਕਾ ਹੋਣੀ ਸ਼ੁਰੂ ਹੋਈ।

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ 50 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ।

### 27 ਸਤੰਬਰ (12 ਅੱਸੂ, ਬੁੱਧਵਾਰ) :
### ਗ੍ਰਿਫਤਾਰੀਆਂ ਦੀ ਗਿਣਤੀ ਵਧੀ

ਸ਼੍ਰੋਮਣੀ ਕਮੇਟੀ ਨੂੰ ਆਸ ਸੀ ਕਿ ਪੰਡਤ ਮਦਨ ਮੋਹਨ ਮਾਲਵੀਆ ਅਤੇ ਪਾਦਰੀ ਸੀ. ਐਫ. ਐਂਡਰਿਊਜ਼ ਦੀ ਪ੍ਰੇਰਨਾ ਕਾਰਨ ਸਰਕਾਰ ਅਕਾਲੀ ਸਮੱਸਿਆ ਦੇ ਹੱਲ ਬਾਰੇ ਕੋਈ ਕਾਰਵਾਈ ਕਰੇਗੀ ਪਰ 26 ਸਤੰਬਰ ਵੀ ਬਿਨਾਂ ਕਿਸੇ ਐਲਾਨ ਦੇ ਲੰਘ ਜਾਣ ਪਿਛੋਂ ਉਸ ਨੇ ਅਕਾਲੀ ਮੋਰਚੇ ਨੂੰ ਤੇਜ਼ੀ ਨਾਲ ਚਲਾਉਣ ਲਈ ਗ੍ਰਿਫਤਾਰੀਆਂ ਦੀ ਗਿਣਤੀ ਵਧਾਉਣ ਦਾ ਫੈਸਲਾ ਕੀਤਾ। ਫਲਸਰੂਪ ਇਸ ਦਿਨ 60 ਅਕਾਲੀਆਂ ਵੱਲੋਂ ਗ੍ਰਿਫਤਾਰੀ ਦਿੱਤੇ ਜਾਣ ਦੇ ਨਤੀਜੇ ਵਜੋਂ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 496 ਹੋ ਗਈ।

ਸ਼੍ਰੋਮਣੀ ਕਮੇਟੀ ਦੇ ਗ੍ਰਿਫਤਾਰ ਕੀਤੇ ਮੁਖੀਆਂ ਨੂੰ 'ਤਾਜ ਬਨਾਮ ਸ. ਮਹਿਤਾਬ ਸਿੰਘ ਅਤੇ 8 ਹੋਰ' ਮੁਕੱਦਮੇ ਵਿਚ ਅਦਾਲਤ ਨੇ ਹਿੰਦ ਦੰਡਾਵਲੀ ਦੀ ਧਾਰਾ 117 ਦੇ ਨਾਲ ਧਾਰਾ 148 ਅਤੇ 447 ਅਧੀਨ ਦੋਸ਼ੀ ਐਲਾਨ ਕੇ ਜ਼ਮਾਨਤ ਉੱਤੇ ਰਿਹਾਈ ਦੇਣ ਦਾ ਹੁਕਮ ਸੁਣਾਇਆ ਪਰ ਸਿੱਖ ਆਗੂਆਂ ਵੱਲੋਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਬਾਬਾ ਕੇਹਰ ਸਿੰਘ ਤੋਂ ਬਿਨਾਂ ਬਾਕੀ ਸਿੱਖ ਆਗੂਆਂ ਨੇ ਅਦਾਲਤ ਦਾ ਬਾਈਕਾਟ ਕੀਤਾ। ਬਾਬਾ ਕੇਹਰ ਸਿੰਘ ਨੂੰ ਸਫ਼ਾਈ ਦੇ ਗਵਾਹ ਪੇਸ਼ ਕਰਨ ਲਈ 7 ਅਕਤੂਬਰ, 1922 ਦੀ ਤਰੀਕ ਪਾਈ ਗਈ।

## 28 ਸਤੰਬਰ (13 ਅੱਸੂ, ਵੀਰਵਾਰ) :
## ਗ੍ਰਿਫਤਾਰੀਆਂ ਦਾ ਜ਼ੋਰ, ਗਿਣਤੀ 575

ਇਸ ਦਿਨ ਗੁਰਦੁਆਰਾ ਗੁਰੂ ਕਾ ਬਾਗ ਵਿਖੇ 80 ਸਿੰਘਾਂ ਨੇ ਗ੍ਰਿਫਤਾਰੀ ਦਿੱਤੀ ਅਤੇ ਇਉਂ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ ਵੱਧ ਕੇ 575 ਹੋ ਗਈ। ਗ੍ਰਿਫਤਾਰ ਅਕਾਲੀਆਂ ਨਾਲ ਵਧੀਕੀ ਕਰਦਿਆਂ ਪੁਲਸ ਨੇ ਉਹਨਾਂ ਦੀ ਤਲਾਸ਼ੀ ਲਈ, ਪੱਗਾਂ ਲਾਹੀਆਂ ਅਤੇ ਬੇਇੱਜ਼ਤੀ ਵੀ ਕੀਤੀ।

ਸਮਾਚਾਰ ਮਿਲਿਆ ਕਿ ਕਾਂਗਰਸ ਵੱਲੋਂ ਨਿਯੁਕਤ ਪੜਤਾਲੀਆਂ ਕਮੇਟੀ ਦਾ ਇਕ ਮੈਂਬਰ ਸ੍ਰੀ ਜਾਇਅੱਕਰ, ਬੰਬਈ ਦੁਰਘਟਨਾ ਕਾਰਨ ਪੜਤਾਲ ਵਿਚ ਭਾਗ ਲੈਣ ਦੇ ਅਸਮਰਥ ਹੋ ਗਿਆ ਹੈ। ਫਲਸਰੂਪ ਉਸ ਦੀ ਥਾਂ ਡਾਕਟਰ ਅਭਿਅੰਕਰ ਬਾਰ ਐਟ-ਲਾਅ ਨਾਗਪੁਰ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ।

## 29 ਸਤੰਬਰ (14 ਅੱਸੂ, ਸ਼ੁਕਰਵਾਰ) :
## ਕੁੱਲ ਗ੍ਰਿਫਤਾਰੀਆਂ 656

ਇਸ ਦਿਨ ਗੁਰੂ ਕਾ ਬਾਗ ਤੋਂ 81 ਸਿੰਘ ਗ੍ਰਿਫਤਾਰ ਹੋਏ ਜਿਸ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 656 ਹੋ ਗਈ। ਗ੍ਰਿਫਤਾਰ ਹੋਣ ਵਾਲਿਆਂ ਵਿਚ ਪਿੰਡ ਭੁੱਸੇ ਦਾ ਵਸਨੀਕ ਅਜੀਤ ਸਿੰਘ, ਉਮਰ 17 ਸਾਲ, ਵੀ ਸ਼ਾਮਲ ਸੀ, ਪਿਛੋਂ ਮੈਜਿਸਟ੍ਰੇਟ ਨੇ ਉਸ ਨੂੰ ਨਾਬਾਲਗ ਹੋਣ ਕਾਰਨ ਰਿਹਾਅ ਕਰ ਦਿੱਤਾ।

## 30 ਸਤੰਬਰ (15 ਅੱਸੂ, ਸ਼ਨਿਚਰਵਾਰ) :
## ਗ੍ਰਿਫਤਾਰੀਆਂ ਲਈ ਆਪ-ਮੁਹਾਰਾ ਉਤਸ਼ਾਹ

ਇਸ ਦਿਨ 80 ਸਿੰਘਾਂ ਨੇ ਗ੍ਰਿਫਤਾਰੀ ਦਿੱਤੀ। ਇਸ ਜਥੇ ਵਿਚ ਇਕ ਨਾਬਾਲਗ ਭੁਜੰਗੀ ਗਿਆਨ ਸਿੰਘ ਪੁੱਤਰ ਸ. ਗੁਪਾਲ ਸਿੰਘ, ਪਿੰਡ ਮੁਗਲ ਵਾਲਾ, ਜ਼ਿਲ੍ਹਾ ਲਾਹੌਰ ਵੀ, ਸ਼ਾਮਲ ਸੀ। ਉਹ ਕਈ ਦਿਨਾਂ ਤੋਂ ਜਥੇ ਵਿਚ ਸ਼ਾਮਲ ਹੋ ਕੇ ਗ੍ਰਿਫਤਾਰੀ ਦੇਣ ਦੀ ਜ਼ਿਦ ਕਰ ਰਿਹਾ ਸੀ। ਪਰ ਆਗੂ ਉਸ ਦੀ ਨਿਆਣੀ ਉਮਰ ਵੇਖਦਿਆਂ ਉਸ ਨੂੰ ਗ੍ਰਿਫਤਾਰੀ ਲਈ ਜਾਣ ਦੀ ਆਗਿਆ ਨਹੀਂ ਸਨ ਦੇ ਰਹੇ। ਆਖਰ ਉਸ ਦੇ ਸਿਰੜ ਅਗੇ ਹਥਿਆਰ ਸੁੱਟਦਿਆਂ ਉਸ ਨੂੰ ਗ੍ਰਿਫਤਾਰੀ ਲਈ ਜਾਣ ਦੀ ਆਗਿਆ ਦੇ ਦਿਤੀ ਗਈ। ਜਦੋਂ ਗ੍ਰਿਫਤਾਰੀ ਉਪਰੰਤ ਜਥੇ ਨੂੰ ਮੈਜਿਸਟ੍ਰੇਟ ਦੇ ਪੇਸ਼ ਕੀਤਾ ਗਿਆ ਤਾਂ ਜੱਜ ਨੇ ਗਿਆਨ ਸਿੰਘ ਦੀ ਛੋਟੀ ਉਮਰ ਦੇਖਦਿਆਂ ਉਸਨੂੰ ਕੇਵਲ ਇਕ ਦਿਨ ਅਥਵਾ ਜਿੰਨਾਂ ਸਮਾਂ ਉਹ ਪੁਲਸ ਦੀ ਨਿਗਰਾਨੀ ਅਧੀਨ ਗੁਜ਼ਾਰ ਚੁੱਕਾ ਸੀ, ਦੀ ਸਜ਼ਾ ਸੁਣਾ ਕੇ ਰਿਹਾਈ ਦੇ ਹੁਕਮ ਕਰ ਦਿੱਤੇ। ਇਸ ਹੁਕਮ ਨੂੰ ਸੁਣ ਕੇ ਗਿਆਨ

ਸਿੰਘ ਮੈਜਿਸਟ੍ਰੇਟ ਨਾਲ ਝਗੜ ਪਿਆ ਕਿ ਉਸਨੂੰ ਜਥੇ ਦੇ ਬਾਕੀ ਮੈਂਬਰਾਂ ਦੇ ਬਰਾਬਰ ਸਜ਼ਾ ਕਿਉਂ ਨਹੀਂ ਦਿਤੀ ਗਈ? ਉਸ ਦੀ ਤਸੱਲੀ ਉਦੋਂ ਹੀ ਹੋਈ ਜਦੋਂ ਉਸ ਨੂੰ ਬਾਕੀ ਜਥੇ ਦੇ ਨਾਲ ਹੀ ਜੇਲ ਭੇਜਿਆ ਗਿਆ।

ਇਸ ਦਿਨ ਦੀਆਂ ਗ੍ਰਿਫਤਾਰੀਆਂ ਨਾਲ ਗਿਣਤੀ 736 ਹੋ ਗਈ।

### 1 ਅਕਤੂਬਰ (16 ਅੱਸੂ, ਐਤਵਾਰ) :
### ਗ੍ਰਿਫਤਾਰੀਆਂ ਜਾਰੀ, ਕੁੱਲ ਗਿਣਤੀ 816 ਹੋਈ

ਗ੍ਰਿਫਤਾਰੀਆਂ ਦਾ ਸਿਲਸਿਲਾ ਪੂਰਨ ਉਤਸ਼ਾਹ ਨਾਲ ਅਤੇ ਬਾਦਸਤੂਰ ਜਾਰੀ ਸੀ। ਪੂਰਾ ਜਥਾ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਉੱਤੇ ਸ਼ਾਂਤਮਈ ਰਹਿਣ ਦਾ ਪ੍ਰਣ ਕਰਕ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਦਾ। ਇਥੇ ਅਕਾਲੀ ਵਲੰਟੀਅਰ ਚਾਰ ਚਾਰ ਦੀ ਟੋਲੀ ਵਿਚ ਗੁਰਦੁਆਰੇ ਦੀ ਜ਼ਮੀਨ ਵਿਚ ਖੜ੍ਹੀਆਂ ਕਿੱਕਰਾਂ, ਜਿਨ੍ਹਾਂ ਨੂੰ ਪੁਲਸ ਨੇ ਕੰਡਿਆਲੀ ਤਾਰ ਦੀ ਵਲਗਣ ਮਾਰੀ ਹੋਈ ਸੀ, ਨੂੰ ਕੱਟ ਕੇ ਲੰਗਰ ਲਈ ਬਾਲਣ ਲੈਣ ਲਈ ਜਾਂਦੇ ਪਰ ਪੁਲਸ ਉਹਨਾਂ ਨੂੰ ਗ੍ਰਿਫਤਾਰ ਕਰ ਲੈਂਦੀ। ਅੱਜ ਵੀ 80 ਅਕਾਲੀਆਂ ਵੱਲੋਂ ਗ੍ਰਿਫਤਾਰੀ ਦਿੱਤੀ ਗਈ ਜਿਸ ਨਾਲ ਹੁਣ ਤੱਕ ਦੀਆਂ ਕੁੱਲ ਗ੍ਰਿਫਤਾਰੀਆਂ 816 ਹੋ ਗਈਆਂ।

### 2 ਅਕਤੂਬਰ (17 ਅੱਸੂ, ਸੋਮਵਾਰ) :
### ਗ੍ਰਿਫਤਾਰੀਆਂ ਜਾਰੀਆਂ, ਸਿੱਖ ਭੁਜੰਗੀਆਂ ਦੇ ਬੁਲੰਦ ਹੌਂਸਲੇ

ਕਾਂਗਰਸ ਪਾਰਟੀ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਨੂੰ ਜਾਂਦੇ ਅਕਾਲੀ ਸਤਿਆਗ੍ਰਹੀਆਂ ਉਪਰ ਪੁਲਸ ਦੁਆਰਾ ਕੀਤੇ ਗਏ ਅਣਮਨੁੱਖੀ ਤਸ਼ੱਦਦ ਨੂੰ ਨੰਗਾ ਕਰਨ ਲਈ ਬਣਾਈ ਗਈ ਪੜਤਾਲੀਆ ਕਮੇਟੀ ਦੇ ਮੈਂਬਰ ਅੰਮ੍ਰਿਤਸਰ ਪੁੱਜਣੇ ਸ਼ੁਰੂ ਹੋ ਗਏ ਸਨ। ਸ੍ਰੀ ਐਸ. ਆਇੰਗਰ, ਸਾਬਕਾ ਐਡਵੋਕੇਟ ਜਨਰਲ, ਮਦਰਾਸ ਅਤੇ ਡਾ: ਅਭਿਅੰਕਰ ਪੂਨਾ ਨੇ ਅੱਜ ਗੁਰਦੁਆਰਾ ਗੁਰੂ ਕਾ ਬਾਗ ਦੀ ਯਾਤਰਾ ਵੀ ਕੀਤੀ। ਪੜਤਾਲੀਆ ਕਮੇਟੀ ਦੇ ਸਕੱਤਰ ਪ੍ਰੋ. ਰੁਚੀ ਰਾਮ ਸਾਹਨੀ ਨੇ ਪੰਜਾਬ ਸਰਕਾਰ ਨੂੰ ਕਮੇਟੀ ਦੇ ਮਨੋਰਥ ਬਾਰੇ ਦੱਸਦਿਆਂ ਸੂਚਿਤ ਕੀਤਾ ਕਿ ਕਮੇਟੀ 3 ਨਵੰਬਰ, ਦੁਪਹਿਰ 12 ਵਜੇ ਤੋਂ ਸ੍. ਦਿਆਲ ਸਿੰਘ ਮਜੀਠੀਆ ਦੀ ਹਵੇਲੀ, ਕੱਟੜਾ ਬੱਘੀਆਂ, ਹਾਲ ਬਾਜ਼ਾਰ ਅੰਮ੍ਰਿਤਸਰ ਵਿਖੇ ਬੈਠਣਾ ਸ਼ੁਰੂ ਕਰੇਗੀ। ਉਹਨਾਂ ਸਰਕਾਰ ਨੂੰ ਕਮੇਟੀ ਸਾਹਮਣੇ ਆਪਣਾ ਪੱਖ ਪੇਸ਼ ਕਰਨ ਜਾਂ ਕਮੇਟੀ ਸਾਹਮਣੇ ਪੇਸ਼ ਹੋਣ ਵਾਲੇ ਹੋਰ ਗਵਾਹਾਂ ਦੀ ਜ਼ਿਰਾਹ ਕਰਨ ਦਾ ਸੱਦਾ ਦਿੱਤਾ।

ਇਸ ਦਿਨ 81 ਹੋਰ ਅਕਾਲੀ ਵਲੰਟੀਅਰਾਂ ਦੀ ਗ੍ਰਿਫਤਾਰੀ ਹੋਣ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 897 ਹੋ ਗਈ। ਇਸ ਦਿਨ ਭੁਜੰਗੀ ਅਜੀਤ ਸਿੰਘ, ਪਿੰਡ ਭੁੱਸੇ, ਨੇ ਦੁਬਾਰਾ

ਫਿਰ ਗ੍ਰਿਫਤਾਰੀ ਦਿੱਤੀ ਹੈ ਤੇ ਬਾਕੀ ਜਥੇ ਦੇ ਨਾਲ ਹੀ ਬਰਾਬਰ ਦੀ ਸਜ਼ਾ ਮਿਲਣ ਉੱਤੇ ਅਜੀਤ ਸਿੰਘ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਇਸ ਜਥੇ ਵਿਚ ਇਕ ਹੋਰ ਭੋਜੰਗੀ ਸ਼ਾਮ ਸਿੰਘ, ਪਿੰਡ ਗੋਹਲਵੜ ਵੀ ਸ਼ਾਮਲ ਸੀ। ਜਦੋਂ ਮੈਜਿਸਟਰੇਟ ਨੇ ਉਸ ਨੂੰ ਜਥੇ ਦੇ ਦੂਜੇ ਮੈਂਬਰਾਂ ਵਾਂਗ ਤਿੰਨ ਮਹੀਨੇ ਕੈਦ ਦੀ ਸਜ਼ਾ ਸੁਣਾਈ ਤਾਂ ਉਸ ਨੇ ਖੁਸ਼ੀ ਵਿਚ ਜੈਕਾਰਾ ਛੱਡ ਦਿੱਤਾ। ਜੈਕਾਰਾ ਸੁਣ ਕੇ ਮੈਜਿਸਟਰੇਟ ਨੂੰ ਗੁੱਸਾ ਚੜ੍ਹ ਗਿਆ ਅਤੇ ਉਸ ਨੇ ਸ਼ਾਮ ਸਿੰਘ ਦੀ ਕੈਦ ਵਿਚ ਹੋਰ ਤਿੰਨ ਮਹੀਨੇ ਦਾ ਵਾਧਾ ਕਰ ਦਿੱਤਾ। ਕੈਦ ਵਧਾਏ ਜਾਣ ਬਾਰੇ ਜਾਣ ਕੇ ਸ਼ਾਮ ਸਿੰਘ ਨੇ ਫੇਰ ਜੈਕਾਰਾ ਗਜਾਇਆ, ਜਿਸ ਉੱਤੇ ਕ੍ਰੋਧ ਵਿਚ ਸੜ ਬਲ ਕੇ ਕੋਲੇ ਬਣੇ ਮੈਜਿਸਟ੍ਰੇਟ ਨੇ ਹੋਰ ਤਿੰਨ ਮਹੀਨੇ ਕੈਦ ਦੀ ਸਜ਼ਾ ਵਧਾ ਦਿੱਤੀ। ਚੜ੍ਹਦੀ ਕਲਾ ਦੇ ਪ੍ਰਤੀਕ ਬਣੇ ਸ਼ਾਮ ਸਿੰਘ ਨੇ ਨਿਰੰਤਰ ਜੈਕਾਰੇ ਬੁਲਾਉਣੇ ਸ਼ੁਰੂ ਕਰ ਦਿੱਤੇ। ਇਸ ਉੱਤੇ ਮੈਜਿਸਟ੍ਰੇਟ ਨੇ ਪੁਲਸ ਨੂੰ ਹੁਕਮ ਦੇ ਕੇ ਉਸ ਨੂੰ ਅਦਾਲਤ ਤੋਂ ਬਾਹਰ ਕਢਵਾ ਦਿੱਤਾ।

ਪਿਛਲੇ ਦਿਨ ਗ੍ਰਹਿ ਸਕੱਤਰ, ਹਿੰਦੁਸਤਾਨ ਸਰਕਾਰ ਨੇ ਲੈਜਿਸਲੇਟਿਵ ਅਸੈਂਬਲੀ ਵਿਚ ਗੁਰੂ ਕਾ ਬਾਗ ਦੇ ਮਾਮਲੇ ਬਾਰੇ ਬੋਲਦਿਆਂ ਕਿਹਾ ਸੀ ਕਿ "ਸਰਕਾਰ ਨੇ ਇਸ ਮਾਮਲੇ ਦੀਆਂ ਖਬਰਾਂ ਬਣਾਉਣ ਲਈ ਪੱਤਰਕਾਰਾਂ ਨੂੰ ਹਰ ਸਹੂਲਤ ਦਿੱਤੀ ਪਰ ਉਹ ਆਪਣੇ ਅਖਬਾਰਾਂ ਵਿਚ ਵਧਾ ਚੜ੍ਹਾ ਕੇ ਵੇਰਵੇ ਛਾਪਦੇ ਰਹੇ। ਪੱਤਰਕਾਰ ਭਾਈਚਾਰੇ ਨੇ ਇਸ ਬਿਆਨ ਦਾ ਖੰਡਨ ਕੀਤਾ।" ਪੰਜਾਬ ਅਖਬਾਰਾਤ ਐਂਡ ਪ੍ਰੈੱਸ ਕੰਪਨੀ, ਲਾਹੌਰ ਵੱਲੋਂ 'ਬੰਦੇ ਮਾਤ੍ਰਿਮ' ਦੇ ਜਾਇੰਟ ਐਡੀਟਰ ਜੀ.ਸੀ. ਰਾਮਪਾਲ ਦੇ ਦਸਤਖਤਾਂ ਹੇਠ ਸਥਿਤੀ ਦੀ ਸਹੀ ਜਾਣਕਾਰੀ ਦਿੰਦੇ ਬਿਆਨ ਦਾ ਇਕ ਉਤਾਰਾ ਗ੍ਰਹਿ ਸਕੱਤਰ, ਹਿੰਦੁਸਤਾਨ ਸਰਕਾਰ ਨੂੰ ਭੇਜਦਿਆਂ ਆਮੁੱਖ ਪੱਤਰ ਵਿਚ ਲਿਖਿਆ ਗਿਆ ਕਿ "ਪੱਤਰਕਾਰਾਂ ਵੱਲ ਪੁਲਸ ਦਾ ਰਵਈਆ ਬਹੁਤ ਹੀ ਉਕਸਾਊ, ਸ਼ਰਮਨਾਕ ਅਤੇ ਗੈਰਮਨੁੱਖੀ ਸੀ। ਉਹਨਾਂ ਹਰ ਸੰਭਵ ਤਰੀਕੇ ਨਾਲ ਸਾਡੀ ਬੇਇੱਜ਼ਤੀ ਕੀਤੀ। ਸਾਡੇ ਵਿਚੋਂ ਕੁੱਝ ਤਾਂ ਮਾਰ-ਕੁੱਟ ਦਾ ਸ਼ਿਕਾਰ ਵੀ ਹੋਏ।"

ਇਹ ਬਿਆਨ ਦੇਸ਼ ਭਰ ਦੇ ਅਖਬਾਰਾਂ ਨੂੰ ਭੇਜਿਆ ਗਿਆ।

### 3 ਅਕਤੂਬਰ (15 ਅੱਸੂ, ਮੰਗਲਵਾਰ):
### ਗ੍ਰਿਫਤਾਰੀਆਂ ਦੀ ਗਿਣਤੀ ਹਜ਼ਾਰ ਨੂੰ ਢੁੱਕੀ

ਪਹਿਲੇ ਦਿਨਾਂ ਵਾਂਗ ਅੱਜ ਵੀ ਗੁਰੂ ਕਾ ਬਾਗ ਵਿਖੇ 80 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ, ਇਸ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 977 ਹੋ ਗਈ। ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 33 ਮੈਂਬਰ ਗ੍ਰਿਫਤਾਰ ਹੋ ਚੁੱਕੇ ਸਨ।

ਗੁਰੂ ਕਾ ਬਾਗ ਦੇ ਮੋਰਚੇ ਨਾਲ ਨਿਪਟਣ ਬਾਰੇ ਦਾਅ-ਪੇਚ ਤੈਅ ਕਰਨ ਅਥਵਾ ਨੀਤੀ-ਨਿਰਧਾਰਨ ਲਈ ਸਰਕਾਰੀ ਪੱਧਰ ਉੱਤੇ ਇੱਕ ਉਚ-ਪੱਧਰੀ ਮੀਟਿੰਗ ਸ਼ਿਮਲੇ ਵਿਚ ਹੋਈ ਜਿਸ ਵਿਚ ਵਾਇਸਰਾਇ ਲਾਰਡ ਰੀਡਿੰਗ, ਮਿਸਟਰ ਵਿਨਸੰਟ-ਹੋਮ ਮੈਂਬਰ, ਸਰ ਮੈਲਕਮ ਹੇਲੀ ਵਿੱਤ ਮੈਂਬਰ, ਡਾ: ਤੇਜ ਬਹਾਦਰ ਸਪਰੂ ਕਾਨੂੰਨ ਮੈਂਬਰ, ਸਰ ਐਡਵਰਡ ਮੈਕਲੇਗਨ,

ਗਵਰਨਰ ਪੰਜਾਬ, ਸਰ ਜੌਹਨ ਮੇਨਾਰਡ– ਵਿੱਤ ਮੈਂਬਰ, ਪੰਜਾਬ, ਸ੍ਰ: ਸੁੰਦਰ ਸਿੰਘ ਮਜੀਠੀਆ– ਮਾਲੀਆ ਮੈਂਬਰ, ਪੰਜਾਬ, ਮੀਆਂ ਫਜ਼ਲ ਹੁਸੈਨ, ਵਿਦਿਆ ਮੰਤ੍ਰੀ ਪੰਜਾਬ, ਲਾਲਾ ਹਰਕਿਸ਼ਨ ਲਾਲ, ਖੇਤੀਬਾੜੀ ਮੰਤਰੀ, ਪੰਜਾਬ ਅਤੇ ਮਿਸਟਰ ਐਚ. ਡੀ. ਕ੍ਰੇਕ ਚੀਫ ਸਕੱਤਰ, ਪੰਜਾਬ ਸ਼ਾਮਲ ਹੋਏ। ਵਿਚਾਰ ਵਟਾਂਦਰੇ ਉਪਰੰਤ ਸਥਿਤੀ ਦਾ ਸਾਰ ਗਵਰਨਰ ਨੇ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ :-

> "ਸਮਝੌਤੇ ਤੇ ਸਾਲਸੀ ਦੇ ਯਤਨ ਫੇਲ੍ਹ ਹੋ ਗਏ ਸਨ। ਅਕਾਲੀ ਪਾਰਟੀ ਸਮਝੌਤਾ ਕਰਨ ਲਈ ਰਜ਼ਾਮੰਦ ਹੈ ਪਰ ਆਪਣੀਆਂ ਸ਼ਰਤਾਂ ਉੱਤੇ, ਜਿਹੜੀਆਂ ਸਰਕਾਰ ਨੂੰ ਮਨਜ਼ੂਰ ਨਹੀਂ। ਮਹੰਤ ਸਮਝੌਤੇ ਦੇ ਸੁਝਾਅ ਦੀ ਲਗਾਤਾਰ ਵਿਰੋਧਤਾ ਕਰ ਰਿਹਾ ਹੈ ਅਤੇ ਗੌਰਮਿੰਟ ਮਹਿਸੂਸ ਕਰਦੀ ਹੈ ਕਿ ਉਸ ਨੂੰ ਸਮਝੌਤੇ ਲਈ ਮਜ਼ਬੂਰ ਕਰਾ ਦਰੁਸਤ ਨਹੀਂ। ਕਮਿਸ਼ਨਰ ਨੂੰ ਆਖਿਆ ਗਿਆ ਹੈ ਕਿ ਉਹ ਕਿਸੇ ਸਿੱਖ ਤੋਂ ਇਹ ਫੈਸਲਾ ਲੈਣ ਲਈ ਮੁਕੱਦਮਾ ਦਰਜ ਕਰਵਾਏ ਕਿ ਜਿਨ੍ਹਾਂ ਦੇ ਹੱਥ ਵਿਚ ਗੁਰਦੁਆਰਾ ਹੈ, ਉਹਨਾਂ ਨੂੰ ਲੱਕੜਾਂ ਕੱਟਣ ਦਾ ਹੱਕ ਹੈ।"

### 4 ਅਕਤੂਬਰ (19 ਅੱਸੂ, ਬੁੱਧਵਾਰ) :
### ਹੋਰ ਗ੍ਰਿਫਤਾਰੀਆਂ, ਕੁੱਲ ਗਿਣਤੀ 1057 ਹੋਈ

ਅੱਜ 80 ਹੋਰ ਅਕਾਲੀ ਵਲੰਟੀਅਰਾਂ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ, ਇਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 1057 ਬਣ ਗਈ। ਗ੍ਰਿਫਤਾਰ ਅਕਾਲੀਆਂ ਨੂੰ ਅੰਮ੍ਰਿਤਸਰ ਲੈ ਜਾਣ ਲਈ ਰਾਤ ਸਮੇਂ ਰਵਾਨਾ ਕੀਤਾ ਗਿਆ। ਕੂਚ ਕਰਨ ਸਮੇਂ ਅਕਾਲੀ ਸਿੰਘਾਂ ਨੇ ਜੈਕਾਰੇ ਛੱਡੇ ਜਿਨ੍ਹਾਂ ਨੂੰ ਸੁਣ ਕੇ ਪੁਲਸ ਅਫਸਰ ਤੜਫ ਉਠੇ। ਖੁਣਸ ਕਾਰਨ ਪੁਲਸ ਵਾਲੇ ਸਾਰੇ ਰਾਹ ਅਕਾਲੀ ਕੈਦੀਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹੇ।

### 5 ਅਕਤੂਬਰ (20 ਅੱਸੂ, ਪੂਰਨਮਾਸ਼ੀ, ਵੀਰਵਾਰ) :
### ਗ੍ਰਿਫਤਾਰੀਆਂ ਦੀ ਗਿਣਤੀ 1137; ਸੁਆਮੀ ਸ਼ਰਧਾ ਨੰਦ ਨੂੰ ਕੈਦ

ਇਸ ਦਿਨ ਹੋਰ 80 ਅਕਾਲੀ ਗ੍ਰਿਫਤਾਰ ਹੋਏ ਅਤੇ ਇਉਂ ਗ੍ਰਿਫਤਾਰ ਸਿੰਘਾਂ ਦੀ ਕੁੱਲ ਗਿਣਤੀ 1137 ਹੋ ਗਈ।

'ਤਾਜ ਬਨਾਮ ਮੁਨਸ਼ੀ ਰਾਮ ਉਰਫ ਸ਼ਰਧਾਨੰਦ' ਮੁਕੱਦਮੇ ਵਿੱਚ ਸੁਆਮੀ ਸ਼ਰਧਾਨੰਦ ਜੀ ਨੂੰ ਹਿੰਦ ਦੰਡਾਵਲੀ ਦੀ ਧਾਰਾ 117 ਅਧੀਨ ਇਕ ਸਾਲ ਤੇ ਧਾਰਾ 143 ਅਧੀਨ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ। ਦੋਵੇਂ ਸਜ਼ਾਵਾਂ ਨਾਲੋਂ ਨਾਲ ਸ਼ੁਰੂ ਹੋਣ ਦਾ ਫੈਸਲਾ ਸੁਣਾਉਂਦਿਆਂ ਜੱਜ ਨੇ ਕਿਹਾ ਕਿ ਮੁਜਰਮ ਵੱਲੋਂ ਆਪਣੇ ਬਚਾ ਲਈ ਗਵਾਹੀ ਨਾ ਦੇਣ ਅਤੇ

ਉਸ ਦੀ 60 ਸਾਲ ਦੀ ਵਡੇਰੀ ਉਮਰ ਦੇਖਦਿਆਂ ਉਸ ਨੂੰ ਸਾਧਾਰਨ ਕੈਦ ਦੀ ਸਜ਼ਾ ਦਿੱਤੀ ਗਈ।

ਸੁਆਮੀ ਸ਼ਰਧਾ ਨੰਦ ਨੇ ਪੱਤਰਕਾਰਾਂ ਨੂੰ ਦਿੱਤੇ ਬਿਆਨ ਰਾਹੀਂ ਅਕਾਲੀ ਸਤਿਆਗ੍ਰਹੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਹਿੰਦੂ-ਸਮਾਜ ਨੂੰ ਇਸ ਤੱਥ ਤੋਂ ਜਾਣੂੰ ਕਰਵਾਇਆ ਕਿ "ਆਪਣੇ ਅਕਾਲੀ ਵੀਰਾਂ ਦੁਆਰਾ ਸਵੈ-ਕੁਰਬਾਨੀ, ਦ੍ਰਿੜਤਾ ਅਤੇ ਧਾਰਮਿਕ ਉਤਸ਼ਾਹ ਦੀ ਵਿਖਾਈ ਗਈ ਉਤਮ ਮਿਸਾਲ ਦੀ ਪੈਰਵੀ ਕੀਤੇ ਬਿਨਾਂ ਹਿੰਦੂ ਧਰਮ ਦੀ ਪੁਨਰ-ਸੁਰਜੀਤੀ ਸੰਭਵ ਨਹੀਂ।"

(ਮੋਰਚੇ ਦੀ ਸਮਾਪਤੀ ਤੋਂ ਲਗਪਗ ਇਕ ਮਹੀਨਾ ਪਿੱਛੋਂ ਮਿਤੀ 26 ਦਸੰਬਰ, 1922 ਨੂੰ ਸੁਆਮੀ ਜੀ ਨੂੰ ਮੀਆਂ ਵਾਲੀ ਜੇਲ ਤੋਂ ਰਿਹਾ ਕੀਤਾ ਗਿਆ ਜਿਥੋਂ ਰੇਲ ਦੁਆਰਾ 28 ਦਸੰਬਰ ਨੂੰ ਅੰਮ੍ਰਿਤਸਰ ਪੁੱਜਣ ਸਮੇਂ ਰੇਲਵੇ ਸਟੇਸ਼ਨ ਉੱਤੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਉਪਰੰਤ ਸੁਆਮੀ ਜੀ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਗਏ ਜਿਥੇ ਉਹਨਾਂ ਨੂੰ ਸਿਰੋਪਾ ਭੇਟ ਕੀਤਾ ਗਿਆ। ਏਸੇ ਦਿਨ ਉਹ ਗਯਾ (ਬਿਹਾਰ) ਵਿਖੇ ਹੋਣ ਵਾਲੇ ਕਾਂਗਰਸੀ ਸੈਸ਼ਨ ਵਿਚ ਭਾਗ ਲੈਣ ਲਈ 'ਕਲਕੱਤਾ ਮੇਲ' ਦੁਆਰਾ ਰਵਾਨਾ ਹੋ ਗਏ।)

## 6 ਅਕਤੂਬਰ (21 ਅੱਸੂ, ਸ਼ੁਕਰਵਾਰ) :
## ਗ੍ਰਿਫਤਾਰੀਆਂ ਵਧ ਕੇ 1217 ਹੋਈਆਂ

ਹਰ ਰੋਜ਼ ਵਾਂਗ ਅੱਜ ਵੀ 80 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ। ਇਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ ਵਧ ਕੇ 1217 ਹੋ ਗਈ।

ਪ੍ਰੋ. ਰੁਚੀ ਰਾਮ ਸਾਹਨੀ ਵੱਲੋਂ ਪੰਜਾਬ ਸਰਕਾਰ ਨੂੰ ਕਾਂਗਰਸ ਦੀ ਪੜਤਾਲੀਆ ਕਮੇਟੀ ਨੂੰ ਪੜਤਾਲ ਦੁਆਰਾ ਸਹੀ ਨਤੀਜੇ ਉੱਤੇ ਪੁੱਜਣ ਵਿੱਚ ਸਹਾਇਤਾ ਦੇਣ ਲਈ ਆਪਣਾ ਕੋਈ ਨੁਮਾਇੰਦਾ ਪੜਤਾਲ ਵਿਚ ਸ਼ਾਮਲ ਹੋਣ ਲਈ ਭੇਜਣ ਬਾਰੇ ਲਿਖੇ ਪੱਤਰ ਦੇ ਉੱਤਰ ਵਿੱਚ ਸਰਕਾਰ ਨੇ ਸੂਚਨਾ ਦਿੱਤੀ ਕਿ ਸਰਕਾਰ ਅਜਿਹਾ ਕਰਨ ਦਾ ਇਰਾਦਾ ਨਹੀਂ ਰੱਖਦੀ।

## 7 ਅਕਤੂਬਰ (22 ਅੱਸੂ, ਸ਼ਨਿਵਾਰ) :
## ਗ੍ਰਿਫਤਾਰੀਆਂ ਦੀ ਗਿਣਤੀ 1297 ਹੋਈ

ਇਸ ਦਿਨ ਹੋਰ 80 ਅਕਾਲੀਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਜਿਸ ਨਾਲ ਗ੍ਰਿਫਤਾਰ ਅਕਾਲੀਆਂ ਦੀ ਗਿਣਤੀ 1297 ਹੋ ਗਈ। ਅੱਜ ਗ੍ਰਿਫਤਾਰ ਹੋਣ ਵਾਲਿਆਂ ਵਿੱਚ ਛੇ ਅਕਾਲੀ ਇਕੋ ਹੀ ਪਿੰਡ ਛਿੱਡਣ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ।

### 8 ਅਕਤੂਬਰ (23 ਅੱਸੂ, ਐਤਵਾਰ) :
### ਅਰਦਾਸ ਕਰ ਰਹੇ ਜਥੇਦਾਰ ਨੂੰ ਪੁਲਸ ਦੀ ਕੁੱਟ

ਇਸ ਦਿਨ ਗੜਗਜ ਅਕਾਲੀ ਜਥੇ ਦੇ 80 ਵਲੰਟੀਅਰਾਂ ਨੇ ਜਥੇਦਾਰ ਭਾਈ ਨਰੈਣ ਸਿੰਘ ਦੀ ਅਗਵਾਈ ਹੇਠ ਗ੍ਰਿਫਤਾਰੀ ਦਿੱਤੀ, ਇਸ ਨਾਲ ਗ੍ਰਿਫਤਾਰੀਆਂ ਦੀ ਗਿਣਤੀ ਵੱਧ ਕੇ 1377 ਹੋ ਗਈ।

ਜਦੋਂ ਗ੍ਰਿਫਤਾਰ ਜਥੇ ਨੂੰ ਅੰਮ੍ਰਿਤਸਰ ਲਈ ਤੁਰਨ ਦਾ ਹੁਕਮ ਹੋਇਆ ਤਾਂ ਜਥੇਦਾਰ ਨਰੈਣ ਸਿੰਘ ਨੇ ਰਵਾਨਗੀ ਤੋਂ ਪਹਿਲਾਂ ਅਰਦਾਸ ਕਰਨੀ ਸ਼ੁਰੂ ਕੀਤੀ। ਸਾਰਾ ਜਥਾ ਖੜ੍ਹਾ ਹੋ ਕੇ ਅਰਦਾਸ ਵਿਚ ਸ਼ਾਮਲ ਸੀ ਕਿ ਇਕ ਪੁਲਸ ਅਫਸਰ ਨੇ ਗੁੱਸੇ ਵਿਚ ਆ ਕੇ ਭਾਈ ਨਰੈਣ ਸਿੰਘ ਦੇ ਮੂੰਹ ਉੱਤੇ ਹੱਥ ਰੱਖ ਕੇ ਉਸ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਜਥੇਦਾਰ ਨੇ ਅਰਦਾਸ ਕਰਨੀ ਜਾਰੀ ਰੱਖੀ। ਇਸ ਉੱਤੇ ਪੁਲਸ ਅਫਸਰ ਨੇ ਪਹਿਲਾਂ ਭਾਈ ਨਰੈਣ ਸਿੰਘ ਦੇ ਗੁਪਤ ਅੰਗ ਉੱਤੇ ਠੁੱਡੇ ਮਾਰੇ ਅਤੇ ਫਿਰ ਉਸ ਨੂੰ ਬੈਂਤਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਸਾਰੇ ਅਕਾਲੀਆਂ ਨੇ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ। ਚਿੜ੍ਹ ਵਿਚ ਆਏ ਪੁਲਸੀਆਂ ਨੇ ਤਿੰਨ ਚਾਰ ਆਗੂਆਂ ਨੂੰ ਪਾਸੇ ਕੱਢ ਕੇ ਬੇਰਹਿਮੀ ਨਾਲ ਕੁੱਟਿਆ। ਜਦੋਂ ਜਥਾ ਅੰਮ੍ਰਿਤਸਰ ਨੂੰ ਲੈ ਜਾਇਆ ਜਾ ਰਿਹਾ ਸੀ ਤਾਂ ਅਕਾਲੀ ਸਿੰਘ ਰਲ ਕੇ ਸ਼ਬਦ ਪੜ੍ਹਨ ਲੱਗ ਪਏ। ਜਥੇ ਨਾਲ ਜਾ ਰਹੇ ਪੁਲਸੀਆਂ ਨੇ ਇਸ ਨੂੰ ਚੰਗਾ ਨਾ ਸਮਝਿਆ, ਜਿਸ ਕਾਰਨ ਉਹ ਸਾਰੇ ਰਾਹ ਅਕਾਲੀਆਂ ਨੂੰ ਅਬਾ ਤਬਾ ਬੋਲਦੇ, ਗਾਲ੍ਹਾਂ ਕੱਢਦੇ ਅਤੇ ਮਾਰ ਕੁੱਟ ਕਰਦੇ ਗਏ।

ਕਾਂਗਰਸ ਪਾਰਟੀ ਦੀ ਗੁਰੂ ਕਾ ਬਾਗ ਪੜਤਾਲੀਆ ਕਮੇਟੀ ਨੇ ਅੱਜ ਅੰਮ੍ਰਿਤਸਰ ਦੀ ਥਾਂ ਲਾਹੌਰ ਵਿਖੇ ਪ੍ਰੋ. ਰੁਚੀ ਰਾਮ ਸਾਹਨੀ ਦੀ ਰਿਹਾਇਸ਼ ਉੱਤੇ ਸੁਣਵਾਈ ਕੀਤੀ, ਜਿਥੇ ਬਾਵਾ ਸਲਾਮਤ ਰਾਇ ਜਲੰਧਰ, ਵਕੀਲ ਹਾਈ ਕੋਰਟ, ਲਾਲਾ ਦੀਨਾ ਨਾਥ ਐਡੀਟਰ 'ਦੇਸ਼', ਮਿਰਜ਼ਾ ਯਾਕੂਬ ਬੇਗ ਲਾਹੌਰ, ਲਾਲਾ ਮੱਖਣ ਲਾਲ ਸਰਕਾਰੀ ਠੇਕੇਦਾਰ ਲਾਹੌਰ, ਸ੍ਰ. ਅਮਰ ਸਿੰਘ ਐਡੀਟਰ 'ਲਾਇਲ ਗਜ਼ਟ' ਲਾਹੌਰ, ਰਾਇ ਬਹਾਦਰ ਰਾਜਾ ਨਰਿੰਦਰ ਨਾਥ, ਪ੍ਰਧਾਨ ਪੰਜਾਬ ਹਿੰਦੂ ਸਭਾ, ਲਾਹੌਰ, ਡਾਕਟਰ ਨੰਦ ਲਾਲ, ਲਾਹੌਰ, ਪੰਡਤ ਸੰਤ ਰਾਮ ਲਾਹੌਰ ਆਦਿ ਨੇ ਕਮੇਟੀ ਸਾਹਮਣੇ ਪੇਸ਼ ਹੋ ਕੇ ਗਵਾਹੀ ਦਿੱਤੀ।

### 9 ਅਕਤੂਬਰ (24 ਅੱਸੂ, ਸੋਮਵਾਰ) :
### ਹੋਰ 80 ਗ੍ਰਿਫਤਾਰੀਆਂ ਨਾਲ ਕੁੱਲ ਗਿਣਤੀ 1457 ਹੋਈ

ਇਸ ਦਿਨ 80 ਹੋਰ ਅਕਾਲੀ ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ, ਜਿਸ ਨਾਲ ਗ੍ਰਿਫਤਾਰੀਆਂ ਦੀ ਗਿਣਤੀ 1457 ਹੋ ਗਈ।

ਪਿਛਲੇ ਦਿਨੀਂ ਸਰਕਾਰ ਨੇ ਬਿਆਨ ਦਿੱਤਾ ਸੀ ਕਿ ਸ਼੍ਰੋਮਣੀ ਕਮੇਟੀ ਨੂੰ ਗ੍ਰਿਫਤਾਰੀਆਂ ਦੇਣ ਲਈ ਵਲੰਟੀਅਰ ਲੱਭਣ ਵਿੱਚ ਮੁਸ਼ਕਲ ਆ ਰਹੀ ਹੈ, ਇਸ ਲਈ ਸ਼੍ਰੋਮਣੀ ਕਮੇਟੀ ਨੇ

ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਕਿ ਸਰਕਾਰ ਦੇ ਬਿਆਨ ਨੂੰ ਝੂਠਾ ਸਿੱਧ ਕਰਨ ਲਈ ਹੁੰਮ ਹੁੰਮਾ ਕੇ ਗ੍ਰਿਫਤਾਰੀਆਂ ਲਈ ਪਹੁੰਚੋ।

ਕਾਂਗਰਸ ਪੜਤਾਲੀਆ ਕਮੇਟੀ ਸਾਹਮਣੇ ਗਵਾਹੀ ਦੇਣ ਲਈ ਅੱਜ ਮੁੱਖ ਤੌਰ ਉੱਤੇ ਅਖਬਾਰੀ ਪ੍ਰਤੀਨਿੱਧ ਪਹੁੰਚੇ, ਜਿਨ੍ਹਾਂ ਵਿੱਚ ਸ੍ਰੀ ਅਨੰਦ ਨਰਾਇਣ ਸੇਵਕ, ਬੀ.ਏ.ਐਲ.ਐਲ.ਬੀ., ਸਹਾਇਕ ਸੰਪਾਦਕ, 'ਟ੍ਰਿਬਿਊਨ', ਮਹਾਸ਼ਾ ਕ੍ਰਿਸ਼ਨ ਅਤੇ ਮਹਾਸ਼ਾ ਅਰਜਨ ਦੇਵ 'ਪ੍ਰਤਾਪ' ਅਖਬਾਰ ਦੇ ਕ੍ਰਮਵਾਰ ਐਡੀਟਰ ਅਤੇ ਮੈਨੇਜਰ, ਮੁਹੰਮਦ ਸੁਫੈਤ – ਉਲਾ ਮੈਨੇਜਰ 'ਜ਼ਿਮੀਂਦਾਰ' ਅਤੇ ਪੰਡਤ ਮੇਲਾ ਰਾਮ ਵਫਾ ਐਡੀਟਰ 'ਬੰਦੇ ਮਾਤ੍ਰਮ' ਪ੍ਰਮੁੱਖ ਸਨ। ਇਹਨਾਂ ਤੋਂ ਬਿਨਾਂ ਪੰਡਤ ਕੇ. ਸੰਨਤਾਨਮ ਬੀ.ਏ. ਬਾਰ ਐਟ ਲਾ ਜਨਰਲ ਸਕੱਤਰ ਪੰਜਾਬ ਪ੍ਰਾਵਿੰਸ਼ਲ ਕਾਂਗਰਸ ਕਮੇਟੀ ਨੇ ਵੀ ਆਪਣੀ ਗਵਾਹੀ ਦਿੱਤੀ।

ਪਿਛਲੇ ਦਿਨੀਂ ਗ੍ਰਿਫਤਾਰ 160 ਅਕਾਲੀਆਂ ਨੂੰ ਸਾਧੂ ਸਿੰਘ, ਅਨਰੇਰੀ ਮੈਜਿਸਟ੍ਰੇਟ, ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਸਰਕਾਰੀ ਪੱਖ ਸੁਣਨ ਪਿਛੋਂ ਜੱਜ ਨੇ ਮੁਲਜ਼ਮਾਂ ਨੂੰ ਪੁੱਛਿਆ ਕਿ ਕੀ ਉਹ ਆਪਣੇ ਬਚਾ ਵਿੱਚ ਕੁੱਝ ਕਹਿਣਾ ਚਾਹੁੰਦੇ ਹਨ? ਸਾਰਿਆਂ ਨੇ ਕੋਈ ਬਿਆਨ ਦੇਣ ਤੋਂ ਪਹਿਲਾ ਸਰਕਾਰੀ ਗਵਾਹਾਂ ਦੇ ਬਿਆਨਾਂ ਦੀ ਨਕਲ ਮੰਗੀ। ਜੱਜ ਨੇ ਅਜਿਹਾ ਕਰਨ ਤੋਂ ਇਨਕਾਰ ਕਰਦਿਆਂ ਉਹਨਾਂ ਨੂੰ ਸਜ਼ਾ ਸੁਣਾ ਦਿੱਤੀ।

## 10 ਅਕਤੂਬਰ (25 ਅੱਸੂ, ਮੰਗਲਵਾਰ) :

## ਦੈਨਿਕ ਗ੍ਰਿਫਤਾਰੀਆਂ ਦੀ ਗਿਣਤੀ ਵਧੀ, ਕੁੱਲ ਗ੍ਰਿਫਤਾਰੀਆਂ 1557

ਸਰਕਾਰੀ ਦਮਗੱਜਿਆਂ ਦਾ ਪਾਜ ਖੋਲ੍ਹਣ ਲਈ ਸ਼੍ਰੋਮਣੀ ਕਮੇਟੀ ਨੇ ਹਰ ਰੋਜ਼ ਗ੍ਰਿਫਤਾਰੀ ਲਈ ਜਾਣ ਵਾਲੇ ਜਥੇ ਵਿੱਚ ਵਲੰਟੀਅਰਾਂ ਦੀ ਗਿਣਤੀ 80 ਤੋਂ ਵਧਾ ਕੇ 100 ਕਰ ਦਿੱਤੀ। ਅੱਜ 100 ਸਿੰਘਾਂ ਦਾ ਜਥਾ ਭਾਈ ਸੋਭਾ ਸਿੰਘ ਦੀ ਜਥੇਦਾਰੀ ਹੇਠ ਗ੍ਰਿਫਤਾਰ ਹੋਇਆ। ਇਸ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ ਵਧ ਕੇ 1557 ਹੋ ਗਈ।

ਗ੍ਰਿਫਤਾਰ ਅਕਾਲੀਆਂ ਨੂੰ ਮੌਕੇ ਉੱਤੇ ਹੀ ਮੁਨਸ਼ੀ ਮੁਹੰਮਦ ਸਯਦ, ਐਕਸਟਰਾ ਅਸਿਸਟੈਂਟ ਕਮਿਸ਼ਨਰ, ਫਸਟ ਕਲਾਸ ਨੇ ਸਜ਼ਾ ਸੁਣਾਈ।

ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਟੌਲਿਨਟਨ ਨੇ ਅਕਾਲੀ ਮੋਰਚੇ ਦੀ ਸਮਾਪਤੀ ਲਈ ਕੋਈ ਢੰਗ ਤਰੀਕਾ ਲੱਭਣ ਲਈ ਅਕਾਲੀ ਮੁਖੀਆਂ ਨਾਲ ਇੱਕ ਮੀਟਿੰਗ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਕੀਤੀ ਪਰ ਇਹ ਮੀਟਿੰਗ ਬੇਨਤੀਜਾ ਰਹੀ।

ਖਾਲਸਾ ਕਾਲਜ ਸਟਾਫ ਐਸੋਸੀਏਸ਼ਨ ਨੇ ਅੱਜ ਇਹ ਮਤਾ ਪਾਸ ਕੀਤਾ "ਖਾਲਸਾ ਕਾਲਜ ਅਤੇ ਸਟਾਫ ਅਤੇ ਸਕੂਲ ਸਟਾਫ ਅਕਾਲੀਆਂ ਵੱਲੋਂ. ਗੁਰੂ ਕਾ ਬਾਗ ਮਾਮਲੇ ਵਿੱਚ ਕੀਤੀ ਕੁਰਬਾਨੀ ਨੂੰ ਨਿਰੋਲ ਧਾਰਮਿਕ ਕਾਜ਼ ਦੀ ਪ੍ਰਾਪਤੀ ਲਈ ਕੀਤੀ ਕੁਰਬਾਨੀ ਸਮਝਦਾ ਹੈ ਅਤੇ ਉਹਨਾਂ ਦੇ ਅਹਿੰਸਕ ਵਤੀਰੇ ਦੀ ਸ਼ਲਾਘਾ ਕਰਦਿਆਂ ਦਿਲੋਂ ਮਨੋ ਉਹਨਾਂ ਨਾਲ ਹਮਦਰਦੀ ਪ੍ਰਗਟਾਉਂਦਾ ਹੈ।"

### 11 ਅਕਤੂਬਰ (26 ਅੱਸੂ, ਬੁੱਧਵਾਰ) :
### ਇਕੋ ਜਥੇ ਨੂੰ ਦੋ ਵਾਰ ਸਜ਼ਾ, ਕੁੱਲ ਗ੍ਰਿਫਤਾਰੀਆਂ 1657

ਅੱਜ ਭਾਈ ਨਾਰੰਗ ਸਿੰਘ ਦੀ ਜਥੇਦਾਰੀ ਹੇਠ 100 ਅਕਾਲੀ ਵਲੰਟੀਅਰਾਂ ਦੀ ਗ੍ਰਿਫਤਾਰੀ ਨਾਲ ਗ੍ਰਿਫਤਾਰੀਆਂ ਦੀ ਗਿਣਤੀ 1657 ਹੋ ਗਈ।

ਕੱਲ੍ਹ ਗ੍ਰਿਫਤਾਰ ਕੀਤੇ ਸਜ਼ਾ-ਯਾਫਤਾ ਕੈਦਿਆਂ ਨੂੰ ਅੰਮ੍ਰਿਤਸਰ ਜੇਲ੍ਹ ਵਿੱਚ ਰੱਖਣ ਲਈ ਰਵਾਨਾ ਕੀਤਾ ਗਿਆ ਪਰ ਇਸ ਜਥੇ ਨਾਲ ਜਾਣ ਵਾਲੀ ਪੁਲਸ ਟੁਕੜੀ ਨੂੰ ਗਲਤੀ ਨਾਲ ਅੱਜ ਗ੍ਰਿਫਤਾਰ ਕੀਤੇ ਅਕਾਲੀਆਂ ਦੇ ਨਾਵਾਂ ਦੀ ਸੂਚੀ ਦੇ ਦਿੱਤੀ ਗਈ। ਇਸ ਲਈ ਪੁਲਸ ਕਰਮੀਆਂ ਨੇ ਵੀ ਇਸ ਜਥੇ ਨੂੰ ਜੇਲ੍ਹ ਲੈ ਜਾਣ ਦੀ ਥਾਂ ਸ੍ਰ. ਸਾਧੂ ਸਿੰਘ ਆਨਰੇਰੀ ਮੈਜਿਸਟਰੇਟ ਦੀ ਅਦਾਲਤ ਵਿੱਚ ਜਾ ਪੇਸ਼ ਕੀਤਾ। ਜਥੇ ਦੇ ਖਿਲਾਫ ਸੱਚ ਬੋਲਣ ਦੀ ਸਹੁੰ ਖਾ ਕੇ ਗਵਾਹ ਵੀ ਭੁਗਤੇ। ਜਦੋਂ ਮੈਜਿਸਟਰੇਟ ਨੇ ਦੋਸ਼ੀਆਂ ਦੇ ਨਾਉਂ ਬੋਲੇ ਤਾਂ ਕਿਸੇ ਨੇ ਵੀ ਹੁੰਗਾਰਾ ਨਾ ਭਰਿਆ ਕਿਉਂਕਿ ਉਹਨਾਂ ਦੇ ਨਾਉਂ ਨਹੀਂ ਸਨ ਬੋਲੇ ਗਏ। ਜੱਜ ਨੇ ਇਹ ਅਨੁਮਾਨ ਲਾ ਕੇ ਕਿ ਅਕਾਲੀ ਵਲੰਟੀਅਰ ਅਦਾਲਤ ਨੂੰ ਭੰਬਲਭੂਸੇ ਵਿਚ ਪਾਉਣ ਦੀ ਖਾਤਰ ਆਪਣੀ ਸ਼ਨਾਖਤ ਨਹੀਂ ਦੱਸ ਰਹੇ, ਜਥੇ ਵਿਚ ਸ਼ਾਮਲ ਵੱਡੀ ਉਮਰ ਵਾਲਿਆਂ ਨੂੰ ਅਦਾਲਤੀ ਕਾਰਵਾਈ ਤੱਕ ਦੀ ਕੈਦ, ਅਠਾਰਾਂ ਵੀਹ ਸਾਲਾਂ ਦੀ ਉਮਰ ਵਾਲਿਆਂ ਨੂੰ ਇੱਕ ਹਫਤੇ ਦੀ ਸਾਧਾਰਨ ਕੈਦ ਅਤੇ ਬਾਕੀਆਂ ਨੂੰ ਏਨੇ ਸਮੇਂ ਲਈ ਹੀ ਕੈਦ ਬਾਮੁਸ਼ਕਤ ਸੁਣਾਈ। ਸਜ਼ਾ ਸੁਣ ਕੇ ਅਕਾਲੀ ਸਿੰਘਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹਨਾਂ ਆਪਣੇ ਆਪ ਨੂੰ ਵਡਭਾਗੇ ਆਖਿਆ ਕਿਉਂ ਜੋ ਇਕ ਵਾਰੀ ਗ੍ਰਿਫਤਾਰੀ ਦੇ ਕੇ ਦੋ ਵਾਰ ਸਜ਼ਾ ਹੋਣ ਨਾਲ ਉਹਨਾਂ ਗੁਰੂ ਦੀ ਸੇਵਾ ਦਾ ਦੋਹਰਾ ਗੱਫਾ ਪ੍ਰਾਪਤ ਕਰ ਲਿਆ ਸੀ।

ਕਾਂਗਰਸ ਪੜਤਾਲੀਆ ਕਮੇਟੀ ਨੇ 10 ਦਿਨ ਦੀ ਸੁਣਵਾਈ ਦੌਰਾਨ 110 ਗਵਾਹੀਆਂ ਲਈਆਂ। ਕੰਮ ਦੀ ਬਹੁਲਤਾ ਦੇਖਦਿਆਂ ਕਮੇਟੀ ਦੇ ਮੈਂਬਰਾਂ ਨੇ ਦੋ ਟੋਲੀਆਂ ਵਿੱਚ ਵੰਡ ਕੇ ਕੰਮ ਕਰਨ ਦਾ ਫੈਸਲਾ ਕੀਤਾ। ਇਸ ਅਨੁਸਾਰ ਇਸ ਦਿਨ ਤੋਂ ਮੁਹੰਮਦ ਤੱਕੀ ਅਤੇ ਐਸ.ਈ. ਸਟੋਕਸ ਨੇ ਲਾਹੌਰ ਬੈਠ ਕੇ ਗਵਾਹੀਆਂ ਦਰਜ ਕਰਨੀਆਂ ਜਾਰੀ ਰੱਖੀਆਂ ਜਦੋਂ ਕਿ ਬਾਕੀ ਮੈਂਬਰਾਂ ਨੇ ਇਹ ਕੰਮ ਅੰਮ੍ਰਿਤਸਰ ਵਿਖੇ ਕਰਨਾ ਸ਼ੁਰੂ ਕੀਤਾ।

### 12 ਅਕਤੂਬਰ (27 ਅੱਸੂ, ਵੀਰਵਾਰ) : ਕੁੱਲ ਗ੍ਰਿਫਤਾਰੀਆਂ 1757

ਅੱਜ ਗੁਰੂ ਕਾ ਬਾਗ ਵਿਖੇ 100 ਹੋਰ ਅਕਾਲੀ ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ। ਇਸ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 1757 ਹੋ ਗਈ।

ਅੱਜ ਗੁਰਦੁਆਰਾ ਗੁਰੂ ਅਰਜਨ ਦੇਵ ਜੀ, ਗੁਰੂ ਕਾ ਬਾਗ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਖੰਡ ਪਾਠ ਆਰੰਭ ਹੋਇਆ।

ਗੁਰੂ ਕਾ ਬਾਗ ਦੇ ਮੋਰਚੇ ਬਾਰੇ ਟ੍ਰਿਬਿਊਨ ਨੇ ਆਪਣੇ ਇੱਕ ਸੰਪਾਦਕੀ ਨੋਟ ਵਿੱਚ ਲਿਖਿਆ

"ਪੰਦਰਾਂ ਸੌ ਤੋਂ ਵੱਧ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ। ਇਸ ਗੱਲ ਤੋਂ ਮੁਨਕਰ ਹੋਣਾ ਔਖਾ ਹੈ ਕਿ ਪਿਛਲੇ ਲਗਪਗ ਇਕ ਸਾਲ ਤੋਂ ਸਰਕਾਰ ਵੱਲੋਂ ਅਕਾਲੀ ਅੰਦੋਲਨ ਦੌਰਾਨ ਅਕਾਲੀਆਂ ਪ੍ਰਤੀ ਧਾਰਨ ਕੀਤੀ ਨੀਤੀ ਜਨਤਕ ਮਿਜਾਜ ਨੂੰ ਸੁਧਾਰਨ ਜਾਂ ਵਰਤਮਾਨ ਅਸ਼ਾਂਤੀ ਦੇ ਬੁਨਿਆਦੀ ਕਾਰਨਾਂ ਨੂੰ ਦੂਰ ਕਰਨ ਦੀ ਨਹੀਂ ਰਹੀ। ਇਹ ਅਤਿਅੰਤ ਬਦਕਿਸਮਤੀ ਦੀ ਗੱਲ ਹੈ ਕਿ ਦਬਾ ਦੀ ਨੀਤੀ ਨੂੰ ਬਦਲਣ ਜਾਂ ਸੁਧਾਰਨ ਦੀ ਥਾਂ ਸਰਕਾਰ ਨੇ ਇਸ ਨੂੰ ਗੁਰੂ ਕਾ ਬਾਗ ਵਿਖੇ ਇਕ ਵਾਰੀ ਫਿਰ ਅਜਮਾਉਣ ਦਾ ਰਾਹ ਚੁਣਿਆ ਹੈ।"

ਹੁਣ ਤੱਕ ਗ੍ਰਿਫਤਾਰ ਕੀਤੇ ਗਏ ਅਕਾਲੀਆਂ ਨੂੰ ਮੁੱਖ ਤੌਰ ਉੱਤੇ ਅੰਮ੍ਰਿਤਸਰ ਜੇਲ੍ਹ ਅਤੇ ਗੋਬਿੰਦਗੜ੍ਹ ਕਿਲ੍ਹੇ ਵਿਚ ਬਣਾਈ ਆਰਜ਼ੀ ਜੇਲ ਵਿੱਚ ਹੀ ਰੱਖਿਆ ਜਾ ਰਿਹਾ ਸੀ। ਪਰ ਇਹਨਾਂ ਜੇਲ੍ਹਾਂ ਵਿੱਚ ਏਨੇ ਕੈਦੀਆਂ ਨੂੰ ਸਮਾਅ ਸਕਣ ਦੀ ਸਮਰੱਥਾ ਨਾ ਹੋਣ ਕਾਰਨ 700 ਅਕਾਲੀ ਕੈਦੀ ਸ਼ਾਮ ਦੀ ਗੱਡੀ ਦੁਆਰਾ ਅਟਕ ਦੇ ਕਿਲੇ ਵਿਚ ਰੱਖੇ ਜਾਣ ਲਈ ਰਵਾਨਾ ਕੀਤੇ ਗਏ।

### 13 ਅਕਤੂਬਰ (28 ਅੱਸੂ, ਸ਼ੁਕਰਵਾਰ) :

### ਕੁੱਲ ਗ੍ਰਿਫਤਾਰੀਆਂ 1857, ਅਟਕ ਦੇ ਰਸਤੇ ਵਿੱਚ ਅਕਾਲੀ ਕੈਦੀਆਂ ਦਾ ਸੁਆਗਤ

ਹਰ ਰੋਜ਼ ਦੀ ਤਰ੍ਹਾਂ ਅੱਜ ਵੀ 100 ਹੋਰ ਅਕਾਲੀ ਵਲੰਟੀਅਰ ਗ੍ਰਿਫਤਾਰੀ ਲਈ ਆਏ ਅਤੇ ਇਉਂ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 1857 ਬਣ ਗਈ।

ਜਿਹਲਮ ਜ਼ਿਲ੍ਹਾ ਕਾਂਗਰਸ ਕਮੇਟੀ ਨੂੰ ਸੂਚਨਾ ਮਿਲੀ ਕਿ ਗੁਰੂ ਕਾ ਬਾਗ ਮੋਰਚੇ ਵਿਚ ਗ੍ਰਿਫਤਾਰ 700 ਅਕਾਲੀ ਕੈਦੀ ਰੇਲ ਗੱਡੀ ਦੁਆਰਾ ਅਟਕ ਕਿਲ੍ਹੇ ਨੂੰ ਲੈ ਜਾਏ ਜਾਂਦੇ ਸਵੇਰੇ ਸਾਢੇ ਛੇ ਵਜੇ ਜਿਹਲਮ ਪਹੁੰਚਣਗੇ। ਕਾਂਗਰਸ ਆਗੂਆਂ ਨੇ ਤੜਕੇ ਤੜਕੇ ਹੀ ਸ਼ਹਿਰ ਵਿੱਚ ਇਸ ਮਨੋਰਥ ਦਾ ਢੰਡੋਰਾ ਫੇਰ ਦਿੱਤਾ, ਜਿਸ ਨੂੰ ਸੁਣ ਕੇ ਬਹੁਤ ਸਾਰੇ ਲੋਕ ਰੇਲਵੇ ਸਟੇਸ਼ਨ ਉੱਤੇ ਇਕੱਤਰ ਹੋ ਗਏ। ਭੀੜ ਨੂੰ ਵੇਖ ਕੇ ਸਟੇਸ਼ਨ ਮਾਸਟਰ ਨੇ ਰੇਲ ਗੱਡੀ ਬਿਨਾਂ ਰੋਕੇ ਅੱਗੇ ਲੰਘਾਉਣ ਦੀ ਸੋਚੀ ਪਰ ਲਗਪਗ 50 ਸਿੱਖ ਰੇਲ ਦੀ ਲੀਹ ਉੱਤੇ ਬੈਠ ਗਏ ਜਿਸ ਕਾਰਨ ਸਟੇਸ਼ਨ ਮਾਸਟਰ ਨੂੰ ਗੱਡੀ ਰੋਕਣੀ ਪਈ। ਸਿਗਨਲ ਲਾਗੇ ਰੁਕੀ ਗੱਡੀ ਦੇ ਆਮ ਮੁਸਾਫਰਾਂ ਵਾਲੇ ਡੱਬਿਆਂ ਵਿੱਚ ਬੈਠੇ ਅਕਾਲੀਆਂ ਦੇ ਹੱਥਕੜੀਆਂ ਲਾਈਆਂ ਹੋਈਆਂ ਸਨ। ਸਿੱਖ ਸੰਗਤਾਂ ਨੇ ਸਾਰਿਆਂ ਨੂੰ ਜਲ-ਪਾਣੀ ਛਕਾਇਆ ਅਤੇ ਭੁੱਜੇ ਛੋਲੇ ਅਤੇ ਗੁੜ ਦਾ ਲੰਗਰ ਵਰਤਾਇਆ।

ਇਹੋ ਗੱਡੀ ਗੁਜਰਖਾਨ ਪਹੁੰਚਣੀ ਸੀ। ਉਥੇ ਵੀ ਸੂਚਨਾ ਮਿਲੀ ਤਾਂ ਸਿੰਘ ਸਭਾ, ਗੁੱਜਰਖਾਨ ਦੇ ਆਗੂ ਸਿੱਖ ਸੰਗਤਾਂ ਦੇ ਨਾਲ ਮਠਿਆਈ, ਫੁੱਲ, ਪ੍ਰਸ਼ਾਦੇ, ਦੁੱਧ ਆਦਿ ਲੈ ਕੇ ਰੇਲਵ ਸਟੇਸ਼ਨ ਪਹੁੰਚ ਗਏ। ਗੱਡੀ ਪਹੁੰਚਣ ਉੱਤੇ ਅਕਾਲੀ ਬੰਦੀਆਂ ਦੇ ਨਾਲ ਨਾਲ ਪਹਿਰਾ ਦੇ ਰਹੇ ਪੁਲਸੀਆਂ ਅਤੇ ਫੌਜੀਆਂ ਦੀ ਵੀ ਖੂਬ ਸੇਵਾ ਕੀਤੀ ਗਈ। ਸੈਂਕੜੇ ਆਦਮੀ ਅਤੇ ਔਰਤਾਂ ਰੇਲ ਦੀ ਲੀਹ ਉੱਤੇ ਖੜ੍ਹੇ ਹੋਣ ਕਾਰਨ ਗੱਡੀ ਚੱਲ ਨਹੀਂ ਸੀ ਰਹੀ ਅਤੇ ਦੇਰੀ ਹੋ ਰਹੀ ਸੀ। ਸਿੱਖ

ਆਗੂਆਂ ਦੇ ਸਮਝਾਉਣ ਉੱਤੇ ਲੋਕ ਰੇਲ-ਪਟੜੀ ਤੋਂ ਪਾਸੇ ਹਟ ਗਏ ਅਤੇ ਗੱਡੀ ਅਗਲੇ ਸਫਰ ਲਈ ਰਵਾਨਾ ਹੋਈ।

ਇਹ ਗੱਡੀ ਸ਼ਾਮ ਸਮੇਂ ਕੈਂਬਲਪੁਰ ਪਹੁੰਚਣੀ ਸੀ। ਸਰਕਾਰ ਨੇ ਕੈਂਬਲਪੁਰ ਜ਼ਿਲ੍ਹਾ ਜੇਲ ਨੂੰ ਅਟਕ ਦੇ ਕਿਲੇ ਵਿਚ ਭੇਜੇ ਜਾਣ ਵਾਲੇ ਅਕਾਲੀ ਕੈਦੀਆਂ ਨੂੰ ਅਟਕ ਕਿਲੇ ਵਿਚ ਰੱਖੇ ਜਾਣ ਦੇ ਪੂਰਨ ਬੰਦੋਬਸਤ ਹੋ ਜਾਣ ਦੇ ਸਮੇਂ ਤੱਕ 'ਬੇਸ' ਜੇਲ ਵਜੋਂ ਵਰਤਣ ਦੀ ਸਕੀਮ ਬਣਾਈ ਸੀ। ਸਰਕਾਰ ਨੇ ਇੱਥੇ 1800 ਬੰਦੀਆਂ ਨੂੰ ਰੱਖੇ ਜਾਣ ਦਾ ਇੰਤਜਾਮ ਕੀਤਾ ਸੀ। ਵਲੰਟੀਅਰਾਂ ਨੇ ਅਕਾਲੀ ਕੈਦੀਆਂ ਨੂੰ ਲੈ ਕੇ ਕੈਂਬਲਪੁਰ ਪਹੁੰਚ ਰਹੀ ਗੱਡੀ ਬਾਰੇ ਸੂਚਨਾ ਇੱਕ ਡੌਂਡੀ ਦੁਆਰਾ ਲੋਕਾਂ ਤੱਕ ਪਹੁੰਚਾ ਦਿੱਤੀ ਸੀ। ਜ਼ਿਲ੍ਹਾ ਅਧਿਕਾਰੀਆਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਰੇਲਵੇ ਸਟੇਸ਼ਨ ਅਤੇ ਜ਼ਿਲ੍ਹਾ ਜੇਲ੍ਹ ਵਿਚਕਾਰ ਲਗਪਗ ਅੱਧਾ ਮੀਲ ਦੇ ਇਲਾਕੇ ਵਿੱਚ ਦਫਾ 144 ਲਾ ਕੇ ਇਸ ਖੇਤਰ ਵਿੱਚ ਆਮ ਲੋਕਾਂ ਦੀ ਦਾਖਲ ਹੋਣ ਉੱਤੇ ਪਾਬੰਦੀ ਲਾ ਦਿੱਤੀ ਗਈ ਪਰ ਜਦੋਂ ਅਕਾਲੀ ਕੈਦੀਆਂ ਨੂੰ ਲੈ ਕੇ ਗੱਡੀ ਪਹੁੰਚੀ ਤਾਂ ਲੋਕ ਆਪ ਮੁਹਾਰੇ ਜੋਸ਼ ਵਿੱਚ ਦਫਾ 144 ਦੀ ਉਲੰਘਣਾ ਕਰਨ ਲੱਗੇ। ਪੁਲਸ ਨੇ ਸਖਤੀ ਵਰਤਦਿਆਂ ਲੋਕਾਂ ਨੂੰ ਇਸ ਖੇਤਰ ਤੋਂ ਬਾਹਰ ਕੱਢਿਆ ਤਾਂ ਲੋਕ ਜੈਕਾਰੇ ਗਜਾ ਕੇ ਅਕਾਲੀ ਸੱਤਿਆਗ੍ਰਹੀਆਂ ਦਾ ਸੁਆਗਤ ਕਰਦੇ ਰਹੇ।

### 14 ਅਕਤੂਬਰ (29 ਅੱਸੂ, ਸ਼ਨਿਚਰਵਾਰ) :
### ਕੁੱਲ ਗ੍ਰਿਫਤਾਰੀ 1957; ਇਕ ਹੋਰ ਜਥੇ ਨੂੰ ਦੂਜੀ ਵਾਰ ਸਜ਼ਾ

ਇਸ ਸਵੇਰੇ ਇੱਕ ਹੋਰ ਰੇਲ ਗੱਡੀ 100 ਅਕਾਲੀ ਕੈਦੀਆਂ ਨੂੰ ਲੈ ਕੇ ਕੈਂਬਲਪੁਰ ਪਹੁੰਚੀ। ਲੋਕਾਂ ਨੂੰ ਇਸ ਬਾਰੇ ਪਹਿਲਾਂ ਹੀ ਭਿਣਕ ਲੱਗ ਗਈ ਸੀ ਜਿਸ ਕਾਰਨ ਅਕਾਲੀਆਂ ਨੂੰ ਰੇਲਵੇ ਸਟੇਸ਼ਨ ਤੋਂ ਜੇਲ੍ਹ ਲੈ ਜਾਣ ਸਮੇਂ ਸਿੱਖਾਂ ਦਾ ਭਾਰੀ ਇਕੱਠ ਹੋ ਗਿਆ। ਪੁਲਸ ਵੱਲੋਂ ਸਖਤੀ ਵਰਤੇ ਜਾਣ ਉੱਤੇ ਲੋਕਾਂ ਨੇ ਜੈਕਾਰੇ ਗਜਾਉਣੇ ਸ਼ੁਰੂ ਕੀਤੇ। ਉੱਤਰ ਵਿੱਚ ਕੱਲ੍ਹ ਲਿਆ ਕੇ ਜੇਲ੍ਹ ਵਿਚ ਬੰਦ ਕੀਤੇ ਅਕਾਲੀ ਕੈਦੀਆਂ ਨੇ ਵੀ ਜੈਕਾਰੇ ਗਜਾ ਕੇ ਹੁੰਗਾਰਾ ਭਰਿਆ।

ਭਾਈ ਨਾਰੰਗ ਸਿੰਘ ਦੀ ਅਗਵਾਈ ਵਿੱਚ ਗ੍ਰਿਫਤਾਰ ਹੋਇਆ ਅਕਾਲੀ ਜਥਾ, ਜਿਸ ਨੂੰ ਪਿਛਲੇ ਦਿਨ ਮੈਜਿਸਟ੍ਰੇਟ ਸਾਧੂ ਸਿੰਘ ਨੇ ਗੈਰ-ਹਾਜ਼ਰੀ ਵਿਚ ਹੀ ਸਜ਼ਾ ਸੁਣਾ ਦਿੱਤੀ ਸੀ, ਅੱਜ ਸੁਣਵਾਈ ਲਈ ਏਸੇ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤਾ ਗਿਆ। ਭਾਈ ਨਾਰੰਗ ਸਿੰਘ ਨੇ ਦਰਖਾਸਤ ਦਿੱਤੀ ਕਿ ਉਹਨਾਂ ਨੂੰ ਤਾਂ ਪਹਿਲਾਂ ਹੀ ਸਜ਼ਾ ਸੁਣਾਈ ਜਾ ਚੁਕੀ ਹੈ ਪਰ ਮੈਜਿਸਟ੍ਰੇਟ ਨੇ ਇਸ ਬੇਨਤੀ ਵੱਲ ਕੋਈ ਧਿਆਨ ਨਾ ਦਿੱਤਾ। ਜਥੇ ਦੇ ਇਕ ਹੋਰ ਮੈਂਬਰ ਭਾਈ ਠਾਕਰ ਸਿੰਘ ਨੇ ਅਦਾਲਤ ਤੋਂ ਜਾਨਣਾ ਚਾਹਿਆ ਕਿ ਸਜ਼ਾ-ਯਾਫਤਾ ਅਕਾਲੀਆਂ ਨੂੰ ਮੁੜ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਕਰਨ ਦੀ ਗਲਤੀ ਲਈ ਜ਼ਿੰਮੇਵਾਰੀ ਪੁਲਸ ਦੀ ਹੈ ਜਾਂ ਅਦਾਲਤ ਦੀ? ਮੈਜਿਸਟ੍ਰੇਟ ਨੇ ਇਸ ਸਵਾਲ ਨੂੰ ਹੱਤਕ-ਅਦਾਲਤ ਐਲਾਨਦਿਆਂ ਭਾਈ ਠਾਕਰ ਸਿੰਘ ਨੂੰ ਇੱਕ ਮਹੀਨਾ ਕੈਦ ਅਤੇ 100 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

ਇਸ ਦਿਨ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਅਖੰਡ ਪਾਠ ਦਾ ਭੋਗ ਪੈਣਾ ਸੀ। ਇਸ ਅਵਸਰ ਉੱਤੇ ਪਿੰਡ ਮਾਲੂ ਨੰਗਲ ਤੋਂ ਕੜਾਹ ਪ੍ਰਸ਼ਾਦ ਲਿਆ ਰਹੇ ਪੰਜ ਸਿੱਖਾਂ ਨੂੰ ਰੋਕ ਕੇ ਪੁਲਸ ਨੇ ਉਹਨਾਂ ਦੀ ਬੇਇੱਜ਼ਤੀ ਕੀਤੀ। ਇਉਂ ਹੀ ਇਕ ਨਿੱਕਾ ਬਾਲ, ਜੋ ਥਾਲ ਵਿਚ ਕੜਾਹ ਪ੍ਰਸ਼ਾਦ ਲੈ ਕੇ ਆ ਰਿਹਾ ਸੀ, ਇੱਕ ਅੰਗਰੇਜ਼ ਪੁਲਸ ਅਫਸਰ ਨੇ ਕਾਬੂ ਕਰਕੇ ਚਪੇੜਾਂ ਨਾਲ ਕੁੱਟਿਆ ਅਤੇ ਥਾਲ ਨੂੰ ਪੈਰ ਦੇ ਠੁੱਡੇ ਮਾਰ ਮਾਰ ਕੇ ਕੜਾਹ ਪ੍ਰਸ਼ਾਦ ਦੀ ਬੇਅਦਬੀ ਕੀਤੀ।

ਇਸ ਦਿਨ ਇਕ ਸੌ ਹੋਰ ਅਕਾਲੀ ਵਲੰਟੀਅਰਾਂ ਵੱਲੋਂ ਗ੍ਰਿਫਤਾਰੀ ਦਿੱਤੇ ਜਾਣ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 1957 ਹੋ ਗਈ।

### 15 ਅਕਤੂਬਰ (30 ਅੱਸੂ, ਐਤਵਾਰ) :

### ਗ੍ਰਿਫਤਾਰੀਆਂ ਦੀ ਗਿਣਤੀ ਦੋ ਹਜ਼ਾਰ ਤੋਂ ਵਧੀ

ਇਸ ਦਿਨ ਇਕ ਸੌ ਹੋਰ ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ ਅਤੇ ਇਉਂ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 2057 ਹੋ ਗਈ।

ਅੱਜ ਜੱਲ੍ਹਿਆਂ ਵਾਲੇ ਬਾਗ ਵਿਚ ਇਕ ਪਬਲਿਕ ਜਲਸਾ ਹੋਇਆ। ਇਸ ਜਲਸੇ ਨੂੰ ਹੋਰਨਾਂ ਤੋਂ ਬਿਨਾਂ ਸ਼ਾਰਦਾ ਪੀਠ ਦੇ ਸੁਆਮੀ ਭਾਸਕਰ ਤੀਰਥ ਨੇ ਸੰਬੋਧਨ ਕੀਤਾ। ਉਹਨਾਂ ਆਪਣੇ ਭਾਸ਼ਨ ਵਿਚ ਸੁਆਮੀ ਸ਼ਰਧਾ ਨੰਦ ਨੂੰ ਅਕਾਲੀਆਂ ਦੇ ਕਾਜ਼ ਦੀ ਹਮਦਰਦੀ ਅਤੇ ਸਹਿਮਤੀ ਕਾਰਨ ਗ੍ਰਿਫਤਾਰੀ ਦੇਣ ਲਈ ਵਧਾਈ ਦਿੱਤੀ ਅਤੇ ਅਕਾਲੀਆਂ ਨੂੰ ਆਪਣੇ ਨਿਰਧਾਰਿਤ ਮਨੋਰਥ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।

### 16 ਅਕਤੂਬਰ (31 ਅੱਸੂ, ਸੋਮਵਾਰ) :

### ਸ਼ੰਕਰਾਚਾਰੀਆ ਦਰਬਾਰ ਸਾਹਿਬ ਗਏ; ਕੁੱਲ ਗ੍ਰਿਫਤਾਰੀਆਂ 2157

ਸ਼ਾਰਦਾਪੀਠ ਦੇ ਸੁਆਮੀ ਸ਼ੰਕਰਾਚਾਰੀਆ ਅਕਾਲੀਆਂ ਦੀ ਗੁਰਦੁਆਰਾ ਸੁਧਾਰ ਲਹਿਰ ਦੇ ਤਨੋ ਮਨੋ ਹਮਾਇਤੀ ਸਨ, ਇਸੇ ਲਈ ਗੁਰੂ ਕਾ ਬਾਗ ਮੋਰਚੇ ਦੌਰਾਨ ਤਸ਼ੱਦਦ ਕਾਰਨ ਜ਼ਖਮੀ ਹੋਣ ਵਾਲੇ ਅਕਾਲੀ ਸਤਿਆਗ੍ਰਹੀਆਂ ਦੀ ਦੇਖਭਾਲ ਲਈ ਉਹ ਬੰਗਾਲ ਤੋਂ ਇਕ ਡਾਕਟਰੀ ਟੀਮ ਭੇਜ ਚੁੱਕੇ ਸਨ। ਇਹਨੀਂ ਦਿਨੀਂ ਉਹ ਅੰਮ੍ਰਿਤਸਰ ਜਨਤਕ ਇਕੱਠਾਂ ਨੂੰ ਸੰਬੋਧਨ ਕਰਕੇ ਸਿੱਖ ਕਾਜ਼ ਪ੍ਰਤੀ ਪੰਜਾਬੀਆਂ, ਖਾਸ ਕਰਕੇ ਹਿੰਦੂਆਂ, ਨੂੰ ਲਾਮਬੰਦ ਕਰ ਰਹੇ ਸਨ। ਉਹ ਅੱਜ ਦਰਬਾਰ ਸਾਹਿਬ ਮੱਥਾ ਟੇਕਣ ਗਏ।

ਪਿਛਲੇ ਦਿਨੀਂ ਗ੍ਰਿਫਤਾਰ ਕੀਤਾ ਗਿਆ 100 ਅਕਾਲੀਆਂ ਦਾ ਜਥਾ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਮੈਜਿਸਟ੍ਰੇਟ ਨੇ 28 ਅਕਾਲੀਆਂ ਨੂੰ ਬੁੱਢੇ ਜਾਂ ਨਿਆਣੇ ਆਖ ਕੇ ਛੱਡ ਦਿੱਤਾ। ਬੁੱਢੇ ਐਲਾਨੇ ਗਏ ਸੋਲਾਂ ਵਿਅਕਤੀਆਂ ਦੀ ਉਮਰ ਮਸਾਂ 50 ਕੁ ਸਾਲ ਦੇ ਕਰੀਬ

ਸੀ ਅਤੇ ਨਿਆਣੇ ਦੱਸੇ ਗਏ ਧੀਆਂ ਪੁੱਤਰਾਂ ਵਾਲੇ ਸਨ। ਉਹਨਾਂ ਬਥੇਰੀ ਜ਼ਿਦ ਕੀਤੀ ਕਿ ਉਹਨਾਂ ਨੂੰ ਵੀ ਜਥੇ ਦੇ ਬਾਕੀ ਮੈਂਬਰਾਂ ਵਾਂਗ ਸਜ਼ਾ ਦਿੱਤੀ ਜਾਵੇ ਪਰ ਅਦਾਲਤ ਨੇ ਉਹਨਾਂ ਦੀ ਗੱਲ ਅਣਸੁਣੀ ਕਰ ਦਿੱਤੀ।

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਦੀਵਾਨ ਨੂੰ ਰੋਹਤਕ ਦੇ ਵਸਨੀਕ ਲਾਲਾ ਲਾਲ ਚੰਦ ਨੇ ਬੜੇ ਜੋਸ਼ੀਲੇ ਅਤੇ ਉਤਸ਼ਾਹ ਪੂਰਨ ਸ਼ਬਦਾਂ ਵਿਚ ਸੰਬੋਧਨ ਕੀਤਾ। ਪਿਛੋਂ ਪੁਲਸ ਨੇ ਉਸਨੂੰ ਅਜਿਹਾ ਉਕਸਾਊ ਭਾਸ਼ਨ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ।

ਗੜਗੱਜ ਅਕਾਲੀ ਜਥੇ ਨੇ ਅੱਜ ਦੂਜੀ ਵਾਰ ਸਤਿਆਗ੍ਰਹਿ ਲਈ ਆਪਣੇ ਇੱਕ ਸੌ ਵਲੰਟੀਅਰ ਭੇਜੇ। ਇਹਨਾਂ ਦੀ ਗ੍ਰਿਫਤਾਰੀ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 2157 ਹੋ ਗਈ।

ਗੜਗੱਜ ਅਕਾਲੀ ਜਥੇ ਵੱਲੋਂ ਪੇਂਡੂ ਸਿੱਖਾਂ ਨੂੰ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਮਲ ਹੋਣ ਦੀ ਪ੍ਰੇਰਣਾ ਦੇਣ ਲਈ 'ਗੜਗੱਜ ਢੰਡੋਰਾ' ਉਨਵਾਨ ਅਧੀਨ ਅਪੀਲ ਪ੍ਰਕਾਸ਼ਤ ਕਰਕੇ ਵੰਡੀ ਗਈ ਸੀ। ਇਸ ਅਪੀਲ ਨੂੰ ਪੜ੍ਹ ਕੇ ਸਿੱਖ ਸੰਗਤਾਂ ਵਿੱਚ ਅੰਦੋਲਨ ਲਈ ਇੰਨਾ ਉਤਸ਼ਾਹ ਪੈਦਾ ਹੋਇਆ ਕਿ ਪਿੰਡ ਕੋਟ ਧਰਮ ਚੰਦ ਦੇ ਵਸਨੀਕ ਹੀ ਇਕ ਜਥਾ ਬਣਾ ਕੇ ਸਤਿਆਗ੍ਰਹਿ ਵਿੱਚ ਵਾਰੀ ਲੈਣ ਲਈ ਗੜਗੱਜ ਅਕਾਲੀ ਜਥੇ ਦੇ ਮੁੱਖ ਦਫ਼ਤਰ ਤਰਨਤਾਰਨ ਵਿਖੇ ਹਾਜ਼ਰ ਹੋਏ। ਇਸ ਜਥੇ ਵਿੱਚ ਤੇਜਾ ਸਿੰਘ ਨਾਉਂ ਦਾ ਇੱਕ ਭੁਜੰਗੀ ਵੀ ਸ਼ਾਮਲ ਸੀ। ਇਸ ਭੁਜੰਗੀ ਦੇ ਮਾਂ-ਪਿਉ ਆਪਣੇ ਪੁੱਤਰ ਨੂੰ ਧਿੰਝੋਜ਼ੋਰੀ ਜਥੇ ਵਿਚੋਂ ਕੱਢ ਕੇ ਘਰ ਲੈ ਗਏ ਪਰ ਇਹ ਭੁਜੰਗੀ ਫਿਰ ਘਰੋਂ ਭੱਜ ਆਇਆ ਅਤੇ ਜਥੇ ਨਾਲ ਰਲ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਤੇਜਾ ਸਿੰਘ ਨੇ ਵੀ ਭੁਜੰਗੀ ਤੇਜਾ ਸਿੰਘ ਅਤੇ ਉਸ ਦੇ ਕੁੱਝ ਹੋਰ ਹਾਣੀਆਂ ਨੂੰ ਗ੍ਰਿਫਤਾਰੀ ਲਈ ਨਾ ਜਾਣ ਵਾਸਤੇ ਪ੍ਰੇਰਿਆ ਪਰ ਉਹ ਨਾ ਮੰਨੇ। ਇਹਨਾਂ ਸਾਰਿਆਂ ਨੇ ਜਥੇ ਨਾਲ ਜਾ ਕੇ ਗ੍ਰਿਫਤਾਰੀ ਦਿੱਤੀ ਪਰ ਮੈਜਿਸਟ੍ਰੇਟ ਨੇ ਉਹਨਾਂ ਨੂੰ ਨਾਬਾਲਗ ਆਖ ਕੇ ਬਰੀ ਕਰ ਦਿੱਤਾ।

ਇਸ ਜਥੇ ਦੀ ਅਗਵਾਈ ਜਥੇਦਾਰ ਭਾਈ ਰਣਜੋਧ ਸਿੰਘ ਕਸੇਲ ਅਤੇ ਭਾਈ ਅਰਜਨ ਸਿੰਘ ਚੂਸਲੇਵੜ ਨੇ ਕੀਤੀ। ਇਸ ਜਥੇ ਵਿਚ ਇੱਕ ਸਿੰਘ ਭਾਈ ਬਚਨ ਸਿੰਘ, ਪਿੰਡ ਕੱਲਾ, ਜ਼ਿਲ੍ਹਾ ਅੰਮ੍ਰਿਤਸਰ ਵੀ ਸ਼ਾਮਲ ਸੀ। ਆਪਣੇ ਪੁੱਤਰ ਨੂੰ ਗੁਰਧਾਮ ਮੁਕਤੀ ਦੇ ਸ਼ੁਭ ਕਾਰਜ ਹਿਤ ਗ੍ਰਿਫਤਾਰ ਹੁੰਦਾ ਵੇਖਣ ਲਈ ਭਾਈ ਬਚਨ ਸਿੰਘ ਦੀ ਮਾਤਾ, ਉਮਰ ਲਗਪਗ ਅੱਸੀ ਸਾਲ, ਵੀ ਜਥੇ ਦੇ ਨਾਲ ਨਾਲ ਚੱਲ ਰਹੀ ਸੀ। ਉਸ ਨੇ ਗੁਰੂ ਕੇ ਬਾਗ ਤੱਕ ਲਗਪਗ ਬਾਰਾਂ ਮੀਲ ਦਾ ਸਫਰ ਖੁਸ਼ੀ ਖੁਸ਼ੀ ਪੈਦਲ ਤੈਅ ਕੀਤਾ।

### 17 ਅਕਤੂਬਰ (ਸੰਗ੍ਰਾਂਦ ਕੱਤਕ, ਮੰਗਲਵਾਰ) :
### ਕੁੱਲ ਗ੍ਰਿਫਤਾਰੀਆਂ 2257; ਸਰਕਾਰ ਦੇ ਦਮਗਜੇ

ਇਸ ਦਿਨ ਇੱਕ ਸੌ ਹੋਰ ਅਕਾਲੀਆਂ ਦੇ ਗ੍ਰਿਫਤਾਰੀ ਦੇਣ ਨਾਲ ਗ੍ਰਿਫਤਾਰੀਆਂ ਦੀ

ਕੁੱਲ ਗਿਣਤੀ 2257 ਹੋ ਗਈ।

ਸੁਆਮੀ ਸ਼ੰਕਰਾਚਾਰੀਆ ਨੇ ਅੱਜ ਗੁਰਦੁਆਰਾ ਗੁਰੂ ਕਾ ਬਾਗ ਦੀ ਯਾਤਰਾ ਕੀਤੀ।

ਸਰਕਾਰ ਨੇ ਐਲਾਨ ਕੀਤਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋ ਰਹੀਆਂ ਅਕਾਲੀ-ਗ੍ਰਿਫਤਾਰੀਆਂ ਨੂੰ ਦੇਖਦਿਆਂ 1800 ਕੈਦੀਆਂ ਨੂੰ ਅਟਕ ਜ਼ਿਲ੍ਹੇ ਵਿਚ ਰੱਖਣ ਲਈ ਬੰਦੋਬਸਤ ਕਰ ਲਿਆ ਗਿਆ ਹੈ। ਉਸ ਨੇ ਇੰਸਪੈਕਟਰ ਜਨਰਲ, ਜੇਲ੍ਹਾਂ ਨੂੰ ਹਦਾਇਤ ਕੀਤੀ ਕਿ ਜੇ ਲੋੜ ਪਵੇ ਤਾਂ ਪੰਜ ਤੋਂ ਦਸ ਹਜ਼ਾਰ ਹੋਰ ਕੈਦੀਆਂ ਨੂੰ ਰੱਖਣ ਲਈ ਵੀ ਪ੍ਰਬੰਧ ਕਰ ਲਿਆ ਜਾਵੇ।

### 18 ਅਕਤੂਬਰ (2 ਕੱਤਕ, ਬੁੱਧਵਾਰ) :

### ਗ੍ਰਿਫਤਾਰੀਆਂ ਦੀ ਗਿਣਤੀ 2357 ਹੋਈ; ਪੁਲਸ ਦੁਆਰਾ ਆਗੂਆਂ ਦੀ ਬੇਇੱਜ਼ਤੀ

ਇਕ ਸੌ ਅਕਾਲੀਆਂ ਦੇ ਇਕ ਹੋਰ ਜਥੇ ਨੇ ਅੱਜ ਗ੍ਰਿਫਤਾਰੀ ਦਿੱਤੀ। ਗ੍ਰਿਫਤਾਰੀ ਉਪਰੰਤ ਪੁਲਸ ਨੇ ਜਥੇਦਾਰ ਅਤੇ ਮੀਤ ਜਥੇਦਾਰ ਨੂੰ ਗਾਤਰੇ ਵਾਲੀ ਕ੍ਰਿਪਾਨ ਉਤਾਰਨ ਲਈ ਆਖਿਆ। ਸਿੱਖ ਆਗੂਆਂ ਵੱਲੋਂ ਅਜਿਹਾ ਕਰਨ ਤੋਂ ਇਨਕਾਰ ਕੀਤੇ ਜਾਣ ਦੇ ਫਲਸਰੂਪ ਪੁਲਸ ਨੇ ਉਹਨਾਂ ਦੀਆਂ ਜੁੱਤੀਆਂ ਲੁਹਾ ਕੇ ਉਹਨਾਂ ਦੇ ਹੀ ਮੂੰਹਾਂ ਉੱਤੇ ਮਾਰੀਆਂ। ਅਕਾਲੀ ਆਗੂਆਂ ਨੇ 'ਸਤਿਨਾਮ, ਵਾਹਿਗੁਰੂ' ਦਾ ਜਾਪ ਕਰਦਿਆਂ ਇਹ ਬੇਇੱਜ਼ਤੀ ਸਹਿਣ ਕੀਤੀ। ਪਿਛੋਂ ਦੋਵਾਂ ਨੂੰ ਪਾਸੇ ਲੇ ਜਾ ਕੇ ਉਹਨਾਂ ਨੂੰ ਮਾਫੀ ਮੰਗਣ ਲਈ ਦਬਾ ਪਾਇਆ ਗਿਆ ਪਰ ਉਹ ਅਡੋਲ ਰਹੇ। ਇਸ ਜਥੇ ਦੀ ਗ੍ਰਿਫਤਾਰੀ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 2357 ਹੋ ਗਈ।

ਫੌਜੀ ਅਕਾਲੀ ਪੈਨਸ਼ਨਰਾਂ ਦੇ ਜਥੇ ਦੀ ਰਵਾਨਗੀ ਦਾ ਐਲਾਨ ਹੋ ਚੁੱਕਾ ਸੀ ਅਤੇ ਅਕਾਲੀ ਪੈਨਸ਼ਨਰ ਅਕਾਲ ਤਖਤ ਸਾਹਿਬ ਪੁੱਜਣੇ ਸ਼ੁਰੂ ਹੋ ਗਏ ਸਨ। ਅੱਜ ਲਗਪਗ ਚਾਲੀ ਫੌਜੀ ਅਕਾਲੀ ਪੈਨਸ਼ਨਰਾਂ ਨੇ ਰਲਕੇ ਦਰਬਾਰ ਸਾਹਿਬ ਦੀ ਪਰਕਰਮਾ ਕੀਤੀ। ਇਸ ਜਥੇ ਦੇ ਹਰ ਮੈਂਬਰ ਨੇ ਕਾਲੇ ਚੋਗੇ ਦੇ ਉਪਰ ਦੀ ਖੱਟੇ ਗਾਤਰੇ ਵਿਚ ਕ੍ਰਿਪਾਨ ਪਹਿਨੀ ਹੋਈ ਸੀ। ਹੇਠਾਂ ਗੋਡਿਆਂ ਤੱਕ ਸਫੈਦ ਕਛਹਿਰਾ ਅਤੇ ਸਿਰ ਉੱਤੇ ਕਾਲੇ ਰੰਗ ਦੀ ਦਸਤਾਰ ਸਜਾਈ ਹੋਈ ਸੀ। ਜਥੇ ਦੇ ਅੱਗੇ ਅੱਗੇ ਬੈਂਡ ਵੱਜ ਰਿਹਾ ਸੀ। ਇਸ ਜਥੇ ਨੇ ਸ਼ਹਿਰੀਆਂ ਦੇ ਮਨਾਂ ਵਿਚ ਬੜਾ ਉਤਸ਼ਾਹ ਅਤੇ ਚਾਅ ਉਤਪੰਨ ਕੀਤਾ। ਇਸ ਲਈ ਜਥੇ ਨੂੰ ਫੌਜੀ ਕੁਵੈਦ ਅਨੁਸਾਰ ਦਰਬਾਰ ਸਾਹਿਬ ਦੀ ਪਰਕਰਮਾ ਕਰਦਾ ਵੇਖਣ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਸ਼ਹਿਰੀ ਹਾਜ਼ਰ ਸਨ।

### 19 ਅਕਤੂਬਰ (3 ਕੱਤਕ, ਵੀਰਵਾਰ) :

### ਇਕੋ ਦੋਸ਼ ਪਰ ਸਜ਼ਾ ਭਿੰਨ ਭਿੰਨ; ਕੁੱਲ ਗ੍ਰਿਫਤਾਰੀਆਂ 2457

16 ਅਕਤੂਬਰ ਨੂੰ ਗ੍ਰਿਫਤਾਰ ਕੀਤੇ ਗਏ ਗੜਗੱਜ ਅਕਾਲੀ ਜਥੇ ਦੇ ਹਰ ਮੈਂਬਰ ਨੂੰ ਅੱਜ ਅੰਮ੍ਰਿਤਸਰ ਦੇ ਇੱਕ ਮੈਜਿਸਟ੍ਰੇਟ ਫਸਟ ਕਲਾਸ ਦੀ ਅਦਾਲਤ ਵਿੱਚ ਕਾਰਵਾਈ ਮੁਕੰਮਲ

ਹੋਣ ਉਪਰੰਤ ਦੋ ਸਾਲ ਕੈਦ ਬਾਮੁਸ਼ੱਕਤ ਅਤੇ 100 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਅਦਾ ਕਰਨ ਦੀ ਸੂਰਤ ਵਿਚ ਛੇ ਮਹੀਨੇ ਦੀ ਹੋਰ ਕੈਦ ਦੀ ਸਜ਼ਾ ਸੁਣਾਈ ਗਈ। ਇਸੇ ਦੋਸ਼ ਵਿਚ 18 ਅਕਤੂਬਰ ਨੂੰ ਗ੍ਰਿਫਤਾਰ ਕੀਤੇ ਗਏ ਜਥੇ ਦੇ ਮੈਂਬਰਾਂ ਨੂੰ ਇੱਕ ਹੋਰ ਅਦਾਲਤ ਨੇ 9 ਮਹੀਨੇ ਦੀ ਕੈਦ ਅਤੇ 1000 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਦੇਣ ਦੀ ਸੂਰਤ ਵਿਚ ਦੋ ਮਹੀਨੇ ਦੀ ਹੋਰ ਕੈਦ ਦੀ ਸਜ਼ਾ ਸੁਣਾਈ।

ਅੱਜ ਇਕ ਸੌ ਅਕਾਲੀਆਂ ਦਾ ਇਕ ਹੋਰ ਜਥਾ ਗ੍ਰਿਫਤਾਰ ਹੋਣ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ ਵਧ ਕੇ 2457 ਹੋ ਗਈ।

### 20 ਅਕਤੂਬਰ (4 ਕੱਤਕ, ਸ਼ੁੱਕਰਵਾਰ) :
### ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 2558

ਅੱਜ 101 ਅਕਾਲੀ ਸਿੱਖਾਂ ਦੁਆਰਾ ਗ੍ਰਿਫਤਾਰੀ ਦਿੱਤੀ ਗਈ, ਜਿਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ ਵਧ ਕੇ 2558 ਹੋ ਗਈ। ਇਸ ਦਿਨ ਮੀਤ ਜਥੇਦਾਰ ਨੂੰ ਖਾਸ ਕਰਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਇੱਕ ਪੁਲਸੀਆ ਆਪਣੇ ਭਾਰੇ ਬੂਟਾਂ ਸਮੇਤ ਉਸ ਦੇ ਪੈਰਾਂ ਉੱਤੇ ਖੜਾ ਹੋ ਗਿਆ ਅਤੇ ਉਸ ਨੂੰ ਮਾਫੀ ਮੰਗਣ ਉੱਤੇ ਮਜਬੂਰ ਕਰਨ ਲੱਗਾ। ਮੀਤ ਜਥੇਦਾਰ ਵੱਲੋਂ ਆਪਣੇ ਸਿਦਕ ਉੱਤੇ ਕਾਇਮ ਰਹਿਣ ਦੀ ਦ੍ਰਿੜਤਾ ਕਾਰਨ ਉਸ ਨੂੰ ਸਾਰੀ ਰਾਤ ਖੜ੍ਹਾ ਰੱਖਿਆ ਗਿਆ।

### 21 ਅਕਤੂਬਰ (5 ਕੱਤਕ, ਸ਼ਨਿਚਰਵਾਰ) :
### ਚੌਧਰੀ ਲਾਲ ਚੰਦ ਦੀ ਪੇਸ਼ੀ; ਜੇਲ੍ਹ ਵਿੱਚ ਤਸ਼ੱਦਦ; ਗ੍ਰਿਫਤਾਰੀਆਂ ਦੀ ਗਿਣਤੀ 2657

ਗੁਰਦੁਆਰਾ ਗੁਰੂ ਕਾ ਬਾਗ ਵਿਖੇ 16 ਅਕਤੂਬਰ ਨੂੰ ਗੜਗਜ ਅਕਾਲੀ ਜਥੇ ਦੀ ਗ੍ਰਿਫਤਾਰੀ ਤੋਂ ਪਹਿਲਾਂ ਉੱਤੇਜਿਤ ਭਾਸ਼ਨ ਦੇਣ ਦੇ ਦੋਸ਼ ਵਿਚ ਫੜੇ ਚੌਧਰੀ ਲਾਲ ਚੰਦ, ਰੋਹਤਕ, ਨੂੰ ਅੱਜ ਮਿਰਜ਼ਾ ਅਸਲਮ ਬੇਗ, ਮੈਜਿਸਟ੍ਰੇਟ ਫਸਟ ਕਲਾਸ, ਅੰਮ੍ਰਿਤਸਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਚੌਧਰੀ ਲਾਲ ਚੰਦ ਨੇ ਅਦਾਲਤ ਵਿਚ ਕੋਈ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਉਸ ਨੇ ਲਿਖਤੀ ਰੂਪ ਵਿੱਚ ਇਕ ਬਿਆਨ ਅਖਬਾਰੀ ਪ੍ਰਤੀਨਿਧਾਂ ਨੂੰ ਵੰਡਿਆ ਜੋ ਇਸ ਪ੍ਰਕਾਰ ਸੀ :-

> "ਮੈਂ ਦੋ ਸਾਲ ਤੋਂ ਕਾਂਗਰਸ ਦੇ ਪਰਚਾਰ ਲਈ ਬਿਨਾਂ ਮੁਆਵਜ਼ਾ ਕੰਮ ਕਰ ਰਿਹਾ ਹਾਂ। ਜਦ ਮੈਂ ਅਖਬਾਰਾਂ ਵਿੱਚ ਆਪਣੇ ਅਕਾਲੀ ਭਰਾਵਾਂ ਦੀ ਕੁਰਬਾਨੀ ਬਾਰੇ ਪੜ੍ਹਿਆ ਤਾਂ ਮੇਰੇ ਮਨ ਵਿਚ ਇਹਨਾਂ ਸੱਚੇ ਸਤਿਆਗ੍ਰਹੀਆਂ ਦੇ ਦਰਸ਼ਨਾਂ ਦੀ ਤਾਂਘ ਉਤਪੰਨ ਹੋਈ। ਜਦੋਂ ਮੈਂ ਸੁਆਮੀ ਸ਼ਰਧਾ ਨੰਦ ਦੇ ਪ੍ਰਵਚਨ ਸੁਣੇ ਅਤੇ ਗ੍ਰਿਫਤਾਰੀ ਬਾਰੇ ਪੜ੍ਹਿਆ

ਤਾਂ ਮੈਂ ਪੂਰਨਮਾਸ਼ੀ ਵਾਲੇ ਦਿਨ ਅੰਮ੍ਰਿਤਸਰ ਪਹੁੰਚ ਕੇ ਕਈ ਦਿਨ ਸੰਗਤ ਵਿਚ ਗੁਜ਼ਾਰੇ ਅਤੇ ਦੋ ਵਾਰ ਭਾਸ਼ਨ ਦਿੱਤਾ। ਫਿਰ ਮੈਂ ਗੁਰੂ ਅਰਜਨ ਦੇਵ ਦੇ ਬਾਗ ਚਲਾ ਗਿਆ। ਉਥੇ ਮੈਂ ਆਪਣੀਆਂ ਭਾਵਨਾਵਾਂ ਪ੍ਰਗਟ ਕਰਕੇ ਸਵਰਾਜ ਮੰਦਰ ਵਿਚ ਦਾਖਲਾ ਲੈਣ ਵਿਚ ਸਫਲ ਹੋਇਆ।"

ਇਸ ਦਿਨ 99 ਹੋਰ ਅਕਾਲੀ ਵਲੰਟੀਅਰਾਂ ਦੁਆਰਾ ਗ੍ਰਿਫਤਾਰੀ ਦਿੱਤੇ ਜਾਣ ਨਾਲ ਗ੍ਰਿਫਤਾਰੀਆਂ ਦੀ ਗਿਣਤੀ ਵਧ ਕੇ 2657 ਹੋ ਗਈ।

ਕੈਂਬਲਪੁਰ ਜੇਲ੍ਹ ਵਿਚ ਬੰਦ ਅਕਾਲੀਆਂ ਨੇ ਆਪਣਾ ਨਿੱਤ-ਨੇਮ ਰਲ ਕੇ ਕਰਨਾ ਸ਼ੁਰੂ ਕਰ ਦਿੱਤਾ ਸੀ ਪਰ ਜੇਲ੍ਹ ਅਧਿਕਾਰੀਆਂ ਨੂੰ ਇਹ ਗੱਲ ਚੰਗੀ ਨਹੀਂ ਸੀ ਲਗਦੀ। ਅੱਜ ਜਦੋਂ ਜੇਲ੍ਹ ਸੁਪਰਡੈਂਟ ਮੇਜਰ ਪੁਰੀ ਬਾਹਰ ਗਿਆ ਹੋਇਆ ਸੀ ਤਾਂ ਸ਼ਾਮ ਵੇਲੇ ਕਿਸੇ ਹੋਰ ਜੇਲ੍ਹ ਅਧਿਕਾਰੀ ਨੇ ਅਕਾਲੀਆਂ ਨੂੰ ਰਲ ਕੇ ਸ਼ਬਦ ਪੜ੍ਹਣ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਣ ਤੋਂ ਰੋਕਿਆ। ਅਕਾਲੀਆਂ ਵੱਲੋਂ ਆਪਣੇ ਹੁਕਮ ਦੀ ਪਾਲਣਾ ਨਾ ਹੁੰਦੀ ਵੇਖ ਉਸ ਨੇ ਇਕ ਆਗੂ ਨੂੰ ਸਜ਼ਾ ਦੇਣ ਦੀ ਨੀਅਤ ਨਾਲ ਉਸ ਨੂੰ ਬਾਕੀ ਜਥੇ ਤੋਂ ਪਾਸੇ ਲੈ ਜਾਣ ਦੀ ਕੋਸ਼ਿਸ਼ ਕੀਤੀ ਤਾਂ ਹੋਰ ਅਕਾਲੀ ਵੀ ਅੱਗੇ ਆ ਗਏ। ਉਸ ਨੇ ਜੇਲ੍ਹ ਵਿਚ ਖਤਰੇ ਦਾ ਅਲਾਰਮ ਵਜਾ ਦਿੱਤਾ, ਜਿਸ ਨੂੰ ਸੁਣ ਕੇ ਹੋਰ ਉਚ ਅਧਿਕਾਰੀ ਵੀ ਪੁਲਸ ਸਮੇਤ ਆ ਗਏ। ਪੁਲਸ ਨੇ 40 ਅਕਾਲੀਆਂ ਨੂੰ ਜ਼ਬਰਦਸਤੀ ਪਾਸੇ ਕੱਢ ਲਿਆ। ਇਹਨਾਂ ਵਿਚੋਂ ਚਾਰ ਅਕਾਲੀਆਂ ਨੂੰ ਪੱਚੀ ਪੱਚੀ ਬੈਂਤ ਮਾਰਨ ਦੀ ਸਜ਼ਾ ਸੁਣਾਈ ਗਈ। ਤਿੰਨ ਅਕਾਲੀ ਕੈਦੀਆਂ ਨੇ 'ਸਤਿਨਾਮ' 'ਵਾਹਿਗੁਰੂ' ਦਾ ਜਾਪ ਕਰਦਿਆਂ ਇਹ ਸਜ਼ਾ ਸਹਿਣ ਕੀਤੀ ਪਰ ਚੌਥਾ ਬੈਂਤਾਂ ਦੀ ਮਾਰ ਕਾਰਨ ਬੇਹੋਸ਼ ਹੋ ਗਿਆ। ਬਾਕੀ 36 ਅਕਾਲੀਆਂ ਨੂੰ ਕਲ੍ਹ ਸਜ਼ਾ ਦੇਣ ਦਾ ਫੈਸਲਾ ਕਰਕੇ ਉਹਨਾਂ ਨੂੰ ਵੱਖਰੀ ਬੈਰਕ ਵਿਚ ਬੰਦ ਕੀਤਾ ਗਿਆ।

## 22 ਅਕਤੂਬਰ (6 ਕੱਤਕ, ਐਤਵਾਰ) :
## ਕੁੱਲ ਗ੍ਰਿਫਤਾਰੀਆਂ 2785 ਹੋਈਆਂ; ਫੌਜੀ ਪੈਨਸ਼ਨਰ ਅਕਾਲੀ ਜਥੇ ਦੀ ਗੁਰੂ ਕਾ ਬਾਗ ਵੱਲ ਰਵਾਨਗੀ

ਕੈਂਬਲਪੁਰ ਜੇਲ੍ਹ ਦੇ ਸੁਪਰਡੰਟ ਨੂੰ ਅੱਜ ਬਾਹਰੋਂ ਵਾਪਸ ਆਉਣ ਉੱਤੇ ਜੇਲ੍ਹ ਵਿੱਚ ਵਾਪਰੀ ਘਟਨਾ ਦਾ ਪਤਾ ਲੱਗਾ। ਉਸ ਨੇ ਅਕਾਲੀ ਕੈਦੀਆਂ ਨੂੰ ਸਮਝਾ ਬੁਝਾ ਕੇ ਝਗੜੇ ਦਾ ਨਿਪਟਾਰਾ ਕੀਤਾ ਅਤੇ ਸਜ਼ਾ ਦੇਣ ਲਈ ਅਲੱਗ ਬੰਦ ਕੀਤੇ 36 ਅਕਾਲੀਆਂ ਦੀ ਸਜ਼ਾ ਮਾਫ ਕਰਦਿਆਂ ਉਹਨਾਂ ਨੂੰ ਬਾਕੀ ਕੈਦੀਆਂ ਦੇ ਨਾਲ ਰੱਖਣ ਦਾ ਹੁਕਮ ਕੀਤਾ।

ਅਕਾਲੀ ਕੈਦੀਆਂ ਨੇ ਆਪਣੇ ਘਰੀਂ ਸੁਨੇਹਾ ਭੇਜਿਆ ਕਿ "ਕੋਈ ਰਿਸ਼ਤੇਦਾਰ, ਦੋਸਤ-ਮਿੱਤਰ ਉਹਨਾਂ ਨੂੰ ਮਿਲਣ ਆਉਣ ਦੀ ਖੇਚਲ ਨਾ ਕਰੇ, ਉਹਨਾਂ ਜੇਲ੍ਹ ਵਿੱਚ ਵੀ ਗੁਰੂ ਜੀ ਦੇ ਸੁਨਹਿਰੀ ਬਾਜ ਦੇ ਦਰਸ਼ਨ ਕਰ ਲਏ ਹਨ ਅਤੇ ਹੁਣ ਉਹਨਾਂ ਨੂੰ ਹੋਰ ਕਿਸੇ ਨੂੰ ਮਿਲਣ ਦੀ ਇੱਛਾ ਨਹੀਂ ਰਹੀ।"

ਅੱਜ ਗੁਰੂ ਕਾ ਬਾਗ ਵਿਖੇ 128 ਅਕਾਲੀ ਵਰਕਰਾਂ ਨੇ ਗ੍ਰਿਫਤਾਰੀ ਦਿੱਤੀ। ਪਹਿਲਾਂ ਹਰ ਜਥੇ ਦੀ ਗਿਣਤੀ ਇਕ ਸੌ ਵਲੰਟੀਅਰ ਰੱਖੀ ਗਈ ਸੀ ਪਰ ਅਦਾਲਤ ਨੇ ਸੌ ਦੇ ਜਥੇ ਵਿਚੋਂ ਕੁੱਝ ਨੂੰ ਬੁੱਢੇ ਜਾਂ ਨਿਆਣੇ ਦੱਸ ਕੇ ਜਾਂ ਕਿਸੇ ਹੋਰ ਬਹਾਨੇ ਛੱਡਣਾ ਸ਼ੁਰੂ ਕਰ ਦਿੱਤਾ ਤਾਂ ਸ਼੍ਰੋਮਣੀ ਕਮੇਟੀ ਨੇ ਉਪਰੋਕਤ ਕਾਰਨਾਂ ਸਦਕਾ ਰਿਹਾ ਕੀਤੇ ਜਾਣ ਕਾਰਨ ਉਪਜਣ ਵਾਲੀ ਘਾਟ ਨੂੰ ਦੂਰ ਕਰਨ ਲਈ ਉਨੇ ਹੀ ਵੱਧ ਵਲੰਟੀਅਰ ਭੇਜਣੇ ਸ਼ੁਰੂ ਕਰ ਦਿੱਤੇ। ਇਉਂ ਅੱਜ ਦੀਆਂ ਗ੍ਰਿਫਤਾਰੀਆਂ ਨਾਲ ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 2785 ਹੋ ਗਈ।

ਅੱਜ ਹੀ ਫੌਜੀ ਪੈਨਸ਼ਨਰ ਅਕਾਲੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਲਈ ਰਵਾਨਾ ਹੋਇਆ। ਰਵਾਨਗੀ ਤੋਂ ਪਹਿਲਾਂ ਗਿਆਨੀ ਨਿਰੰਜਨ ਸਿੰਘ 'ਸਰਲ' ਨੇ ਸ੍ਰੀ ਅਕਾਲ ਤਖਤ ਉੱਪਰ ਸਜੇ ਦੀਵਾਨ ਵਿਚ ਇਹ ਕਵਿਤਾ ਪੜ੍ਹੀ :

ਝਾਕਾ ਲੈਣ ਤੇਰੀ ਕਾਲ ਕੋਠੜੀ ਦਾ ਗਵਰਨਮੈਂਟ ਤੇਰੇ ਪੈਨਸ਼ਨਖਾਰ ਚੱਲੇ।
ਖ਼ੂਨ ਡੋਲ੍ਹਿਆ ਜਿਹਨਾਂ ਨੇ ਤੇਰੇ ਬਦਲੇ ਕੈਦੀ ਬਣਨ ਤੇਰੇ ਵਫ਼ਦਾਰ ਚੱਲੇ।
ਔਹਦੇਦਾਰੀਆਂ ਘਾਲਣਾਂ ਘਾਲ ਲਈਆਂ ਜਮਾਦਾਰ ਰਲ ਕੇ ਸੂਬੇਦਾਰ ਚੱਲੇ।
ਤੇਰੀ ਪਾਪ ਦੀ ਬੇੜੀ ਨੂੰ ਰਹੇ ਧੱਕਦੇ ਡੋਬਣ ਵਾਸਤੇ ਅੱਜ ਮੰਝਧਾਰ ਚੱਲੇ।
ਜੀਕੂੰ ਜੰਗ ਕਰ ਫਤਹਿ ਅਨੇਕ ਦਿੱਤੇ ਤੈਨੂੰ ਦੇਣ ਓਸੇ ਤਰ੍ਹਾਂ ਅੱਜ ਹਾਰ ਚੱਲੇ।
ਦਿੱਤਾ ਫਲ ਜੋ ਤੂੰ ਨੇਕਨਾਮੀਆਂ ਦਾ ਕਰਦੇ ਓਸ ਦੀ ਨਾਲ ਵਿਚਾਰ ਚੱਲੇ।
ਤੇਰੇ ਜ਼ੁਲਮ ਦੀ ਸੀ ਚੁੱਕੀ ਪੰਡ ਸਿਰ 'ਤੇ ਸੁੱਟਣ ਵਾਸਤੇ ਉਹ ਤੇਰੇ ਭਾਰ ਚੱਲੇ,
ਲੈ ਕੇ ਕੱਪੜਾ ਰੇਸ਼ਮੀ ਬੰਨ੍ਹ ਉਸ ਵਿਚ ਤੇਰੇ ਮੂੰਹ ਤੇ ਜੁੱਤੀਆਂ ਮਾਰ ਚੱਲੇ।

ਤੇਰੇ ਡੰਗ ਦੇ ਨਾਲ ਬੇਹੋਸ਼ ਹੋਸਣ ਸੂਰਖ ਸੱਪ ਨੂੰ ਦੁੱਧ ਪਿਆ ਚੱਲੇ।
ਤੇਰੇ ਗਿੱਦੜਾਂ ਵਾਲੇ ਪ੍ਰਵਾਨਿਆਂ ਨੂੰ 'ਕੱਠੇ ਕਰਕੇ ਅੱਗ ਲਗਾ ਚੱਲੇ।
ਤੇਰੀ ਛੱਟ ਗੁਲਾਮੀ ਦੀ ਸੁੱਟ ਭੁੰਞੇ ਸ਼ੇਰ ਸੰਧਿਆ ਦਾ ਡਰ ਲਾਹ ਚੱਲੇ।
ਭੰਨ ਤੋੜ ਕੇ ਕੁਰਸੀਆਂ ਤੁਰਸੀਆਂ ਨੂੰ ਪੌਂਦੇ ਤਮਗਿਆਂ ਸਿਰ ਸਵਾਹ ਚੱਲੇ।
ਸ਼ੇਰ ਵਾਂਗ ਤੇਰੇ ਹੱਥੋਂ ਮਰਨ ਲੱਗੇ ਬਿੱਲੀ ਵਾਂਗ ਜੋ ਤੈਨੂੰ ਪੜ੍ਹਾ ਚੱਲੇ।

ਤੂਤਭੀਤੀਆਂ ਤੇਰੀਆਂ ਭੁੱਲ ਸੱਭੇ ਵਾਜੇ ਆਪਣੇ ਆਪ ਵਜਾ ਚੱਲੇ।
ਕੋਇਲਾਂ ਕਾਲੀਆਂ ਬਾਗ ਨੂੰ ਉੱਡ ਚੱਲੀਆਂ ਭੌਰ ਫੁੱਲਾਂ ਦੀ ਆਸ ਤਕਾ ਚੱਲੇ।
ਪਾ ਲੈ ਪਿੰਜਰੇ ਵਿਚ ਬੇਸ਼ੱਕ ਭਾਵੇਂ ਇਹ ਵੀ ਖੰਭ ਤਾਂ ਨਹੀਂ ਫੜਕਾ ਚੱਲੇ।
ਬਣੇ ਠੀਕ ਨਿਹੰਗ ਨਿਸ਼ੰਗ ਹੋ ਕੇ ਵਾਂਗ ਕਾਲੀਆਂ ਘਟਾਂ ਦੇ ਛਾ ਚੱਲੇ।
ਕੰਡਾ ਚੋਭ ਕੇ ਤੇਰੀ ਕਰਤੂਤ ਸੰਦਾ ਤੇਰੇ ਪੀੜ ਕਲੇਜੇ ਨੂੰ ਪਾ ਚੱਲੇ।
ਬਣ ਕੇ ਯਾਰ ਜੋ ਤੂੰ ਮਿੱਤਰਮਾਰ ਕੀਤੀ ਤੇਰੇ ਢੋਲ ਦਾ ਪੋਲ ਖੁਲ੍ਹਾ ਚੱਲੇ।
ਬਗਲੇ ਭਗਤ ਨੂੰ ਸੀ ਸਮਝੀ ਹੰਸ ਬੈਠੇ ਵੇਖ ਡੱਡੀਆਂ-ਖਾਣਾ ਉਡਾ ਚੱਲੇ।
ਤੇਰਾ ਮੁੱਖ ਸੀ ਜੋ ਪਰੀ ਹੂਰ ਵਰਗਾ ਕਾਲਾ ਸ਼ਾਹ ਹੋ ਗਿਆ ਸਮਝਾ ਚੱਲੇ।
ਖੋਹਲ ਅੱਖੀਆਂ ਵੇਖ ਹੁਣ ਹੋਸ਼ ਕਰ ਕੇ ਤੈਨੂੰ ਖਾਣ ਤੇਰੇ ਖੈਰਖਾਹ ਚੱਲੇ।

ਜਰਮਨ ਜੰਗ ਦੇ ਵਿਚ ਬਹਾਦਰਾਂ ਨੇ ਰੱਤਾਂ ਤੇਰੇ ਬਚਾਉਣ ਨੂੰ ਰੋਹੜੀਆਂ ਸੀ।
ਮੁੱਠੀ ਛੋਲਿਆਂ ਦੀ ਖਾ ਕੇ ਰਹੇ ਲੜਦੇ ਆਈਆਂ ਹੱਥ ਨਾ ਗੁੜ ਦੀਆਂ ਰੋੜੀਆਂ ਸੀ।
ਦੁੱਖ ਭੁੱਖ ਦੇ ਨਾਲ ਜਾਂ ਮਰਨ ਲੱਗੇ ਵੱਢ ਖਾਧੀਆਂ ਖੱਚਰਾਂ ਘੋੜੀਆਂ ਸੀ।
ਦਿਨੇ ਰਾਤ ਪੈਦਲ ਕਿਤਨੇ ਸਫਰ ਕੀਤੇ ਪੈਰਾਂ ਵਿਚ ਪੈ ਗਈਆਂ ਲਛੋੜੀਆਂ ਸੀ।
ਛਾਤੀ ਵਿਚ ਸਹਾਰ ਕੇ ਗੋਲੀਆਂ ਨੂੰ ਦੁਸ਼ਮਣ ਸੰਦੀਆਂ ਗਰਦਨਾਂ ਤੋੜੀਆਂ ਸੀ।
ਗਲੇ ਹੱਥ ਤੇ ਪੈਰ ਵਿਚ ਮੋਰਚੇ ਦੇ ਨਾਲ ਪੀਪ ਦੇ ਬਰਦੀਆਂ ਜੋੜੀਆਂ ਸੀ।
ਵਿਚ ਉਂਗਲਾਂ ਕਈਆਂ ਨੂੰ ਪਏ ਕੀੜੇ ਵਗਦੇ ਲਹੂ ਸਨ ਜਿਸ ਤਰ੍ਹਾਂ ਕੋਹੜੀਆਂ ਸੀ।
ਕਈ ਲੱਤਾਂ ਤੇ ਬਾਹਵਾਂ ਤੋਂ ਹੀਣ ਹੋ ਗਏ ਗਈਆਂ ਟੁੱਟ ਤੇ ਧੜੋਂ ਵਿਛੋੜੀਆਂ ਸੀ।
ਐਪਰ ਕੁੱਝ ਨਾ ਤੁੱਧ ਐਹਸਾਨ ਜਾਤਾ ਪੱਥਰ ਸੁੱਟ ਕੇ ਬੇੜੀਆਂ ਬੋੜੀਆਂ ਸੀ।

ਅਸਲ ਸਮਝ ਕੇ ਸੋਨੇ ਦੀ ਚਿੜੀ ਸਾਨੂੰ ਝੱਟ ਪੱਟ ਆ ਜਾਲ ਵਿਛਾ ਦਿੱਤਾ।
ਉੱਤੇ ਓਸ ਦੇ ਮਿੱਟੀ ਦਾ ਬੁੱਕ ਪਾ ਕੇ ਉੱਤੇ ਦਾਣਿਆਂ ਤਾਈਂ ਖਿੰਡਾ ਦਿੱਤਾ।
ਦਾਣੇ ਵੇਖ ਕੇ ਅਸੀਂ ਚੁਗਣ ਲੱਗੇ ਰੱਸੀ ਖਿੱਚ ਕੇ ਤੁਰੰਤ ਉਲਟਾ ਦਿੱਤਾ।
ਪਾ ਕੇ ਪਿੰਜਰੇ ਕੈਦ ਕਰ ਰੱਖ ਲਈਆਂ ਵਾਹਵਾ ਨੇਕੀਆਂ ਦਾ ਬਦਲਾ ਦਿੱਤਾ।
ਜਦੋਂ ਵੇਖਿਆ ਤੂੰ ਵਿਚੋਂ ਹਿੱਲਦੀਆਂ ਨੇ ਛੁਰੀ ਫੇਰ ਕੇ ਕਤਲ ਕਰਾ ਦਿੱਤਾ।
ਚਿੜੀ ਸੋਨੇ ਦੀ ਰਹੀ ਨਾ ਟਕੇ ਦੀ ਏ ਐਸਾ ਭੁੰਨ ਮਸਾਲੜਾ ਲਾ ਦਿੱਤਾ।

ਚਿੜੀਆਂ ਮਾਰ ਕੇ ਤੈਨੂੰ ਨਾ ਚੈਨ ਆਇਆ ਅੱਗੇ ਹੋਰ ਵੀ ਕਦਮ ਵਧਾਇਆ ਤੂੰ।
ਚਿੜੀ ਫੇਰ ਅਜਿਹੀ ਨਾ ਹੋਵੇ ਪੈਦਾ ਉੱਤੇ ਬਾਗ ਦੇ ਹੱਥ ਉਠਾਇਆ ਤੂੰ।
ਟਾਹਣੀ ਮੂਲ ਨਾ ਹਰੀ ਰਹਿ ਜਾਇ ਕੋਈ ਐਸਾ ਬਾਲ ਮੁਆਤੜਾ ਲਾਇਆ ਤੂੰ।
ਜਿਸ ਦੇ ਵਿਚ ਸੜ ਗਏ ਨੇ ਜੀਵ ਬਹੁਤੇ ਐਸਾ ਕਹਿਰ ਦਾ ਭਾਂਬੜ ਮਚਾਇਆ ਤੂੰ।

ਪ੍ਰੋ. ਰੁਚੀ ਰਾਮ ਸਾਹਨੀ ਨੇ 24 ਅਕਤੂਬਰ, 1922 ਦੇ 'ਟ੍ਰਿਬਿਊਨ' ਵਿਚ ਪ੍ਰਕਾਸ਼ਿਤ ਆਪਣੇ ਲੇਖ ਵਿਚ ਇਸ ਸਮੇਂ ਦਾ ਦ੍ਰਿਸ਼ ਇਉਂ ਬਿਆਨ ਕੀਤਾ ਹੈ।

"ਜਦੋਂ ਮੈਂ ਅਕਾਲ ਤਖਤ ਪਹੁੰਚਿਆ ਤਾਂ ਅਕਾਲੀ ਅਹਿੰਸਾ ਦਾ ਪ੍ਰਣ ਲੈਣ ਉਪਰੰਤ ਜਥੇ ਦੇ ਰੂਪ ਵਿਚ ਗੁਰੂ ਕਾ ਬਾਗ ਲਈ ਚੱਲਣ ਤੋਂ ਪਹਿਲਾਂ ਇੱਕ ਇੱਕ ਕਰਕੇ ਅਕਾਲ ਤਖਤ ਤੋਂ ਦਰਬਾਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਨਿਵਾਉਣ ਅਤੇ ਅਸੀਸ ਲੈਣ ਲਈ ਜਾ ਰਹੇ ਸਨ। ਇਹ ਸਾਰੀ ਕਾਰਵਾਈ ਦੇਖ ਰਹੇ ਦਸ ਪੰਦਰਾਂ ਹਜ਼ਾਰ ਦਰਸ਼ਕ ਅਕਾਲ ਤਖਤ ਸਾਹਮਣੇ ਖੁਲ੍ਹੀ ਜਗਾ ਦੇ ਉੱਤੇ ਇੰਚ ਇੰਚ ਜਗ੍ਹਾ ਮੱਲਣ ਦੇ ਨਾਲ ਨਾਲ ਆਲੇ ਦੁਆਲੇ ਦੀਆਂ ਇਮਾਰਤਾਂ ਉੱਤੇ ਮਿਲ ਸਕਦੀ ਹਰ ਸੰਭਵ ਥਾਂ ਮੱਲੀ ਬੈਠੇ ਸਨ। ਇੱਕ ਸੌ ਦੇ ਇਸ ਜਥੇ ਵਿੱਚ 22 ਚਿੱਟੀਆਂ ਦਾੜ੍ਹੀਆਂ ਵਾਲੇ, ਇਹਨਾਂ ਤੋਂ ਕੁੱਝ ਘੱਟ ਕਾਲੀ ਦਾੜ੍ਹੀ ਵਾਲੇ ਅਤੇ ਬਾਕੀ ਚਾਲੀ ਪੰਜਾਹ ਸਾਲ ਦੀ ਉਮਰ ਦੇ ਸਨ। ਜਥੇ ਵਿਚ 53 ਨਾਨ-ਕਮਿਸ਼ਨਡ ਅਫਸਰ ਅਤੇ ਬਾਕੀ ਸਿਪਾਹੀ



22 ਅਕਤੂਬਰ ਨੂੰ ਸੂਬੇਦਾਰ ਅਮਰ ਸਿੰਘ ਦੀ ਅਗਵਾਈ ਹੇਠ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਨੂੰ ਜਾ ਰਹੇ ਸੇਵਾ-ਮੁਕਤ ਫੌਜੀਆਂ ਦਾ ਜਥਾ, ਮਿਲਟਰੀ ਬੈਂਡ ਅਤੇ ਦੋ ਝੰਡੇ ਵੀ ਦਿਖਾਈ ਦੇ ਰਹੇ ਹਨ।

ਅਤੇ ਸਵਾਰ ਸਨ। ਉਹਨਾਂ ਨੇ ਸਿਰਾਂ ਉਪਰ ਕੇਸਰੀ ਰੰਗ ਦੀ ਕੇਸਕੀ ਉਪਰ ਦੀ ਕਾਲੀ ਪੱਗ ਬੰਨ੍ਹੀ ਹੋਈ ਸੀ। ਲੰਮੇ ਕਾਲੇ ਚੋਗੇ ਹੇਠ ਗੋਡਿਆਂ ਤੱਕ ਕਛਹਿਰਾ ਪਹਿਨਿਆ ਸੀ। ਲੱਕ ਦੁਆਲੇ ਕੇਸਰੀ ਪਟਕਾ ਅਤੇ ਕੇਸਰੀ ਗਾਤਰੇ ਵਿਚ ਲਟਕਦੀ ਕ੍ਰਿਪਾਨ ਉਹਨਾਂ ਦੀ ਵਰਦੀ ਮੁਕੰਮਲ ਕਰਦੀ ਸੀ। ਤਿੰਨ ਚਾਰ ਨੇ ਮੈਡਲ ਵੀ ਲਾਏ ਹੋਏ ਸਨ। ਹਰ ਇਕ ਨੇ ਸਿਰਾਂ ਉੱਤੇ ਫੁੱਲ ਟੰਗਣ ਦੇ ਨਾਲ ਨਾਲ ਗਲਾਂ ਵਿਚ ਗੁਲਾਬੀ ਗੁਲਾਬ ਦਾ ਹਾਰ ਪਹਿਨਿਆ ਹੋਇਆ ਸੀ। ਜਥੇ ਵਿਚਲੇ ਦੋ ਦ੍ਰਿਸ਼ ਵਿਸ਼ੇਸ਼ ਜ਼ਿਕਰ ਦੀ ਮੰਗ ਕਰਦੇ ਹਨ। ਹਵਾਲਦਾਰ ਚੇਤਨ ਸਿੰਘ ਲੜਾਈ ਵਿਚ ਆਪਣੀ ਲੱਤ ਗਵਾਉਣ ਪਿੱਛੋਂ ਲੱਕੜ ਦੀ ਲੱਤ ਦੇ ਆਸਰੇ ਚੱਲ ਰਿਹਾ ਸੀ। ਉਸਨੂੰ ਦਰਸ਼ਕਾਂ ਨੇ ਉਚੇਚੇ ਫੁੱਲ ਭੇਟ ਕੀਤੇ। ਦੂਜਾ ਦ੍ਰਿਸ਼ ਕਾਲਾ ਲਿਬਾਸ ਧਾਰਨ ਕੀਤੀਆਂ ਤਿੰਨ ਔਰਤਾਂ ਦਾ ਸੀ ਜੋ ਜਥੇ ਵਿਚ ਸ਼ਾਮਲ ਆਪਣੇ ਪਰਵਾਰ-ਜਨਾਂ ਨੂੰ ਫੁੱਲ ਭੇਟ ਕਰ ਰਹੀਆਂ ਸਨ। ਇਹਨਾਂ ਵਿਚੋਂ ਇੱਕ ਕਿਸੇ ਅਕਾਲੀ ਦੀ ਮਾਂ ਸੀ ਅਤੇ ਦੂਜੀ ਕਿਸੇ ਹੋਰ ਦੀ ਧੀ। ਅਕਾਲੀ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਚਾਰ ਚਾਰ ਦੀ ਪੰਕਤੀ ਵਿਚ ਰਵਾਨਾ ਹੋਏ। ਘੰਟਾ ਘਰ ਕੋਲ ਆਉਣ ਉੱਤੇ ਉਹਨਾਂ ਦੇ ਫੋਟੋ ਲਏ ਗਏ। ਇਸ ਸਮੇਂ ਇੱਕ ਮੁਸਲਮਾਨ ਸੱਜਣ ਨੇ ਭਾਸ਼ਨ ਕਰਦਿਆਂ ਦੱਸਿਆ ਕਿ ਇਸ ਜਥੇ ਦੇ ਦਰਸ਼ਨ ਕਰਨ ਲਈ ਉਹ ਲਗਾਤਾਰ ਚਾਰ ਦਿਨ ਦੀ ਪੈਦਲ ਯਾਤਰਾ ਉਪਰੰਤ ਇਥੇ ਪਹੁੰਚਿਆ ਹੈ। ਜਥੇਦਾਰ ਅਮਰ ਸਿੰਘ ਪਹਿਲੀ ਪੰਕਤੀ ਦੇ ਵਿਚਕਾਰ ਸੀ। ਜਥਾ ਇਥੋਂ ਮਾਰਚ ਕਰਦਾ ਹੋਇਆ ਤੁਰਿਆ। ਜਥੇ ਦੇ ਅੱਗੇ ਅੱਗੇ ਇਕ ਅਕਾਲੀ ਕਾਲਾ ਝੰਡਾ ਲੈ ਕੇ ਚੱਲ ਰਿਹਾ ਸੀ। ਜਥੇ ਦੇ ਬਾਜ਼ਾਰ ਵਿਚ ਦੀ ਗੁਜ਼ਰਨ ਸਮੇਂ ਘਰਾਂ ਦੀਆਂ ਬਾਲ-ਕੋਨੀਆਂ ਤੋਂ ਫੁੱਲਾਂ ਦੀ ਬਰਖਾ ਕੀਤੀ ਗਈ।"

ਜਦੋਂ ਇਹ ਜਥਾ ਅੰਮ੍ਰਿਤਸਰ ਕਚਹਿਰੀਆਂ ਕੋਲ ਦੀ ਲੰਘ ਰਿਹਾ ਸੀ ਤਾਂ ਜ਼ਿਲ੍ਹੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਡੰਨਟ ਨੇ ਤਿੰਨ ਚਾਰ ਹੋਰ ਅੰਗਰੇਜ਼ ਅਫ਼ਸਰਾਂ ਦੇ ਨਾਲ ਆ ਕੇ ਜਥੇ ਨੂੰ ਰੋਕ ਲਿਆ ਅਤੇ ਸਰਕਾਰ ਬਰਤਾਨੀਆ ਅਤੇ ਸਿੱਖਾਂ ਦੇ ਆਪਸੀ ਨਿੱਘੇ ਸਬੰਧਾਂ ਦਾ ਚੇਤਾ ਕਰਵਾ ਕੇ ਜਥੇ ਨੂੰ ਗੁਰੂ ਕਾ ਬਾਗ ਨਾ ਜਾਣ ਦੀ ਪ੍ਰੇਰਨਾ ਕਰਨ ਲੱਗਾ। ਇਸ ਮੌਕੇ ਉੱਤੇ ਹਾਜ਼ਰ ਪ੍ਰੋ. ਰੁਚੀ ਰਾਮ ਸਾਹਨੀ ਨੇ ਡਿਪਟੀ ਕਮਿਸ਼ਨਰ ਅਤੇ ਫੌਜੀ ਪੈਨਸ਼ਨਰ ਅਕਾਲੀ ਜਥੇ ਦੇ ਆਗੂ ਸੂਬੇਦਾਰ ਅਮਰ ਸਿੰਘ ਦਰਮਿਆਨ ਹੋਈ ਵਾਰਤਾਲਾਪ ਨੂੰ ਇਉਂ ਕਾਨੀਬੰਦ ਕੀਤਾ ਹੈ :-

**ਡਿਪਟੀ ਕਮਿਸ਼ਨਰ :-** ਸਰਕਾਰ ਅਤੇ ਸਿੱਖ ਪਿਛਲੇ 70 ਸਾਲ ਤੋਂ ਵਧੀਆ ਮਿੱਤਰ ਬਣੇ ਆ ਰਹੇ ਹਨ, ਤੁਸੀਂ ਉਸ ਮਿੱਤਰਤਾ ਨੂੰ ਤੋੜਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹੋ?

**ਜਥੇਦਾਰ :-** ਠੀਕ ਹੈ, ਅਸੀਂ 70 ਸਾਲ ਤੋਂ ਚੰਗੇ ਮਿੱਤਰ ਬਣੇ ਹੋਏ ਹਾਂ। ਅਸੀਂ ਸਰਕਾਰ ਲਈ ਆਪਣੀਆਂ ਜਾਨਾਂ ਹੂਲੀਆਂ ਹਨ। ਅਸੀਂ ਕੋਤਲ ਅਮਾਰ ਦੇ ਸਥਾਨ ਉੱਤੇ ਆਪਣੇ ਆਪ ਨੂੰ ਦਸ ਦਿਨ ਭੁੱਖੇ ਰੱਖਿਆ। ਅਸੀਂ ਜੰਗ ਦੌਰਾਨ ਘੋੜਿਆਂ ਦੇ ਮਾਸ ਉੱਤੇ ਗੁਜ਼ਾਰਾ ਕੀਤਾ। ਅਸੀਂ ਸਰਕਾਰ ਦੀ ਖਾਤਰ ਆਪਣਾ ਧਰਮ-ਈਮਾਨ ਵੀ ਗੁਆਇਆ। ਪਰ ਸਰਕਾਰ ਨੇ ਸਾਡੀ ਦੋਸਤੀ ਦਾ ਸਿਲਾ ਸਾਡੇ ਭਰਾਵਾਂ ਨੂੰ ਬੇਰਹਿਮੀ ਨਾਲ ਮਾਰ ਕੁੱਟ ਕੇ ਦਿੱਤਾ।

**ਡਿਪਟੀ ਕਮਿਸ਼ਨਰ :-** ਇਹ ਦਰੁਸਤ ਨਹੀਂ। ਸਰਕਾਰ ਗੁਰੂ ਕਾ ਬਾਗ ਦੇ ਮਹੰਤ ਦੀ ਜ਼ਮੀਨ ਉੱਤੇ ਸਿੱਖਾਂ ਨੂੰ ਗੈਰ-ਕਾਨੂੰਨੀ ਕਬਜ਼ਾ ਕਰਨ ਦੀ ਆਗਿਆ ਨਹੀਂ ਦੇ ਸਕਦੀ। ਜੇ ਤੁਸੀਂ ਗੁਰਦੁਆਰੇ ਜਾਣਾ ਚਾਹੁੰਦੇ ਹੋ ਤਾਂ ਸਰਕਾਰ ਤੁਹਾਨੂੰ ਅਜਿਹਾ ਕਰਨ ਤੋਂ ਨਹੀਂ ਰੋਕੇਗੀ। ਪਰ ਸਰਕਾਰ ਤੁਹਾਨੂੰ ਉਥੇ ਜਾ ਕੇ ਕਿਸੇ ਹੋਰ ਦੀ ਜ਼ਮੀਨ ਉੱਤੇ ਕਾਬਜ਼ ਹੋਣ ਦੀ ਆਗਿਆ ਨਹੀਂ ਦੇ ਸਕਦੀ। ਤੁਹਾਡਾ ਗੁਰੂ ਕਾ ਬਾਗ ਜਾਣ ਦਾ ਕੀ ਮਨੋਰਥ ਹੈ?

**ਜਥੇਦਾਰ :-** ਸਾਹਿਬ! ਅਸੀਂ ਕਿਸੇ ਹੋਰ ਦੀ ਜ਼ਮੀਨ ਉੱਤੇ ਕਾਬਜ਼ ਨਹੀਂ ਹੋਣਾ ਚਾਹੁੰਦੇ ਅਤੇ ਸਾਨੂੰ ਅਜਿਹਾ ਕਰਨ ਦੀ ਲੋੜ ਵੀ ਨਹੀਂ ਹੈ। ਵਾਹਿਗੁਰੂ ਨੇ ਸਾਡੀ ਲੋੜ ਅਨੁਸਾਰ ਸਾਨੂੰ ਕਾਫੀ ਕੁੱਝ ਦੇ ਦਿੱਤਾ ਹੈ। ਇਹ ਗੁਰੂ ਦੀ ਜ਼ਮੀਨ ਹੈ ਅਤੇ ਗੁਰੂ ਦਾ ਹੀ ਇਸ ਉਪਰ ਕਬਜ਼ਾ ਹੈ। ਅਸੀਂ ਉਥੇ ਕੇਵਲ ਸੇਵਾ ਕਰਨ ਲਈ ਜਾ ਰਹੇ ਹਾਂ। ਅਸੀਂ ਗੁਰੂ ਦੀ ਜ਼ਮੀਨ ਤੋਂ ਗੁਰੂ ਕੇ ਲੰਗਰ ਲਈ ਬਾਲਣ ਕੱਟਣਾ ਚਾਹੁੰਦੇ ਹਾਂ।

**ਕਮਿਸ਼ਨਰ :-** ਸਰਕਾਰ ਕੇਵਲ ਉਹਨਾਂ ਦੇ ਖਿਲਾਫ ਹੈ, ਜੋ ਬਦਅਮਨੀ ਫੈਲਾਉਂਦੇ ਹਨ।

**ਜਥੇਦਾਰ :-** ਸਾਡੇ ਪਾਸ ਕੋਈ ਹਥਿਆਰ ਨਹੀਂ ਹਨ। ਹੈ ਕੋਈ? ਅਸੀਂ ਬਦਅਮਨੀ ਨਹੀਂ ਫੈਲਾ ਸਕਦੇ। ਜਿਵੇਂ ਪਹਿਲਾਂ ਸਾਡੇ ਭਰਾਵਾਂ ਨੂੰ ਕੁੱਟਿਆ ਗਿਆ ਹੈ, ਅਸੀਂ ਵੀ ਉਸੇ ਤਰ੍ਹਾਂ ਕੁੱਟ ਖਾਣ ਲਈ ਤਿਆਰ ਹਾਂ। ਅਸੀਂ ਕਦੇ ਤੁਹਾਡੇ ਚਰਚ ਨਹੀਂ ਗਏ ਅਤੇ ਤੁਹਾਡੇ ਆਦਮੀਆਂ ਦੇ ਕੰਮ ਵਿਚ ਦਖਲ ਨਹੀਂ ਦਿੱਤਾ। ਤੁਸੀਂ ਸਾਡੀ ਸੇਵਾ ਵਿਚ ਕਿਉਂ ਦਖਲ-ਅੰਦਾਜ਼ੀ ਕਰ ਰਹੇ ਹੋ?

**ਡਿਪਟੀ ਕਮਿਸ਼ਨਰ :-** ਅਸੀਂ ਇਸ ਮਸਲੇ ਨੂੰ ਤਿੰਨ ਤਰੀਕਿਆਂ ਨਾਲ ਹੱਲ ਕਰ ਸਕਦੇ ਹਾਂ। ਪਹਿਲਾ : ਕਿਸੇ ਕਾਨੂੰਨੀ ਅਦਾਲਤ ਦੇ ਰਾਹੀਂ; ਦੂਜਾ : ਪੰਚਾਇਤੀ ਸੁਲਾਹ-

ਸਫਾਈ ਨਾਲ; ਅਤੇ ਤੀਜਾ : ਗੁਰਦੁਆਰਾ ਬਿਲ ਦੇ ਮਾਧਿਅਮ ਦੁਆਰਾ। ਤੁਸੀਂ ਕਿਸ ਤਰੀਕੇ ਨੂੰ ਤਰਜੀਹ ਦੇਵੋਗੇ?

**ਜਥੇਦਾਰ :-** ਸਾਹਿਬ ! ਸਾਨੂੰ ਇਹਨਾਂ ਗੱਲਾਂ ਦੀ ਸਮਝ ਨਹੀਂ। ਬਿਹਤਰ ਹੈ ਕਿ ਤੁਸੀਂ ਇਸ ਮਾਮਲੇ ਬਾਰੇ ਪੰਥ ਦੇ ਨੁਮਾਇੰਦਿਆਂ ਜਾਂ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨਾਲ ਗੱਲ ਕਰੋ। ਸਾਡਾ ਕੰਮ ਤਾਂ ਸੇਵਾ ਕਰਨਾ ਹੈ, ਜੋ ਅਸੀਂ ਹਰ ਹਾਲ ਕਰਾਂਗੇ।

**ਡਿਪਟੀ ਕਮਿਸ਼ਨਰ :-** ਜੇਕਰ ਤੁਸੀਂ ਮੇਰੀ ਗੱਲ ਨਹੀਂ ਸੁਣੋਗੇ ਤਾਂ ਮੈਂ ਤੁਹਾਨੂੰ ਗੈਰ-ਕਾਨੂੰਨੀ ਇਕੱਠ ਐਲਾਨ ਦੇਵਾਂਗਾ।

"ਇਸ ਪਿੱਛੋਂ ਡਿਪਟੀ ਕਮਿਸ਼ਨਰ ਨੇ ਇਹ ਐਲਾਨ ਉਚੀ ਆਵਾਜ਼ ਵਿੱਚ ਦੁਹਰਾਇਆ। ਮੌਕੇ ਉੱਤੇ ਹਾਜ਼ਰ ਇਕ ਸਿੱਖ ਨੇ ਆਖਿਆ ਕਿ ਜੋ ਵਿਅਕਤੀ ਜਥੇ ਦੇ ਮੈਂਬਰ ਨਹੀਂ, ਉਹ ਪਾਸੇ ਹਟ ਜਾਣ। ਇਸ ਉੱਤੇ ਦਰਸ਼ਕ ਝਟ ਪੱਟ ਪਾਸੇ ਹੋ ਗਏ। ਲੋਕਾਂ ਨੇ ਸਮਝਿਆ ਕਿ ਜਥੇ ਨੂੰ ਤਤਕਾਲ ਗ੍ਰਿਫਤਾਰ ਕਰ ਲਿਆ ਗਿਆ ਹੈ ਪਰ ਜਿਵੇਂ ਹੀ ਵੱਜ ਰਹੇ ਬੈਂਡ ਦੇ ਪਿੱਛੇ ਜਥਾ ਅੱਗੇ ਵਧਿਆ, ਇਹ ਸਪੱਸ਼ਟ ਹੋ ਗਿਆ ਕਿ ਉਹਨਾਂ ਨੂੰ ਗ੍ਰਿਫਤਾਰ ਨਹੀਂ ਸੀ ਕੀਤਾ ਗਿਆ।



22 ਅਕਤੂਬਰ, 1922 ਨੂੰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਜਾਣ ਲਈ ਚੱਲਿਆ ਜਥਾ ਛੀਨਿਆਂ ਦੇ ਪੁੱਲ ਉਤੇ। ਕੁੱਝ ਅਕਾਲੀਆਂ ਦੀਆਂ ਪੱਗਾਂ ਉੱਤੇ ਚਿੱਟੇ ਫੁੱਲਾਂ ਦੇ ਹਾਰ ਬੰਨ੍ਹੇ ਦਿਖਾਈ ਦਿੰਦੇ ਹਨ।

"ਜਥਾ ਬਾਕਾਇਦਾ ਫੌਜੀ ਅਨੁਸ਼ਾਸਨ ਵਿਚ ਰਹਿੰਦਿਆਂ ਸੜਕ ਦੇ ਖੱਬੇ ਪਾਸੇ ਕੱਚੀ ਜਗ੍ਹਾ ਉੱਤੇ ਚੱਲ ਰਿਹਾ ਸੀ ਤਾਂ ਜੋ ਸੜਕ ਉੱਤੇ ਸਫਰ ਕਰਨ ਵਾਲੇ ਹੋਰਨਾਂ ਮੁਸਾਫਰਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਹ ਜਥਾ ਅਜੇ ਗੁਮਟਾਲਾ ਅਤੇ ਰਾਜਾ ਸਾਂਸੀ ਦੇ ਵਿਚਕਾਰ ਸੀ ਕਿ ਪਿਛੋਂ ਅੰਮ੍ਰਿਤਸਰ ਵੱਲੋਂ ਇੱਕ ਮੋਟਰ ਲਾਰੀ ਨੰ: 6793 ਆਈ, ਇਸ ਨੂੰ ਇੱਕ ਯੂਰਪੀਨ ਚਲਾ ਰਿਹਾ ਸੀ ਅਤੇ ਉਸ ਵਿਚ ਛੇ ਸੱਤ ਹਿੰਦੁਸਤਾਨੀ ਵੀ ਬੈਠੇ ਸਨ। ਯੂਰਪੀਨ ਡਰਾਈਵਰ ਨੇ ਜਾਣ ਬੁੱਝ ਕੇ ਲਾਰੀ ਜਥੇ ਵਿਚ ਲਿਆ

ਵਾੜੀ, ਜਿਸ ਨਾਲ ਇੱਕ ਬੈਂਡ-ਵਾਦਕ ਫਕੀਰ ਸਿੰਘ ਜ਼ਖਮੀ ਹੋ ਗਿਆ। ਡਰਾਈਵਰ ਬੜੀ ਲਾਪ੍ਰਵਾਹੀ ਵਿਖਾਉਂਦਿਆਂ, ਜਿਵੇਂ ਕੁੱਝ ਵਪਾਰਿਆ ਹੀ ਨਾ ਹੋਵੇ, ਲਾਰੀ ਭਜਾ ਕੇ ਲੈ ਗਿਆ।"

•

## 23 ਅਕਤੂਬਰ (7 ਕੱਤਕ, ਸੋਮਵਾਰ) :
## ਗ੍ਰਿਫਤਾਰੀਆਂ ਦੀ ਗਿਣਤੀ 2912 ਹੋਈ

ਅੱਜ ਗੁਰੂ ਕਾ ਬਾਗ ਵਿਖੇ 127 ਹੋਰ ਅਕਾਲੀ ਸਤਿਆਗ੍ਰਹੀਆਂ ਵੱਲੋਂ ਗ੍ਰਿਫਤਾਰੀ ਦੇਣ ਨਾਲ ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 2912 ਹੋ ਗਈ। ਇੱਕ ਅਕਾਲੀ ਭਾਈ ਹਰਕ੍ਰਿਸ਼ਨ ਸਿੰਘ ਨੇ ਗ੍ਰਿਫਤਾਰੀ ਸਮੇਂ ਜੈਕਾਰਾ ਛੱਡਿਆ ਜਿਸ ਤੋਂ ਚਿੜ੍ਹ ਕੇ ਪੁਲਸ ਨੇ ਉਸ ਦੀ ਬੇਤਹਾਸ਼ਾ ਮਾਰ ਕੁੱਟ ਕੀਤੀ।

## 24 ਅਕਤੂਬਰ (8 ਕੱਤਕ, ਮੰਗਲਵਾਰ) :
## ਗ੍ਰਿਫਤਾਰੀਆਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਟੱਪ ਗਈ

ਅੱਜ 121 ਹੋਰ ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ। ਇਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 3033 ਹੋ ਗਈ। ਇਸ ਜਥੇ ਵਿੱਚ ਪਿੰਡ ਰਾਜਾਸਾਂਸੀ ਦੇ ਕੁੱਝ ਅਕਾਲੀ ਸ਼ਾਮਲ ਸਨ, ਜਿਨ੍ਹਾਂ ਨੂੰ ਸਥਾਨਕ ਪੁਲਸ ਨੇ ਪਛਾਣ ਲਿਆ ਅਤੇ ਪਾਸੇ ਲੈ ਜਾ ਕੇ ਉਹਨਾਂ ਨੂੰ ਮਾਫੀ ਮੰਗ ਕੇ ਰਿਹਾਈ ਲੈਣ ਲਈ ਮਜ਼ਬੂਰ ਕੀਤਾ। ਅਕਾਲੀ ਵਰਕਰਾਂ ਵੱਲੋਂ ਪੁਲਸ ਦੀ ਗੱਲ ਅਣਸੁਣੀ ਕੀਤੇ ਜਾਣ ਉੱਤੇ ਉਹਨਾਂ ਦੀ ਮਾਰ ਕੁੱਟ ਕੀਤੀ ਗਈ।

ਪੈਨਸ਼ਨਰ ਫੌਜੀ ਅਕਾਲੀ ਜਥੇ ਦੀ ਹਾਲੇ ਗ੍ਰਿਫਤਾਰੀ ਲਈ ਵਾਰੀ ਨਹੀਂ ਸੀ ਆਈ, ਇਸ ਲਈ ਇਹ ਸਾਰਾ ਜਥਾ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਹੀ ਟਿਕਿਆ ਹੋਇਆ ਸੀ। ਇਕ ਪੁਲਸ ਸਬ-ਇੰਸਪੈਕਟਰ ਨੇ ਜਥੇ ਦੇ ਆਗੂ ਸੂਬੇਦਾਰ ਅਮਰ ਸਿੰਘ ਨੂੰ ਸੁਨੇਹਾ ਦਿੱਤਾ ਕਿ ਉਸ ਨੂੰ ਵੱਡਾ ਸਾਹਿਬ ਬੁਲਾਉਂਦਾ ਹੈ। ਜਥੇਦਾਰ ਨੇ 'ਵੱਡੇ ਸਾਹਿਬ' ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਅਤੇ ਆਖਿਆ ਕਿ ਹੁਣ ਤਾਂ ਮੁਲਾਕਾਤ ਗ੍ਰਿਫਤਾਰੀ ਵਾਲੇ ਦਿਨ ਹੀ ਹੋਵੇਗੀ। ਜਦੋਂ ਇਹੋ ਸੁਨੇਹਾ ਦੂਜੀ ਵਾਰ ਆਇਆ ਤਾਂ ਜਥੇਦਾਰ ਨੇ ਉੱਤਰ ਦਿਤਾ ਕਿ "ਜੇਕਰ 'ਵੱਡੇ ਸਾਹਿਬ' ਨੇ ਕੋਈ ਗੱਲ ਗੁਰੂ ਕੇ ਬਾਗ ਬਾਰੇ ਕਰਨੀ ਹੈ, ਤਾਂ ਮੁੱਖ ਜਥੇਦਾਰ ਨਾਲ ਕਰੇ ਅਤੇ ਜੇਕਰ ਹੋਰ ਕੋਈ ਵਿਸ਼ਾ ਵਿਚਾਰਨਾ ਹੈ ਤਾਂ ਗੱਲ ਬਾਤ ਸ਼੍ਰੋਮਣੀ ਕਮੇਟੀ ਨਾਲ ਕੀਤੀ ਜਾਵੇ ; ਉਹ ਵੱਡੇ ਸਾਹਿਬ ਨਾਲ ਕਿਸੇ ਕਿਸਮ ਦੀ ਗੱਲਬਾਤ ਕਰਨ ਲਈ ਕੋਈ ਅਧਿਕਾਰ ਅਤੇ ਇੱਛਾ ਨਹੀਂ ਰੱਖਦਾ।"

## 25 ਅਕਤੂਬਰ (9 ਕੱਤਕ, ਬੁੱਧਵਾਰ) :
## ਫੌਜੀ ਪੈਨਸ਼ਨਰ ਅਕਾਲੀ ਜਥੇ ਦੀ ਗ੍ਰਿਫਤਾਰੀ; ਗ੍ਰਿਫਤਾਰੀਆਂ ਦੀ ਕੁਲ ਗਿਣਤੀ 3134 ਹੋਈ

ਸੂਬੇਦਾਰ ਅਮਰ ਸਿੰਘ ਦੀ ਅਗਵਾਈ ਵਿਚ 101 ਫੌਜੀ ਪੈਨਸ਼ਨਰ ਅਕਾਲੀਆਂ ਦੇ 22 ਅਕਤੂਬਰ ਨੂੰ ਗੁਰਦੁਆਰਾ ਗੁਰੂ ਕਾ ਬਾਗ ਪੁੱਜੇ ਜਥੇ ਦੀ ਅੱਜ ਹੋਈ ਗ੍ਰਿਫਤਾਰੀ ਨਾਲ ਇਸ ਮੋਰਚੇ ਦੌਰਾਨ ਗ੍ਰਿਫਤਾਰ ਹੋਏ ਕੁੱਲ ਵਿਅਕਤੀਆਂ ਦੀ ਗਿਣਤੀ 3134 ਹੋ ਗਈ। ਇਸ ਜਥੇ ਦੀ ਗ੍ਰਿਫਤਾਰੀ ਉਪਰੰਤ ਅਕਾਲੀਆਂ ਦੇ ਕੇਵਲ ਤੇੜ ਕਛਹਿਰਾ ਛੱਡ ਕੇ ਨਿਰਵਸਤਰ ਕਰ ਦਿੱਤਾ ਗਿਆ ਅਤੇ ਫਿਰ ਜਥੇ ਨੂੰ ਔਝੜ ਅਤੇ ਕੰਡਿਆਲੇ ਰਾਹੀਂ ਅੰਮ੍ਰਿਤਸਰ ਵੱਲ ਤੋਰਿਆ ਗਿਆ। ਛੀਨੇ ਦੇ ਪੁੱਲ ਉੱਤੇ ਜਥੇ ਦਾ ਸੁਆਗਤ ਕਰਨ ਅਤੇ ਜਲ ਪਾਨ ਕਰਵਾਉਣ ਲਈ ਇਕ ਤਕੜੀ ਭੀੜ ਇਕੱਤਰ ਹੋ ਚੁੱਕੀ ਸੀ। ਪੁਲਸ ਨੇ ਡੰਡੇ ਮਾਰ ਕੇ ਲੋਕਾਂ ਨੂੰ ਭਜਾਇਆ ਅਤੇ ਲੰਗਰ ਖਰਾਬ ਕਰ ਦਿੱਤਾ।

## 26 ਅਕਤੂਬਰ (10 ਕੱਤਕ, ਵੀਰਵਾਰ) :
## ਗ੍ਰਿਫਤਾਰੀਆਂ ਦੀ ਗਿਣਤੀ 3268 ਹੋਈ

ਗੁਰੂ ਕਾ ਬਾਗ ਵਿਖੇ ਅੱਜ ਹੋਰ 134 ਅਕਾਲੀ ਵਲੰਟੀਅਰਾਂ ਦੁਆਰਾ ਗ੍ਰਿਫਤਾਰੀ ਦਿੱਤੀ ਗਈ ਅਤੇ ਇਉਂ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ ਵਧ ਕੇ 3268 ਹੋ ਗਈ। ਪੁਲਸ ਨੇ ਇਸ ਸਾਰੇ ਜਥੇ ਨੂੰ ਕੇਵਲ ਕਛਹਿਰਾ ਤੇੜ ਰੱਖ ਕੇ ਬਾਕੀ ਸਾਰੇ ਕੱਪੜੇ ਲਾਹੁਣ ਲਈ ਮਜਬੂਰ ਕੀਤਾ।

ਇਸ ਦਿਨ ਪੁਲਸ ਨੇ ਅੰਮ੍ਰਿਤਸਰ ਸ਼ਹਿਰ ਵਿਚੋਂ ਭਾਈ ਰਣਜੀਤ ਸਿੰਘ 'ਤਾਜਵਰ' ਸਕੱਤਰ ਸ਼੍ਰੋਮਣੀ ਅਕਾਲੀ ਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਗੁਰੂ ਕਾ ਬਾਗ ਮੋਰਚੇ ਬਾਰੇ ਭਾਸ਼ਨ ਦੇਣ ਦੇ ਦੋਸ਼ ਵਿੱਚ ਹਿੰਦ ਦੰਡਾਵਲੀ ਦੀ ਧਾਰਾ 107 ਅਤੇ ਜ਼ਾਬਤਾ ਫੌਜਦਾਰੀ ਦੀ ਧਾਰਾ 108 ਅਧੀਨ ਗ੍ਰਿਫਤਾਰ ਕੀਤਾ। 'ਤਾਜਵਰ' ਸ਼੍ਰੋਮਣੀ ਅਕਾਲੀ ਦਲ ਦਾ ਗ੍ਰਿਫਤਾਰ ਹੋਣ ਵਾਲਾ ਦੂਜਾ ਸਕੱਤਰ ਸੀ। ਇਸ ਤੋਂ ਪਹਿਲਾਂ ਪੁਲਸ ਭਾਈ ਵਰਿਆਮ ਸਿੰਘ ਨੂੰ ਵੀ ਏਸੇ ਦੋਸ਼ ਵਿਚ ਗ੍ਰਿਫਤਾਰ ਕਰ ਚੁੱਕੀ ਸੀ।

ਸਰਗੋਧਾ ਪੁਲਸ ਨੇ ਵੀ ਇਸ ਦਿਨ ਮਾਸਟਰ ਹਰਨਾਮ ਸਿੰਘ ਸਰਗੋਧਾ ਨੂੰ ਗੁਰੂ ਕਾ ਬਾਗ ਬਾਰੇ ਇਤਰਾਜ਼ਯੋਗ ਭਾਸ਼ਨ ਕਰਨ ਦੇ ਦੋਸ਼ ਵਿੱਚ ਜ਼ਾਬਤਾ ਫੌਜਦਾਰੀ ਦੀ ਧਾਰਾ 108 ਅਧੀਨ ਗ੍ਰਿਫਤਾਰ ਕੀਤਾ।

ਲਾਲਾ ਅਮਰਦਾਸ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸ੍ਰ. ਮੁਕੰਦ ਸਿੰਘ ਸਕੱਤਰ, ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ 7 ਸਤੰਬਰ ਨੂੰ ਅਕਾਲ ਤਖਤ ਸਾਹਿਬ ਤੋਂ ਗੁਰੂ ਕਾ ਬਾਗ ਨੂੰ ਜਥੇ ਦੀ ਰਵਾਨਗੀ ਸਮੇਂ ਇਤਰਾਜ਼ਯੋਗ ਭਾਸ਼ਨ ਦੇਣ ਦੇ ਦੋਸ਼ ਵਿੱਚ ਚੱਲ ਰਹੇ ਮੁਕਦਮੇ ਵਿਚ ਅਦਾਲਤ ਨੇ ਭਾਈ ਮੁਕੰਦ ਸਿੰਘ ਨੂੰ ਤਿੰਨ ਸਾਲ ਕੈਦ ਅਤੇ 150 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

### 27 ਅਕਤੂਬਰ (11 ਕੱਤਕ, ਸ਼ੁੱਕਰਵਾਰ) :
### ਪੈਨਸ਼ਨਰ ਫੌਜੀ ਅਕਾਲੀ ਜਥੇ ਨੂੰ ਸਖਤ ਸਜ਼ਾ; ਗ੍ਰਿਫਤਾਰੀਆਂ ਸਾਢੇ ਤਿੰਨ ਹਜ਼ਾਰ ਨੂੰ ਢੁੱਕੀਆਂ

ਪਿਛਲੇ ਦਿਨੀਂ ਗੁਰਦੁਆਰਾ ਗੁਰੂ ਕਾ ਬਾਗ ਵਿਚੋਂ ਗ੍ਰਿਫਤਾਰ ਪੈਨਸ਼ਨਰ ਫੌਜੀ ਅਕਾਲੀਆਂ ਦੇ ਜਥੇ ਨੂੰ ਅੱਜ ਸੁਣਵਾਈ ਲਈ ਲਾਲਾ ਅਮਰ ਨਾਥ, ਮੈਜਿਸਟ੍ਰੇਟ, ਅੰਮ੍ਰਿਤਸਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਅਕਾਲੀ ਜਥੇ ਨੂੰ ਹਿੰਦ ਦੰਡਾਵਲੀ ਦੀ ਧਾਰਾ 145 ਅਧੀਨ ਕਿਸੇ ਹੋਰ ਵਿਅਕਤੀ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਠਹਿਰਾਇਆ। ਅਦਾਲਤ ਨੇ ਵੱਡੀ ਉਮਰ ਵਾਲੇ 25 ਫੌਜੀ ਪੈਨਸ਼ਨਰਾਂ ਨੂੰ ਛੇ ਮਹੀਨੇ ਦੀ ਕੈਦ ਅਤੇ 100 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਦੇਣ ਦੀ ਸੂਰਤ ਵਿਚ ਤਿੰਨ ਮਹੀਨੇ ਹੋਰ ਕੈਦ ਦੀ ਸਜ਼ਾ ਸੁਣਾਈ। ਫੌਜੀ ਚੇਤਨ ਸਿੰਘ, ਜੋ ਲੱਕੜ ਦੀ ਲੱਤ ਦੇ ਸਹਾਰੇ ਚਲਦਾ ਸੀ, ਨੂੰ ਰਿਹਾ ਕਰਨ ਦੇ ਆਦੇਸ਼ ਦਿੱਤੇ ਗਏ। ਚੇਤਨ ਸਿੰਘ ਨੇ ਬਥੇਰੀ ਜ਼ਿਦ ਕੀਤੀ ਕਿ ਉਸ ਨੂੰ ਵੀ ਬਾਕੀ ਅਕਾਲੀਆਂ ਵਾਂਗ ਸਜ਼ਾ ਦਿੱਤੀ ਜਾਵੇ ਪਰ ਅਦਾਲਤ ਨੇ ਉਸ ਦੀ ਗੱਲ ਨਾ ਮੰਨੀ। ਜਥੇ ਦੇ ਬਾਕੀ ਮੈਂਬਰਾਂ ਨੂੰ ਦੋ ਸਾਲ ਦੀ ਸਖਤ ਕੈਦ ਅਤੇ 100 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਹੋਰ ਛੇ ਮਹੀਨੇ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ। ਇਸ 'ਤੇ ਘੱਟ ਸਜ਼ਾ ਵਾਲਿਆਂ ਨੇ ਵੀ ਦੂਜਿਆਂ ਦੇ ਬਰਾਬਰ ਸਜ਼ਾ ਦੇਣ ਲਈ ਬੇਨਤੀ ਕੀਤੀ ਪਰ ਅਦਾਲਤ ਨੇ ਇਹ ਗੱਲ ਪ੍ਰਵਾਨ ਨਾ ਕੀਤੀ। ਸਜ਼ਾਵਾਂ ਸੁਣ ਕੇ ਅਕਾਲੀਆਂ ਨੇ ਖੁਸ਼ੀ ਵਿਚ ਜੈਕਾਰੇ ਗਜਾਏ। ਅਦਾਲਤ ਨੇ ਸੂਬੇਦਾਰ ਅਮਰ ਸਿੰਘ ਨੂੰ ਉਸ ਦੇ ਆਹੁਦੇ ਕਾਰਨ ਜੇਲ੍ਹ ਵਿਚ ਉੱਚੀ ਕਲਾਸ ਦੇਣ ਦੇ ਹੁਕਮ ਦਿਤੇ ਪਰ ਸੂਬੇਦਾਰ ਨੇ ਉੱਚੀ ਕਲਾਸ ਲੈਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਉਸ ਨੂੰ ਆਪਣੇ ਸਾਥੀਆਂ ਨਾਲ ਰਹਿ ਕੇ ਹੀ ਖੁਸ਼ੀ ਹੋਵੇਗੀ।

ਸੂਬੇਦਾਰ ਅਮਰ ਸਿੰਘ ਨੇ ਅਦਾਲਤ ਵਿਚ ਬਿਆਨ ਦਿੰਦਿਆਂ ਆਖਿਆ :

"ਅਸੀਂ ਇਸ ਮੌਕੇ ਨੂੰ ਗੌਰਮਿੰਟ ਅੱਗੇ ਇਹ ਗੱਲ ਸਾਫ ਕਰਨ ਲਈ ਵਰਤਦੇ ਹਾਂ ਕਿ ਇਕ ਸਿੱਖ ਦਾ ਮਨ ਗੁਰਦੁਆਰਾ ਸੁਧਾਰ ਲਹਿਰ ਲਈ ਆਮ ਕਰਕੇ ਅਤੇ ਗੁਰੂ ਕਾ ਬਾਗ ਦੇ ਮਾਮਲੇ ਬਾਰੇ ਖਾਸ ਕਰਕੇ ਕਿਵੇਂ ਮਹਿਸੂਸ ਕਰਦਾ ਹੈ। ਇਸ ਜਥੇ ਦੇ ਮੈਂਬਰ ਖੁਸ਼ ਹਨ ਕਿ ਉਹਨਾਂ ਬਾਦਸ਼ਾਹ ਸਲਾਮਤ ਦੀ ਖਿਦਮਤ ਕੀਤੀ ਜਿਸ ਵਾਸਤੇ ਕਿਸੇ ਵੀ ਵਫਾਦਾਰ ਦਿਲ ਵਿਚ ਸ਼ਰਮਸਾਰੀ ਨਹੀਂ ਹੈ। ਅਸੀਂ ਤੀਰਾਹ, ਚਿਤਰਾਲ, ਅਫਗਾਨਸਤਾਨ, ਬਰਮਾ, ਚੀਨ, ਉਤਰੀ ਅਫਰੀਕਾ, ਸੂਡਾਨ, ਮਿਸਰ, ਈਰਾਨ, ਮੈਸੋਟੋਮੀਆ, ਇਸਰਾਇਲ, ਗੋਲੀ ਪੋਲੀ, ਰੂਸ, ਫਰਾਂਸ ਅਤੇ ਹੋਰ ਕਈ ਘੱਟ ਅਹਿਮ ਖੇਤਰਾਂ ਵਿੱਚ ਬ੍ਰਿਟਿਸ਼ ਸਾਮਰਾਜ ਦੀ ਖਾਤਰ ਲੜਾਈਆਂ ਵਿੱਚ ਸ਼ਾਮਲ ਹੋਏ। ਇਹ ਨੌਕਰੀ ਅਸੀਂ ਹੱਦ ਦੀ ਸਰਦੀ ਗਰਮੀ ਦੇ ਮੌਸਮ ਵਿਚ ਕੀਤੀ। ਫਰਾਂਸ ਵਿਚ ਹਜ਼ਾਰਾਂ ਸਿੰਘ ਫੌਜੀ ਕਈ ਦਿਨਾਂ ਤੱਕ ਬਰਫ਼ ਪਾਣੀ ਨਾਲ ਭਰੀਆਂ ਖੰਦਕਾਂ ਵਿਚ ਖੜੇ ਰਹੇ। ਉਹਨਾਂ ਨੇ ਰੁਮਾਦੀ ਮੈਸੋਪਟੇਮੀਆਂ, ਜਿਥੇ 135 ਡਿਗਰੀ ਫਾਰਨਹੀਟ ਦੀ ਗਰਮੀ ਸੀ ਅਤੇ ਜਿੱਥੇ ਤੇਹ ਨਾਲ ਇਕ ਦਿਨ ਵਿਚ ਹੀ 190 ਤੋਂ ਘੱਟ ਮੌਤਾਂ ਨਹੀਂ ਸਨ ਹੋਈਆਂ, ਵਿਚ ਵੀ ਜੰਗੀ ਸੇਵਾ ਕੀਤੀ। ਨਿਓਣੇ ਚੈਪਲ ਅਤੇ ਸਾਈਪ੍ਰੈਸ ਵਿਚ ਜੋ ਸਿੱਖ ਫੌਜੀ

ਹੱਥੋਪਾਈ ਹੋ ਕੇ ਕਾਮਯਾਬ ਜਰਮਨ ਲਸ਼ਕਰ ਦੇ ਹੜ੍ਹ ਨੂੰ ਨਾ ਰੋਕਦੇ ਤਾਂ ਦੁਨੀਆਂ ਸ਼ੱਕ ਕਰਦੀ ਹੈ ਕਿ ਉਹ ਰੋਕਿਆ ਜਾ ਸਕਦਾ। ਕੁਤ-ਇਲ-ਅਮਾਰਾ ਵਿਚ ਅਸੀਂ ਉਸ ਵੇਲੇ ਡਟੇ ਰਹੇ ਜਦੋਂ ਕਿਤੋਂ ਵੀ ਮੱਦਦ ਪਹੁੰਚਣ ਦੀ ਆਸ ਟੁੱਟ ਚੁੱਕੀ ਸੀ, ਖ਼ਬਰਸਾਰ ਦੇ ਵਸੀਲੇ ਤੋੜ ਦਿੱਤੇ ਗਏ ਸਨ ਅਤੇ ਸਾਡੇ ਪਾਸ ਖਾਣ ਲਈ ਘੋੜਿਆਂ ਅਤੇ ਖੱਚਰਾਂ ਦੇ ਮਾਸ ਤੋਂ ਛੁੱਟ ਹੋਰ ਕੁੱਝ ਨਹੀਂ ਸੀ। ਸਾਡੇ ਵਿਚੋਂ 24 ਫੌਜੀ ਲੜਾਈ ਵਿੱਚ ਸਖਤ ਜ਼ਖਮੀ ਹੋਣ ਕਾਰਨ ਨੌਕਰੀ ਕਰਨ ਦੇ ਨਾਕਾਬਲ ਹੋ ਕੇ ਪੈਨਸ਼ਨਾਂ ਲੈ ਕੇ ਘਰੀਂ ਆਏ। ਇੱਕ ਦੀ ਲੱਤ ਕੱਟਣੀ ਪਈ ਸੀ ਅਤੇ ਦੋ ਦੀਆਂ ਗੈਸ ਨਾਲ ਅੱਖਾਂ ਖਰਾਬ ਹੋ ਗਈਆਂ ਸਨ। ਦੋ ਆਈ.ਓ. ਮੈਡਲ, ਇਕ ਆਈ.ਡੀ. ਮੈਡਲ ਅਤੇ ਇਕ ਐਚ.ਐਸ. ਮੈਡਲ ਤੋਂ ਬਿਨਾਂ ਸਾਡੇ ਲਗਪਗ ਹਰ ਫੌਜੀ ਪਾਸ ਇਕ ਜਾਂ ਦੂਜੇ ਇਮਤਿਆਜ ਦਾ ਤਮਗਾ ਹੈ। ਸਾਡੇ ਵਿਚੋਂ ਬਹੁਤੇ ਉਹਨਾਂ ਪਰਵਾਰਾਂ ਵਿਚੋਂ ਹਨ ਜਿਨ੍ਹਾਂ ਨੇ ਹਿੰਦੁਸਤਾਨੀ ਗਦਰ ਦੇ ਭੈੜੇ ਸਮੇਂ, ਜਦ ਬਰਤਾਨਵੀ ਝੰਡਾ ਇਸ ਧਰਤੀ ਉੱਤੇ ਡਿਕ ਡੋਲੇ ਖਾ ਰਿਹਾ ਸੀ, ਤੋਂ ਫੌਜੀ ਸੇਵਾ ਨਿਰੰਤਰਤਾ ਨਾਲ ਕੀਤੀ ਹੈ। ਸ਼ਹਿਨਸ਼ਾਹ ਪ੍ਰਤੀ ਆਪਣੀ ਬਣਦੀ ਡਿਊਟੀ ਤੋਂ ਵੱਧ ਅਸੀਂ ਕੁੱਝ ਨਹੀਂ ਕੀਤਾ ਅਤੇ ਅਜਿਹਾ ਅਸੀਂ ਪੂਰਨ ਯੋਗਤਾ ਅਤੇ ਸ਼ਕਤੀ ਨਾਲ ਕੀਤਾ ਹੈ। ਪਰ ਜਦੋਂ ਤੋਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਹੈ, ਉਦੋਂ ਤੋਂ ਬ੍ਰਿਟਿਸ਼ ਸਰਕਾਰ ਦੇ ਰਵੱਈਏ ਨੇ ਸਾਡੇ ਦਿਲਾਂ ਵਿੱਚ ਕਈ ਦੁੱਖ ਭਰੇ ਸ਼ੰਕੇ ਪੈਦਾ ਕਰ ਦਿੱਤੇ ਹਨ। ਅਸਾਂ ਨਨਕਾਣਾ ਸਾਹਿਬ ਦਾ ਕਤਲਾਮ ਵੇਖਿਆ ਅਤੇ ਜ਼ਾਲਮ ਪਾਰਟੀ ਨਾਲ ਅਫਸਰਾਂ ਦੀ ਹਮਦਰਦੀ ਵੇਖੀ। ਅਸਾਂ ਕ੍ਰਿਪਾਨ, ਕਾਲੀ ਪਗੜੀ ਅਤੇ ਦਰਬਾਰ ਸਾਹਿਬ ਦੀਆਂ ਕੁੰਜੀਆਂ ਦੇ ਮਾਮਲਿਆਂ ਵਿਚ ਆਪਣੀ ਪਰਜਾ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰ ਵੱਲੋਂ ਦਖਲ ਨਾ ਦਿੱਤੇ ਜਾਣ ਦੇ ਗੰਭੀਰ ਬਚਨਾਂ ਨੂੰ ਵੇਖਿਆ ਹੈ। ਇਹ ਸਾਰਾ ਕੁੱਝ ਅਸੀਂ ਦੇਖਿਆ, ਸੁਣਿਆ ਅਤੇ ਮਹਿਸੂਸ ਕੀਤਾ ਹੈ। ਮਹਿਸੂਸ ਕੀਤਾ ਹੈ ਕਿ ਸਿੱਖ ਵਜੋਂ, ਅਤੇ ਦੂਜਿਆਂ ਦੀ ਈਮਾਨਦਾਰੀ ਵਿਚ ਅੰਨਾ ਵਿਸ਼ਵਾਸ਼ ਕਰਨ ਬਾਰੇ, ਸਾਡੇ ਭਰਮ ਬੁਰੀ ਤਰ੍ਹਾਂ ਚਕਨਾਚੂਰ ਹੋ ਚੁੱਕੇ ਹਨ। ਇਹਨਾਂ ਸਾਰਿਆਂ ਤੋਂ ਉਪਰ ਹੈ ਗੁਰੂ ਕਾ ਬਾਗ। ਲਗਪਗ ਦੋ ਮਹੀਨੇ ਪਹਿਲਾਂ ਜਦੋਂ ਤੋਂ ਇਹ ਸੰਘਰਸ਼ ਸ਼ੁਰੂ ਹੋਇਆ, ਅਸੀਂ ਆਪਣੇ ਭਰਾਵਾਂ ਨੂੰ ਬਹੁਤ ਹੀ ਜ਼ਾਲਮਾਨਾ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਕੁੱਟੇ ਜਾਂਦੇ ਵੇਖਿਆ ਹੈ, ਉਹਨਾਂ ਦੀਆਂ ਦਾੜ੍ਹੀਆਂ-ਕੇਸਾਂ ਨੂੰ ਅਪਵਿੱਤਰ ਹੱਥਾਂ ਦੁਆਰਾ ਪੁੱਟੇ ਜਾਂਦੇ ਵੇਖਿਆ ਹੈ, ਆਪਣੇ ਪਾਵਨ ਗੁਰੂਆਂ ਬਾਰੇ ਬਹੁਤ ਹੀ ਬੇਇੱਜ਼ਤੀ ਅਤੇ ਭੜਕਾਹਟ ਵਾਲੇ ਸ਼ਬਦ ਸੁਣੇ ਹਨ, ਪੁਲਸ ਦੁਆਰਾ ਕਾਨੂੰਨ ਦੇ ਨਾਉਂ ਹੇਠ ਬੇਕਾਨੂੰਨੀ ਢੰਗ ਨਾਲ ਕੀਤੇ ਜਾਂਦੇ ਕੰਮ ਵੇਖੇ ਹਨ, ਜਦੋਂ ਕਿ ਅਮਨ ਕਾਨੂੰਨ ਪ੍ਰਤੀ ਵਿਖਾਈ ਜਾਂਦੀ ਇਸ ਬਹੁਤੀ ਚਿੰਤਾ ਲਈ ਅਸਲ ਆਧਾਰ ਕੋਈ ਹੈ ਨਹੀਂ ਸੀ। ਸਾਡੇ ਸਬਰ ਦੀ ਅਜ਼ਮਾਇਸ਼ ਸਿਖਰ ਉੱਤੇ ਪੁੱਜ ਗਈ ਸੀ। ਅਸੀਂ ਗੁਰੂ ਅਤੇ ਪੰਥ ਪ੍ਰਤੀ ਆਪਣੀ ਸ਼ਰਧਾ ਸਾਬਤ ਕਰਨ ਲਈ ਆਏ ਹਾਂ। ਸਾਡੇ ਭਰਾਵਾਂ ਦੀ ਕੀਤੀ ਗਈ ਜਲਾਲਤ ਦਾ ਸਾਨੂੰ ਸਹੀ ਸਹੀ ਅਨੁਭਵ ਕਰਵਾਉਣ ਲਈ ਪੁਲਸ ਨੇ ਸਾਨੂੰ ਵੀ ਉਸੇ ਸਾਰੇ ਵਤੀਰੇ ਦਾ ਸੁਆਦ ਚੁਖਾਉਣ ਦੀ ਮਿਹਰਬਾਨੀ ਕੀਤੀ ਹੈ। ਸਾਨੂੰ ਪਹਿਲਾਂ ਘਟੀਆ ਤੋਂ ਘਟੀਆ

ਮੁਜਰਮ ਵਾਂਗ ਨੰਗੇ ਕਰਕੇ ਤਲਾਸ਼ੀ ਲਈ ਗਈ ਅਤੇ 11 ਵਜੇ ਰਾਤ ਤੋਂ 6 ਵਜੇ ਸਵੇਰ ਤੱਕ ਏਨੇ ਸਖਤ ਪਹਿਰੇ ਵਿੱਚ ਰੱਖਿਆ ਗਿਆ ਕਿ ਟੱਟੀ ਪਿਸ਼ਾਬ ਜਾਣ ਦੀ ਵੀ ਆਗਿਆ ਨਹੀਂ ਦਿੱਤੀ ਗਈ। ਹੁਣ ਅਸੀਂ ਆਪਣੀਆਂ ਬਾਹਾਂ ਉੱਤੇ ਉਨ੍ਹਾਂ ਲੋਕਾਂ ਦੁਆਰਾ ਹੱਥਕੜੀਆਂ ਲਾਈਆਂ ਜਾ ਰਹੀਆਂ ਦੇਖ ਕੇ ਖੁਸ਼ ਹੋਵਾਂਗੇ, ਜਿਨ੍ਹਾਂ ਲੋਕਾਂ ਨੂੰ ਏਨੇ ਸਮੇਂ ਤੋਂ ਅਸੀਂ ਆਪਣੇ ਦੋਸਤ ਸਮਝਦੇ ਰਹੇ ਹਾਂ ਅਤੇ ਜਿਨ੍ਹਾਂ ਦੀ ਸੇਵਾ ਕਰਦਿਆਂ ਅਸੀਂ ਆਪਣੇ ਹਿਤਾਂ ਬਾਰੇ ਕਦੇ ਹਿਸਾਬ ਕਿਤਾਬ ਨਹੀਂ ਸੀ ਲਾਇਆ।

"ਅੱਜ ਅਸੀਂ ਆਪਣੇ ਆਪ ਨੂੰ ਹੋਰ ਵੀ ਵਡਭਾਗੇ ਸਮਝਦੇ ਹਾਂ ਕਿ ਸਾਨੂੰ ਗੁਰੂ ਦੇ ਬਾਗ ਵਿਚੋਂ ਗੁਰੂ ਦੇ ਲੰਗਰ ਲਈ ਬਾਲਣ ਕੱਟਦਿਆਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਆਪਣੇ ਧਰਮ-ਸਥਾਨਾਂ ਨੂੰ ਭੈੜ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਰਵਾਉਣ ਦੇ ਸਿਲਸਿਲੇ ਵਿਚ ਜੇਲ੍ਹ ਭੇਜਿਆ ਜਾ ਰਿਹਾ ਹੈ।"

ਨਿਰਮਲ ਸੰਪ੍ਰਦਾ ਨੇ ਗੁਰਦੁਆਰਾ ਸੁਧਾਰ ਲਹਿਰ ਦੇ ਮਨੋਰਥ ਨਾਲ ਸਹਿਮਤੀ ਪ੍ਰਗਟਾਉਂਦਿਆਂ ਗੁਰੂ ਕਾ ਬਾਗ ਮੋਰਚੇ ਵਿਚ ਭਾਗ ਲੈਣ ਦਾ ਫੈਸਲਾ ਕੀਤਾ। ਅੱਜ ਅਕਾਲ ਤਖਤ ਸਾਹਿਬ ਤੋਂ ਗੁਰਦੁਆਰਾ ਗੁਰੂ ਕਾ ਬਾਗ ਲਈ ਰਵਾਨਾ ਹੋਏ ਜਥੇ ਵਿਚ ਮਹੰਤ ਮੂਲ ਸਿੰਘ ਸ਼ਾਮਲ ਹੋਇਆ।

ਅੱਜ ਗੁਰੂ ਕਾ ਬਾਗ ਵਿਖੇ 126 ਹੋਰ ਅਕਾਲੀਆਂ ਵੱਲੋਂ ਗ੍ਰਿਫਤਾਰੀ ਦੇਣ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 3394 ਹੋ ਗਈ।

### 28 ਅਕਤੂਬਰ (12 ਕੱਤਕ, ਸ਼ਨਿਚਰਵਾਰ) :
### ਗ੍ਰਿਫਤਾਰੀਆਂ ਸਾਢੇ ਤਿੰਨ ਹਜ਼ਾਰ ਤੋਂ ਵਧ ਗਈਆਂ

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ 112 ਹੋਰ ਅਕਾਲੀਆਂ ਦੁਆਰਾ ਗ੍ਰਿਫਤਾਰੀ ਦਿੱਤੀ ਗਈ। ਇਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 3506 ਹੋ ਗਈ।

ਲੰਦਨ ਵਿੱਚ ਆਜ਼ਾਦੀ-ਪੱਖੀ ਹਿੰਦੁਸਤਾਨੀਆਂ ਦੇ ਅਖਬਾਰ 'ਹਿੰਦ' ਵਿੱਚ ਇਸ ਮੋਰਚੇ ਬਾਰੇ ਇਹ ਰੀਪੋਰਟ ਪ੍ਰਕਾਸ਼ਿਤ ਹੋਈ,

"ਸਜ਼ਾ ਹੋ ਚੁੱਕੇ ਅਕਾਲੀਆਂ ਦੀ ਗਿਣਤੀ ਦਾ ਹਿਸਾਬ ਲਾਉਣਾ ਔਖਾ ਹੈ ਕਿਉਂਕਿ ਇਕੋ ਹੀ ਆਦਮੀ ਇਕੋ ਹੀ ਜੁਰਮ ਵਿੱਚ ਦੋ ਦੋ ਵਾਰ ਕੈਦ ਕੀਤੇ ਜਾ ਰਹੇ ਹਨ ਅਤੇ ਜਿਹੜੇ ਇਸ ਨਜਾਇਜ਼ ਕਾਰਵਾਈ ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਹ ਹੱਤਕ-ਅਦਾਲਤ ਦੇ ਜੁਰਮ ਵਿੱਚ ਹੋਰ ਕੈਦ ਦੇ ਭਾਗੀ ਬਣ ਜਾਂਦੇ ਹਨ।...ਕਈ ਵਾਰ ਬੇਹੋਸ਼ ਪਏ ਸਿੰਘਾਂ ਉਤੋਂ ਦੀ ਘੋੜੇ ਲੰਘਾਏ ਜਾਂਦੇ ਹਨ। ਇਹ ਬਾਦਸ਼ਾਹ ਸ਼ਹਿਨਸ਼ਾਹ ਦੀ ਹਿੰਦੀ-ਪਰਜਾ ਉੱਤੇ ਪੰਜਾਬ ਵਿੱਚ ਅੰਗਰੇਜ਼ੀ ਕਾਨੂੰਨ 'ਤੇ ਅਮਨ ਦੀ ਵਰਤੋਂ

ਹੈ।... ਇਸ ਤੋਂ ਪਤਾ ਲੱਗ ਜਾਏਗਾ ਕਿ ਹਿੰਦ ਵਿੱਚ ਭੇਜਿਆ ਹੋਇਆ ਵਾਇਸਰਾਇ ਲਾਰਡ ਰੈਡਿੰਗ ਕਿਸ ਤਰ੍ਹਾਂ ਕਾਨੂੰਨ ਦੀ ਮਿੱਟੀ ਪਲੀਤ ਕਰ ਰਿਹਾ ਹੈ।... ਕੀ ਇਹ ਰੈਡਿੰਗ ਲਈ ਕਾਫੀ ਹੈ ਕਿ ਉਹ ਆਪਣੇ ਸਕੱਤਰਾਂ ਅਤੇ ਹੋਰ ਅਫਸਰਾਂ ਪਾਸੋਂ ਇਹ ਹਾਲ ਸੁਣਦਾ ਰਹੇ ਜਦੋਂ ਕਿ ਡੰਨਟ ਅਤੇ ਬੀਟੀ ਡਾਇਰ ਅਤੇ ਓਵਵਾਇਰ ਨੂੰ ਵੀ ਮਾਤ ਕਰ ਰਹੇ ਹੋਣ?"

### 29 ਅਕਤੂਬਰ (13 ਕੱਤਕ, ਐਤਵਾਰ) :

**ਕੁੱਲ ਗ੍ਰਿਫਤਾਰੀਆਂ 3625 ਹੋਈਆਂ; ਅਕਾਲੀ ਕੈਦੀ ਹੋਰ ਜੇਲ੍ਹਾਂ ਵਿਚ ਭੇਜੇ**

ਗੁਰੂ ਕਾ ਬਾਗ ਵਿਖੇ ਇਸ ਦਿਨ 119 ਹੋਰ ਅਕਾਲੀਆਂ ਵੱਲੋਂ ਗ੍ਰਿਫਤਾਰੀ ਦਿੱਤੇ ਜਾਣ ਨਾਲ ਮੋਰਚੇ ਵਿਚ ਹੁਣ ਤੱਕ ਗ੍ਰਿਫਤਾਰ ਹੋਏ ਅਕਾਲੀਆਂ ਦੀ ਗਿਣਤੀ ਵਧ ਕੇ 3625 ਹੋ ਗਈ।

ਅੰਮ੍ਰਿਤਸਰ ਦੀ ਜੇਲ੍ਹ ਵਿਚ ਕੈਦੀਆਂ ਦੀ ਵਧੀ ਗਿਣਤੀ ਨੂੰ ਘੱਟ ਕਰਨ ਲਈ 400 ਅਕਾਲੀ ਕੈਦੀ ਵਿਭਿੰਨ ਜੇਲ੍ਹਾਂ ਨੂੰ ਭੇਜੇ ਗਏ। ਇਹਨਾਂ ਵਿੱਚੋਂ ਕੁੱਝ ਅਕਾਲੀ ਅਟਕ ਦੇ ਕਿਲ੍ਹੇ ਵਿਚ ਰੱਖੇ ਜਾਣ ਲਈ ਰੇਲ ਗੱਡੀ ਦੁਆਰਾ ਰਵਾਨਾ ਕੀਤੇ ਗਏ।

ਮਿਸਟਰ ਈ.ਡੀ. ਮੈਕਲਗਨ ਅੱਜ ਸਵੇਰੇ ਹੀ ਸ਼ਿਮਲੇ ਤੋਂ ਲਾਹੌਰ ਵਾਪਸ ਆਇਆ ਸੀ ਅਤੇ ਉਸ ਸਮੇਂ ਤੋਂ ਹੀ ਕੌਂਸਲ ਦੇ ਸਿੱਖ ਮੈਂਬਰਾਂ, ਪੰਜਾਬ ਸਰਕਾਰ ਦੇ ਮੰਤ੍ਰੀਆਂ, ਲਾਹੌਰ ਡਵੀਜਨ ਦੇ ਕਮਿਸ਼ਨਰ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨਾਲ ਗੁਰੂ ਕਾ ਬਾਗ ਦੇ ਮਾਮਲੇ ਬਾਰੇ ਸਲਾਹ ਮਸ਼ਵਰਾ ਕਰ ਰਿਹਾ ਸੀ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਡਿਊਟੀ ਲਾਈ ਗਈ ਕਿ ਉਹ ਮਹੰਤ ਸੁੰਦਰ ਦਾਸ ਪਾਸੋਂ ਇਕ ਦਰਖਾਸਤ ਦੁਆਏ ਜਿਸ ਵਿਚ ਲਿਖਿਆ ਹੋਵੇ ਕਿ ਮਹੰਤ ਗੁਰੂ ਕਾ ਬਾਗ ਦੇ ਮਾਮਲੇ ਦੇ ਨਿਪਟਾਰੇ ਲਈ ਸੁਖਾਵਾਂ ਮਾਹੌਲ ਤਿਆਰ ਕਰਨ ਦੀ ਮਨਸ਼ਾ ਨਾਲ, ਆਪਣੀ ਜਾਇਦਾਦ ਉੱਤੇ ਬਿਨਾਂ ਕੋਈ ਅਧਿਕਾਰ ਛੱਡਿਆਂ ਇਕ ਸਾਲ ਲਈ ਜਾਂ ਸਾਲਸ/ਅਦਾਲਤ ਵੱਲੋਂ ਫੈਸਲਾ ਸੁਣਾਏ ਜਾਣ ਦੇ ਸਮੇਂ ਤੱਕ ਗੁਰਦੁਆਰੇ ਲਾਗਲੀ ਕਿੱਕਰਾਂ ਦੀ ਝਿੜੀ ਵਿਚੋਂ ਲੰਗਰ ਦੀ ਵਰਤੋਂ ਲਈ ਲੱਕੜ ਲਈ ਜਾਣ ਬਾਰੇ ਰਜ਼ਾਮੰਦੀ ਪ੍ਰਗਟ ਕਰਦਾ ਹੈ, ਅਤੇ ਨਤੀਜੇ ਵੱਜੋਂ ਉਸਨੂੰ ਪੁਲਸ ਸੁਰੱਖਿਆ ਦੀ ਲੋੜ ਨਾ ਰਹਿਣ ਕਾਰਨ ਪੁਲਸ ਵਾਪਸ ਬੁਲਾ ਲਈ ਜਾਵੇ।

ਡਿਪਟੀ ਕਮਿਸ਼ਨਰ ਨੇ ਆਸ ਪ੍ਰਗਟ ਕੀਤੀ ਕਿ ਉਹ ਮਹੰਤ ਨੂੰ ਅਜਿਹਾ ਲਿਖ ਕੇ ਦੇਣ ਲਈ ਰਜ਼ਾਮੰਦ ਕਰ ਲਏਗਾ।

### 30 ਅਕਤੂਬਰ (14 ਕੱਤਕ, ਸੋਮਵਾਰ) :

### ਪੰਜਾ ਸਾਹਿਬ ਦਾ ਸਾਕਾ; ਚੌਧਰੀ ਲਾਲ ਚੰਦ ਨੂੰ ਕੈਦ; ਗ੍ਰਿਫਤਾਰੀਆਂ ਦੀ ਗਿਣਤੀ 3746 ਹੋਈ

ਪਿਛਲੇ ਦਿਨ ਅੰਮ੍ਰਿਤਸਰ ਤੋਂ ਅਟਕ ਦੇ ਕਿਲ੍ਹੇ ਵਿੱਚ ਬੰਦ ਕਰਨ ਲਈ ਰੇਲ ਦੁਆਰਾ ਭੇਜੇ ਗਏ ਅਕਾਲੀ ਬੰਦੀਆਂ ਬਾਰੇ ਸੂਚਨਾ ਹਸਨ ਅਬਦਾਲ ਦੇ ਸਿੱਖਾਂ ਨੂੰ ਮਿਲੀ ਤਾਂ ਉਹਨਾਂ ਕੈਦੀਆਂ ਦੀ ਜਲ-ਪਾਣੀ ਨਾਲ ਸੇਵਾ ਕਰਨ ਦਾ ਪ੍ਰੋਗਰਾਮ ਉਲੀਕਿਆ। ਜਦੋਂ ਕੁੱਝ ਦਿਨ ਪਹਿਲਾਂ ਅਕਾਲੀ ਬੰਦੀਆਂ ਦੀ ਪਹਿਲੀ ਗੱਡੀ ਏਸੇ ਰਸਤੇ ਗੁਜ਼ਰੀ ਸੀ ਤਾਂ ਜਿਹਲਮ, ਸਰਗੋਧਾ ਆਦਿ ਸਟੇਸ਼ਨਾਂ ਉੱਤੇ ਸਿੱਖ ਸੰਗਤਾਂ ਨੇ ਲੰਗਰ ਆਦਿ ਦੀ ਸੇਵਾ ਕੀਤੀ ਸੀ ਪਰ ਹਸਨ ਅਬਦਾਲ ਦੇ ਵਸਨੀਕ ਇਹ ਖੁਸ਼ੀ ਪ੍ਰਾਪਤ ਨਹੀਂ ਸਨ ਕਰ ਸਕੇ। ਇਸ ਵਾਰੀ ਸੂਚਨਾ ਮਿਲਦੇ ਸਾਰ ਹੀ ਸੰਗਤਾਂ, ਦੁੱਧ, ਫਲ, ਲੰਗਰ ਆਦਿ ਲੈ ਕੇ ਰੇਲਵੇ ਸਟੇਸ਼ਨ ਉੱਤੇ ਜੁੜਨੀਆਂ ਸ਼ੁਰੂ ਹੋ ਗਈਆਂ। ਸਟੇਸ਼ਨ ਮਾਸਟਰ ਨਾਲ ਗੱਲ ਬਾਤ ਕਰਨ ਉੱਤੇ ਪਤਾ ਲੱਗਾ ਕਿ ਗੱਡੀ ਨੇ ਇਸ ਸਟੇਸ਼ਨ ਉੱਤੇ ਨਹੀਂ ਰੁਕਣਾ ਤਾਂ ਸਿੱਖ ਸੰਗਤ ਨੇ ਸਟੇਸ਼ਨ ਮਾਸਟਰ ਨੂੰ ਹਰ ਹਾਲ ਗੱਡੀ ਰੋਕਣ ਦੀ ਬੇਨਤੀ ਕੀਤੀ ਤਾਂ ਜੋ ਉਹ ਭੁੱਖੇ ਪਿਆਸੇ ਆ ਰਹੇ ਕੈਦੀ ਵੀਰਾਂ ਦੀ ਸੇਵਾ ਕਰ ਸਕਣ। ਸਟੇਸ਼ਨ ਮਾਸਟਰ ਦੁਆਰਾ ਗੱਡੀ ਰੋਕ ਸਕਣ ਤੋਂ ਅਸਮਰਥਾ ਪ੍ਰਗਟਾਏ ਜਾਣ ਉੱਤੇ ਸਿੱਖ ਸੰਗਤ ਨੇ ਹਰ ਹੀਲੇ ਪਹਿਲਾਂ ਅਕਾਲੀ ਬੰਦੀਆਂ ਦੀ ਪਹਿਲੀ ਗੱਡੀ ਏਸੇ ਰਸਤੇ ਗੁਜ਼ਰੀ ਸੀ ਤਾਂ ਜਿਹਲਮ, ਸਰਗੋਧਾ ਆਦਿ ਸਟੇਸ਼ਨਾਂ ਉੱਤੇ ਸਿੱਖ ਸੰਗਤਾਂ ਨੇ ਲੰਗਰ ਆਦਿ ਦੀ ਸੇਵਾ ਕੀਤੀ ਸੀ ਪਰ ਹਸਨ ਅਬਦਾਲ ਦੇ ਵਸਨੀਕ ਇਹ ਖੁਸ਼ੀ ਪ੍ਰਾਪਤ ਨਹੀਂ ਸਨ ਕਰ ਸਕੇ। ਇਸ ਵਾਰੀ ਸੂਚਨਾ ਮਿਲਦੇ ਸਾਰ ਹੀ ਸੰਗਤਾਂ, ਦੁੱਧ, ਫਲ, ਲੰਗਰ ਆਦਿ ਲੈ ਕੇ ਰੇਲਵੇ ਸਟੇਸ਼ਨ ਉੱਤੇ ਜੁੜਨੀਆਂ ਸ਼ੁਰੂ ਹੋ ਗਈਆਂ। ਸਟੇਸ਼ਨ ਮਾਸਟਰ ਨਾਲ ਗੱਲ ਬਾਤ ਕਰਨ ਉੱਤੇ ਪਤਾ ਲੱਗਾ ਕਿ ਗੱਡੀ ਨੇ ਇਸ ਸਟੇਸ਼ਨ ਉੱਤੇ ਨਹੀਂ ਰੁਕਣਾ ਤਾਂ ਸਿੱਖ ਸੰਗਤ ਨੇ ਸਟੇਸ਼ਨ ਮਾਸਟਰ ਨੂੰ ਹਰ ਹਾਲ ਗੱਡੀ ਰੋਕਣ ਦੀ ਬੇਨਤੀ ਕੀਤੀ ਤਾਂ ਜੋ ਉਹ ਭੁੱਖੇ ਪਿਆਸੇ ਆ ਰਹੇ ਕੈਦੀ ਵੀਰਾਂ ਦੀ ਸੇਵਾ ਕਰ ਸਕਣ। ਸਟੇਸ਼ਨ ਮਾਸਟਰ ਦੁਆਰਾ ਗੱਡੀ ਰੋਕ ਸਕਣ ਤੋਂ ਅਸਮਰਥਾ ਪ੍ਰਗਟਾਏ ਜਾਣ ਉੱਤੇ ਸਿੱਖ ਸੰਗਤ ਨੇ ਹਰ ਹੀਲੇ ਗੱਡੀ ਰੋਕਣ ਦਾ ਫੈਸਲਾ ਕਰ ਲਿਆ ਭਾਵੇਂ ਇਸ ਲਈ ਜਾਨਾਂ ਦੀ ਕੁਰਬਾਨੀ ਹੀ ਕਿਉਂ ਨਾ ਦੇਣੀ ਪਵੇ। ਅਨੇਕਾਂ ਸਿੱਖ ਰੇਲ ਦੀ ਪਟੜੀ ਉੱਤੇ ਧਰਨਾ ਦੇ ਕੇ ਬੈਠ ਗਏ। ਰੇਲ-ਇੰਜਣ ਦੇ ਡਰਾਈਵਰ ਨੇ ਪਟੜੀ ਉੱਤੇ ਆਦਮੀ ਬੈਠੇ ਦੇਖ ਕੇ ਉਹਨਾਂ ਨੂੰ ਦੂਰ ਹਟ ਜਾਣ ਲਈ ਬੜੀਆਂ ਸੀਟੀਆਂ ਵਜਾਈਆਂ ਪਰ ਨਿੱਡਰ ਸਿੱਖ ਗੱਡੀ ਰੋਕਣ ਦੀ ਮਨਸ਼ਾ ਨਾਲ ਅਡੋਲ ਰੇਲ ਦੀ ਪਟੜੀ ਉੱਤੇ ਡਟੇ ਬੈਠੇ ਰਹੇ। ਇੰਜਣ ਡਰਾਈਵਰ ਦੇ ਰੋਕਦਿਆਂ ਰੋਕਦਿਆਂ ਵੀ ਗੱਡੀ ਧਰਨਾਕਾਰੀਆਂ ਉਪਰ ਆ ਚੜ੍ਹੀ। ਇਸ ਦੁਰਘਟਨਾ ਵਿਚ ਗੁਰਦੁਆਰਾ ਪੰਜਾ ਸਾਹਿਬ ਦਾ ਖਜ਼ਾਨਚੀ ਭਾਈ ਪ੍ਰਤਾਪ ਸਿੰਘ ਅਤੇ ਇਕ ਯਾਤਰੂ ਭਾਈ ਕਰਮ ਸਿੰਘ, ਜੋ ਕੁੱਝ ਹੀ ਦਿਨ ਪਹਿਲਾਂ ਆਪਣੀ ਸਿੰਘਣੀ ਸਮੇਤ ਆਨੰਦਪੁਰ ਤੋਂ ਗੁਰਦੁਆਰਾ ਪੰਜਾ ਸਾਹਿਬ ਦੀ ਯਾਤਰਾ ਲਈ ਇਥੇ ਪਹੁੰਚਿਆ ਸੀ, ਸ਼ਹੀਦ ਹੋ ਗਏ।



ਸਾਕਾ ਪੰਜਾ ਸਾਹਿਬ (30 ਅਕਤੂਬਰ) ਦਾ ਸ਼ਹੀਦ ਭਾਈ ਕਰਮ ਸਿੰਘ



ਸਾਕਾ ਪੰਜਾ ਸਾਹਿਬ (30 ਅਕਤੂਬਰ) ਦਾ ਸ਼ਹੀਦ ਭਾਈ ਪ੍ਰਤਾਪ ਸਿੰਘ

ਪੁਲਸ ਨੇ ਸਿੱਖ ਸੰਗਤ ਨੂੰ ਭੜਕਾ ਕੇ ਰੇਲਵੇ ਸਟੇਸ਼ਨ ਉੱਤੇ ਲਿਆਉਣ ਦੇ ਦੋਸ਼ ਵਿਚ ਭਾਈ ਅਵਤਾਰ ਸਿੰਘ, ਮੈਨੇਜਰ, ਗੁਰਦੁਆਰਾ ਪੰਜਾ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਉਸੇ ਦਿਨ ਦੋ ਸਾਲ ਕੈਦ ਬਾ-ਮੁਸ਼ਕਤ ਦੀ ਸਜ਼ਾ ਸੁਣਾ ਕੇ ਕੈਂਬਲਪੁਰ ਜੇਲ੍ਹ ਭੇਜ ਦਿੱਤਾ ਗਿਆ। ਇਸ ਸਮੇਂ ਜ਼ਖਮੀ ਹੋਏ ਪੰਜ ਹੋਰ ਸਿੱਖਾਂ ਨੂੰ ਵੀ ਪੁਲਸ ਨੇ ਰੇਲਵੇ ਐਕਟ ਦੀ ਧਾਰਾ 128 ਅਧੀਨ ਗ੍ਰਿਫਤਾਰ ਕਰ ਲਿਆ। ਇਹ ਸਾਰੇ ਜ਼ਖਮੀ ਹਸਨ ਅਬਦਾਲ ਹਸਪਤਾਲ ਵਿੱਚ ਦਾਖਲ ਸਨ।



ਸਾਕਾ ਪੰਜਾ ਸਾਹਿਬ 30 ਅਕਤੂਬਰ, 1922 (ਗੁਰਦੁਆਰਾ ਬਾਬਾ ਬਕਾਲਾ ਦੀ ਛੱਤ ਉੱਤੇ ਬਣਿਆ ਚਿਤ੍ਰ)

ਅਦਾਲਤ ਨੇ ਚੌਧਰੀ ਲਾਲ ਚੰਦ, ਰੋਹਤਕ ਦੇ ਖਿਲਾਫ ਦਰਜ ਮੁਕੱਦਮੇ ਵਿੱਚ ਫੈਸਲਾ ਸੁਣਾਉਂਦਿਆਂ ਇਕ ਹਜ਼ਾਰ ਰੁਪਏ ਦੀ ਨੇਕ ਚਲਣੀ ਦੀ ਜ਼ਮਾਨਤ ਉੱਤੇ ਰਿਹਾਈ ਦਾ ਹੁਕਮ ਦਿੱਤਾ ਪਰ ਉਸ ਵੱਲੋਂ ਜ਼ਮਾਨਤ ਦਿੱਤੇ ਜਾਣ ਤੋਂ ਇਨਕਾਰ ਕੀਤੇ ਜਾਣ 'ਤੇ ਉਸਨੂੰ ਇਕ ਸਾਲ ਕੈਦ ਬਾ-ਮੁਸ਼ਕਤ ਦੀ ਸਜ਼ਾ ਦਿੱਤੀ ਗਈ।

ਟ੍ਰਿਬਿਊਨ ਵਿਚ ਖਬਰ ਪ੍ਰਕਾਸ਼ਿਤ ਹੋਈ ਕਿ ਫਿਰੋਜ਼ਪੁਰ ਜੇਲ੍ਹ, ਜਿਥੇ ਗਿਆਨੀ ਸ਼ੇਰ ਸਿੰਘ, ਜੋ ਸੂਰਮਾ ਸਿੰਘ ਸੀ, ਦੇ ਨਾਲ ਹੋਰ ਅਕਾਲੀ ਵਲੰਟੀਅਰ ਵੀ ਕੈਦ ਹਨ, ਵਿਚ ਵੀ

ਸਵੇਰ ਅਤੇ ਸ਼ਾਮ ਦੇ ਨਿਤਨੇਮ ਉਪਰੰਤ ਜੈਕਾਰੇ ਗਜਾਉਣ ਵਾਲੇ ਅਕਾਲੀਆਂ ਨੂੰ ਬੇੜੀ ਡੰਡਾ ਲਾਉਣ ਤੱਕ ਦੀ ਸਜ਼ਾ ਦਿੱਤੀ ਜਾ ਰਹੀ ਹੈ।

ਇਸ ਦਿਨ ਪਿਛਲੇ ਦੋ ਦਿਨਾਂ ਦੌਰਾਨ ਗ੍ਰਿਫਤਾਰ ਕੀਤੇ ਗਏ 237 ਅਕਾਲੀਆਂ ਨੂੰ ਮੁਕੱਦਮੇ ਦੀ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਹਨਾਂ ਵਿਚੋਂ 44 ਨੂੰ ਵਡੇਰੀ ਉਮਰ ਵਾਲੇ ਆਖ ਕੇ ਛੱਡਣ ਦੇ ਹੁਕਮ ਦੇ ਦਿੱਤੇ।

ਸੂਬੇਦਾਰ ਸੁਰੈਣ ਸਿੰਘ, ਪਿੰਡ ਛਿੱਡਣ, ਜ਼ਿਲਾ ਅੰਮ੍ਰਿਤਸਰ, ਜੋ ਕੁੱਝ ਹੀ ਮਹੀਨੇ ਪਹਿਲਾਂ ਪੈਨਸ਼ਨ ਉੱਤੇ ਆਇਆ ਸੀ, ਨੂੰ ਪੁਲਸ ਨੇ ਉਸਦੇ ਪਿੰਡ ਵਿਚੋਂ ਹੀ ਗ੍ਰਿਫਤਾਰ ਕਰ ਲਿਆ। ਪੁਲਸ ਦਾ ਦੋਸ਼ ਸੀ ਕਿ ਸੂਬੇਦਾਰ ਆਪਣੇ ਪਿੰਡ ਵਿਚੋਂ ਗੁਰੂ ਕਾ ਬਾਗ ਦੇ ਮੋਰਚੇ ਵਿਚ ਭੇਜਣ ਲਈ ਵਲੰਟੀਅਰ ਭਰਤੀ ਕਰ ਰਿਹਾ ਸੀ।

ਇਸ ਦਿਨ ਗੁਰੂ ਕਾ ਬਾਗ ਵਿਖੇ 111 ਅਕਾਲੀ ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ। ਪਿੰਡਾਂ ਅਤੇ ਸ਼ਹਿਰਾਂ ਵਿਚੋਂ ਕੁੱਝ ਹੋਰ ਗ੍ਰਿਫਤਾਰੀਆਂ ਦੀ ਸੂਚਨਾ ਮਿਲੀ ਅਤੇ ਇਉਂ ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਦੀ ਗਿਣਤੀ 3746 ਹੋ ਗਈ।

## 31 ਅਕਤੂਬਰ (15 ਕੱਤਕ, ਮੰਗਲਵਾਰ) :
## ਪੰਜਾਬ ਕੌਂਸਲ ਵਿਚ ਮਤਾ; ਸੂਬੇਦਾਰ ਸੁਰੈਣ ਸਿੰਘ ਵਿਰੁੱਧ ਕੇਸ ਖਾਰਜ; ਗ੍ਰਿਫਤਾਰੀਆਂ ਦੀ ਗਿਣਤੀ 3846 ਹੋਈ

ਸ੍ਰ. ਦਸੌਂਧਾ ਸਿੰਘ ਨੇ ਗੁਰੂ ਕੇ ਬਾਗ ਦੇ ਮੋਰਚੇ ਸਬੰਧੀ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਇਹ ਮਤਾ ਵਿਚਾਰ ਲਈ ਪੇਸ਼ ਕੀਤਾ :

ਕੌਂਸਲ ਸਰਕਾਰ ਨੂੰ ਸਿਫਾਰਸ਼ ਕਰਦੀ ਹੈ ਕਿ :

(ੳ) ਗੁਰੂ ਕਾ ਬਾਗ ਦੇ ਸਬੰਧ ਵਿਚ ਗ੍ਰਿਫਤਾਰੀਆਂ ਬੰਦ ਕੀਤੀਆਂ ਜਾਣ;

(ਅ) ਮਹੰਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਸਮਝੌਤੇ ਲਈ ਕੌਂਸਲ ਦੇ ਪੰਜ ਸਿੱਖ ਮੈਂਬਰਾਂ ਦੀ ਕਮੇਟੀ ਬਣਾਈ ਜਾਵੇ;

(ੲ) ਸਮਝੌਤਾ ਹੋਣ ਸਾਰ ਗੁਰੂ ਕਾ ਬਾਗ ਸਬੰਧੀ ਗ੍ਰਿਫਤਾਰ ਕੀਤੇ ਜਾਂ ਸਜ਼ਾ ਭੁਗਤ ਰਹੇ ਵਿਅਕਤੀ ਤੁਰੰਤ ਛਡੇ ਜਾਣ।

ਕੌਂਸਲ ਵਿਚ ਇਸ ਮਤੇ ਉਪਰ ਸਾਢੇ ਤਿੰਨ ਘੰਟੇ ਬਹਿਸ ਹੁੰਦੀ ਰਹੀ ਪਰ ਬੇਨਤੀਜਾ ਰਹੀ।

ਸੂਬੇਦਾਰ ਸੁਰੈਣ ਸਿੰਘ ਨੂੰ ਲਾਲਾ ਅਮਰ ਨਾਥ, ਮੈਜਿਸਟ੍ਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਬਦੁਲ ਅਜ਼ੀਜ ਗਰਦਾਵਰ ਕਾਨੂੰਗੋ, ਨਿਜ਼ਾਮਦੀਨ ਪਟਵਾਰੀ, ਮੱਧਾ ਸਿੰਘ ਜ਼ੈਲਦਾਰ ਆਦਿ ਨੇ ਦੋਸ਼ਾਂ ਦੀ ਪੁਸ਼ਟੀ ਕੀਤੀ ਪਰ ਪਿੰਡ ਦੇ ਕੁੱਝ ਹੋਰ ਪਤਵੰਤਿਆਂ ਨੇ ਗਵਾਹੀ ਦਿੱਤੀ ਕਿ ਜਥੇ ਵਿਚ ਸ਼ਾਮਲ ਹੋ ਕੇ ਗ੍ਰਿਫਤਾਰੀ ਲਈ ਗਏ ਵਿਅਕਤੀ ਆਪਣੀ ਮਰਜ਼ੀ ਨਾਲ ਗਏ ਹਨ। ਕਿਸੇ ਸਬੂਤ ਦੀ ਅਣਹੋਂਦ ਕਾਰਨ ਸੂਬੇਦਾਰ ਸੁਰੈਣ ਸਿੰਘ ਵਿਰੁੱਧ ਦਰਜ ਕੇਸ ਖਾਰਜ ਹੋ ਗਿਆ।

ਕੱਲ੍ਹ ਗ੍ਰਿਫਤਾਰ ਕੀਤੇ ਅਕਾਲੀਆਂ ਵਿਚੋਂ 25 ਨੂੰ ਅਦਾਲਤ ਨੇ ਵੱਡੀ ਉਮਰ ਵਾਲੇ ਆਖ ਕੇ ਰਿਹਾਅ ਕਰ ਦਿੱਤਾ। ਬਾਕੀਆਂ ਨੂੰ ਭਿੰਨ ਭਿੰਨ ਸਜ਼ਾਵਾਂ ਹੋਈਆਂ।

ਇਸੇ ਦਿਨ ਸ੍ਰ. ਤੇਜਾ ਸਿੰਘ ਪ੍ਰਧਾਨ ਅਕਾਲੀ ਦਲ ਨੂੰ ਅਦਾਲਤ ਨੇ ਇਕ ਸਾਲ ਕੈਦ ਬਾਮੁਸ਼ਕਤ ਅਤੇ 200 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਦੇਣ ਦੀ ਸੂਰਤ ਵਿਚ ਹੋਰ 6 ਮਹੀਨੇ ਕੈਦ ਦੀ ਸਜ਼ਾ ਸੁਣਾਈ।

ਗੁਰੂ ਕਾ ਬਾਗ ਵਿਖੇ ਅੱਜ ਇਕ ਸੌ ਹੋਰ ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ ਜਿਸ ਨਾਲ ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਦੀ ਗਿਣਤੀ 3846 ਹੋ ਗਈ।

### 1 ਨਵੰਬਰ (16 ਕੱਤਕ) :
### ਗ੍ਰਿਫਤਾਰੀਆਂ 3956 ਹੋਈਆਂ

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ 110 ਹੋਰ ਅਕਾਲੀ ਵਲੰਟੀਅਰਾਂ ਦੁਆਰਾ ਗ੍ਰਿਫਤਾਰੀ ਦਿੱਤੀ ਗਈ, ਜਿਸ ਨਾਲ ਕੁੱਲ ਗ੍ਰਿਫਤਾਰੀਆ ਦੀ ਗਿਣਤੀ ਵਧ ਕੇ 3956 ਹੋ ਗਈ।

ਨਿਯਮਤ ਰੂਪ ਵਿਚ ਗ੍ਰਿਫਤਾਰੀਆਂ ਦਾ ਸਿਲਸਿਲਾ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਕੀਤੀਆਂ ਇਕੱੜ ਦੁੱਕੜ ਗ੍ਰਿਫਤਾਰੀਆਂ ਦੌਰਾਨ 19 ਅਗਸਤ ਨੂੰ ਗ੍ਰਿਫਤਾਰ ਕੀਤੇ ਭਾਈ ਵਰਿਆਮ ਸਿੰਘ ਨੂੰ ਅੱਜ ਅੰਮ੍ਰਿਤਸਰ ਦੀ ਇੱਕ ਅਦਾਲਤ ਵੱਲੋਂ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਗਈ ਅਤੇ ਉਸ ਨੂੰ ਸਜ਼ਾ ਭੁਗਤਣ ਲਈ ਝੰਗ ਜੇਲ੍ਹ ਵਿੱਚ ਭੇਜਿਆ ਗਿਆ।

ਭਾਈ ਲੱਖਾ ਸਿੰਘ ਲਾਹੌਰ, ਪ੍ਰਚਾਰਕ, ਨੂੰ ਕੈਂਬਲਪੁਰ ਪੁਲਸ ਨੇ ਪਿੰਡ ਮਜੀਦ ਤਹਿਸੀਲ ਫਤਹਿਜੰਗ ਵਿੱਚ ਗੁਰੂ ਕਾ ਬਾਗ ਮੋਰਚੇ ਲਈ ਵਲੰਟੀਅਰ ਭਰਤੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕਰਕੇ ਰੈਵੇਨਿਊ ਅਸਿਸਟੈਂਟ, ਕੈਂਬਲਪੁਰ ਦੀ ਅਦਾਲਤ ਵਿੱਚ ਪੇਸ਼ ਕੀਤਾ ਜਿਥੇ ਉਸ ਨੂੰ ਇੱਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ।

ਭਾਈ ਰਣਜੀਤ ਸਿੰਘ 'ਤਾਜਵਰ' ਨੂੰ ਅਦਾਲਤ ਨੇ ਇੱਕ ਸਾਲ ਲਈ ਚੰਗੇ ਵਿਹਾਰ ਦੀ ਸ਼ਰਤ ਲਾ ਕੇ ਜ਼ਮਾਨਤ ਉੱਤੇ ਛੱਡ ਦੇਣ ਦਾ ਆਦੇਸ਼ ਦਿੱਤਾ ਪਰ ਭਾਈ 'ਤਾਜਵਰ' ਵੱਲੋਂ ਜ਼ਮਾਨਤ ਦਿੱਤੇ ਜਾਣ ਤੋਂ ਇਨਕਾਰ ਕੀਤੇ ਜਾਣ ਉੱਤੇ ਉਸ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ।

ਭਾਈ ਹਰਦਿੱਤ ਸਿੰਘ ਸਕੱਤਰ ਅਕਾਲੀ ਦਲ ਨੂੰ ਸ੍ਰੀ ਅਕਾਲ ਪਖ਼ਤ ਉੱਤੇ ਭੜਕਾਊ ਭਾਸ਼ਨ ਦੇਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ।

ਕੱਲ੍ਹ ਗ੍ਰਿਫਤਾਰ ਹੋਏ 100 ਅਕਾਲੀਆਂ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ 28 ਅਕਾਲੀਆਂ ਨੂੰ ਬੁੱਢੇ ਐਲਾਨ ਕੇ ਛੱਡ ਦਿੱਤਾ ਪਰ ਬਾਕੀਆਂ ਨੂੰ 2 ਸਾਲ ਕੈਦ ਬਾਮੁਸ਼ਕਤ ਅਤੇ 100 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਦੇਣ ਦੀ ਸੂਰਤ ਵਿਚ ਛੇ ਮਹੀਨੇ ਦੀ ਹੋਰ ਕੈਦ ਦੀ ਸਜ਼ਾ ਸੁਣਾਈ ਗਈ।

ਸੁਪਰਡੰਟ ਪੁਲਸ, ਅੰਮ੍ਰਿਤਸਰ ਮਿਸਟਰ ਮੈਕਫਰਸਨ ਦਾ ਤਬਾਦਲਾ ਹੋਣ ਉਪਰੰਤ ਉਸ ਦੀ ਥਾਂ ਮਿਸਟਰ ਡਬਲਿਯੂ. ਐਚ. ਚੈਡਵਿਨ ਨੇ ਡਿਊਟੀ ਸੰਭਾਲੀ।

ਪੰਜਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਹੋਏ ਦੋਵਾਂ ਸਿੰਘਾਂ, ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ, ਦਾ ਲਗਭਗ ਪੰਦਰਾਂ ਹਜ਼ਾਰ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਰਾਵਲਪਿੰਡੀ ਵਿਖੇ ਸੰਸਕਾਰ ਕੀਤਾ ਗਿਆ। ਇਸ ਸਾਕੇ ਦੌਰਾਨ ਜ਼ਖ਼ਮੀ ਹੋਏ ਸਿੰਘਾਂ ਵਿਚੋਂ ਤਿੰਨ ਗੁਰਦੁਆਰਾ ਪੰਜਾ ਸਾਹਿਬ ਵਿਚ ਅਤੇ 5 ਹਸਨ ਅਬਦਾਲ ਹਸਪਤਾਲ ਵਿਚ ਜ਼ੇਰੇ-ਇਲਾਜ ਨੂੰ ਪੁਲਸ ਨੇ ਗ੍ਰਿਫਤਾਰੀ ਅਧੀਨ ਲੈ ਲਿਆ।

### 2 ਨਵੰਬਰ (14 ਕੱਤਕ, ਵੀਰਵਾਰ) :
### ਗ੍ਰਿਫਤਾਰੀਆਂ ਚਾਰ ਹਜ਼ਾਰ ਨੂੰ ਟੱਪੀਆਂ

ਪਿਛਲੇ ਦਿਨ ਅਦਾਲਤ ਵਿੱਚ ਪੇਸ਼ ਕੀਤੇ ਗਏ ਜਥੇ ਵਿਚੋਂ 30 ਅਕਾਲੀਆਂ ਨੂੰ 'ਬੁੱਢੇ' ਐਲਾਨ ਕੇ ਅਦਾਲਤ ਨੇ ਉਹਨਾਂ ਨੂੰ ਰਿਹਾ ਕਰ ਦਿਤਾ ਸੀ, ਇਸ ਲਈ ਅੱਜ ਗ੍ਰਿਫਤਾਰੀ ਦੇਣ ਵਾਲੇ ਜਥੇ ਵਿੱਚ ਹੋਰ ਏਨੇ ਹੀ ਵਲੰਟੀਅਰਾਂ ਦਾ ਵਾਧਾ ਕਰਨ ਸਦਕਾ 130 ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ। ਇਸ ਨਾਲ ਹੁਣ ਤੱਕ ਦੀਆਂ ਗ੍ਰਿਫਤਾਰੀਆਂ ਦੀ ਗਿਣਤੀ ਵਧ ਕੇ 4086 ਹੋ ਗਈ।

'ਅਕਾਲੀ ਤੇ ਪਰਦੇਸੀ' ਨੇ ਅੱਜ ਦੇ ਅੰਕ ਵਿੱਚ 'ਗਾਰਡੀਅਨ' ਦੇ ਪੱਤਰਕਾਰ ਦੁਆਰਾ ਆਪਣੇ ਅਖਬਾਰ ਨੂੰ ਭੇਜੀ ਰਿਪੋਰਟ ਦੇ ਹਵਾਲੇ ਨਾਲ ਸਰਕਾਰ ਪ੍ਰਤੀ ਲੋਕਾਂ ਦੇ ਰਵੱਈਏ ਬਾਰੇ ਇਉਂ ਪ੍ਰਕਾਸ਼ਿਤ ਕੀਤਾ....

"ਇਸ ਗੱਲ ਨੇ ਮੇਰੇ ਦਿਲ ਦਿਮਾਗ ਉੱਤੇ ਪੂਰਾ ਅਸਰ ਕਰ ਲਿਆ ਹੈ ਕਿ ਇਸ ਵਾਕਿਆ ਨੂੰ ਨਾ-ਮਿਲਵਰਤਨ ਲਹਿਰ ਦੀ ਅਦੁੱਤੀ ਜਿੱਤ ਗਿਣਿਆ ਜਾਵੇਗਾ। ਮੈਨੂੰ ਸ਼ੋਕ ਨਾਲ ਇਸ ਨਤੀਜੇ ਉੱਤੇ ਪੁੱਜਣਾ ਪਿਆ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਸਾਡੇ ਲਈ ਜੋ ਬਚੀ ਖੁਚੀ ਇੱਜ਼ਤ ਅਤੇ ਲਿਹਾਜ਼ ਸਨ, ਉਹ ਵੀ ਹੌਲੀ ਹੌਲੀ ਖ਼ਤਮ ਹੋ ਰਹੇ ਹਨ। ਦੁਨੀਆਂ ਵਿੱਚ ਕੋਈ ਵੀ ਐਸੀ ਕੌਮ ਨਹੀਂ ਹੈ ਜੋ ਆਪਣੇ ਵਤਨੀਆਂ ਨੂੰ ਇੱਕ ਵਿਦੇਸ਼ੀ ਸਰਕਾਰ ਦੇ ਕਾਰਿੰਦਿਆਂ ਪਾਸੋਂ ਰੋਜ਼ਾਨਾ ਮਾਰ ਖਾਂਦਿਆਂ ਵੇਖਦੀ ਹੋਵੇ ਅਤੇ ਫੇਰ ਵੀ ਮਾਰਨ ਵਾਲੇ ਨੂੰ ਚੁੱਪ ਚਾਪ ਅਸੀਸਾਂ ਦਿੰਦੀ ਰਹੇ।.... ਇਸ ਮਾਮਲੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਸਿੱਖਾਂ ਨਾਲ ਪੂਰੀ ਹਮਦਰਦੀ ਹੈ।.... ਸਿੱਖ ਆਪਣੀ ਦ੍ਰਿੜਤਾ ਤੇ ਬਹਾਦਰੀ ਦਾ ਮਾਣ ਕਰਦੇ ਹਨ ਅਤੇ ਉਹਨਾਂ ਨੂੰ ਪੂਰਨ ਨਿਸ਼ਚਾ ਹੈ ਕਿ ਇਸ ਖਿੱਚਮਖਿੱਚੀ ਦਾ ਅੰਤ ਕੀ ਹੋਵੇਗਾ। ਜਦ ਮੈਂ ਪਹਿਲੇ ਪਹਿਲ ਅੰਮ੍ਰਿਤਸਰ ਆਇਆ ਤਾਂ ਪੜ੍ਹੇ ਲਿਖੇ ਲੋਕਾਂ ਦਾ ਖਿਆਲ ਸੀ ਕਿ ਦੇਰ-ਸਵੇਰ ਸ਼ਹਿਰ ਵਿੱਚ ਫਸਾਦ ਹੋ ਜਾਵੇਗਾ ਪਰ ਸਿੱਖਾਂ ਦੀ ਜ਼ਬਤ ਅਤੇ ਸ਼ਾਂਤੀ ਅਦੁੱਤੀ ਹਨ ਅਤੇ ਫਸਾਦ ਦਾ ਡਰ ਬਿਲਕੁਲ ਗਲਤ ਸਾਬਤ ਹੋ ਚੁੱਕਾ ਹੈ।..... ਮੁਸੀਬਤ ਇਹ ਹੈ ਕਿ ਹਾਕਮਾਂ ਨੇ ਆਪਣੇ

ਸੰਬੰਧੀ ਬੇਇਤਬਾਰੀ ਪੈਦਾ ਕਰ ਲਈ ਹੈ ਅਤੇ ਇਹ ਵਾਕਿਆ ਦੱਸਦਾ ਹੈ ਕਿ ਆਮ ਬੇਇਤਬਾਰੀ ਦੀ ਹਾਲਤ ਵਿੱਚ ਹਕੂਮਤ ਕਰਨੀ ਕਿੰਨੀ ਕਠਨ ਹੋ ਜਦੀ ਹੈ। ਲੋਕ ਹਾਕਮਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ ਅਤੇ ਉਹ ਹਾਕਮਾਂ ਦੀਆਂ ਨਸੀਹਤਾਂ ਸੁਣਦੇ ਤੱਕ ਨਹੀਂ।"

ਮੋਰਚੇ ਵਿੱਚ ਭਾਗ ਲੈਣ ਲਈ ਲਾਹੌਰ ਅਕਾਲੀ ਦਲ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਿਆ।



2 ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਕਾ ਬਾਗ ਨੂੰ ਜਾ ਰਹੇ ਲਾਹੌਰ ਅਕਾਲੀ ਜਥੇ ਦੇ ਮੈਂਬਰ ਚਾਰ ਚਾਰ ਦੀਆਂ ਪੰਕਤੀਆਂ ਵਿਚ ਚੱਲਦੇ ਹੋਏ।

### 3 ਨਵੰਬਰ (18 ਕੱਤਕ, ਸ਼ੁਕਰਵਾਰ) :
### ਹੋਰ 106 ਅਕਾਲੀ ਗ੍ਰਿਫਤਾਰ

ਕੱਲ੍ਹ ਅੰਮ੍ਰਿਤਸਰ ਕਚਹਿਰੀ ਵਿੱਚ ਪੇਸ਼ ਕੀਤੇ ਗਏ ਜਥੇ ਵਿੱਚੋਂ 6 ਨੂੰ ਅਦਾਲਤ ਨੇ ਬੁੱਢੇ ਦੱਸ ਕੇ ਰਿਹਾਅ ਕਰ ਦਿੱਤਾ ਸੀ, ਇਸ ਲਈ ਗਿਣਤੀ ਪੂਰੀ ਰੱਖਣ ਲਈ ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਗ੍ਰਿਫਤਾਰੀ ਦੇਣ ਵਾਲੇ ਜਥੇ ਦੀ ਗਿਣਤੀ ਵਧਾ ਕੇ 106 ਕਰ ਦਿੱਤੀ ਗਈ। ਇਹਨਾਂ ਦੀ ਗ੍ਰਿਫਤਾਰੀ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 4192 ਹੋ ਗਈ।

ਕੱਲ੍ਹ ਗ੍ਰਿਫਤਾਰ ਕੀਤੇ 130 ਅਕਾਲੀਆਂ ਨੂੰ ਅੱਜ ਅੰਮ੍ਰਿਤਸਰ ਕਚਹਿਰੀ ਵਿੱਚ ਪੇਸ਼ ਕੀਤੇ ਜਾਣ ਉੱਤੇ ਉਹਨਾਂ ਵਿਚੋਂ ਇੱਕ ਸਿੱਖ ਨੇ ਜੈਕਾਰਾ ਗਜਾਇਆ। ਮੈਜਿਸਟ੍ਰੇਟ ਨੇ ਸੁਣਵਾਈ ਲਈ ਅਗਲੇ ਦਿਨ ਦੀ ਪੇਸ਼ੀ ਪਾਉਣ ਉਪਰੰਤ ਜੈਕਾਰਾ ਗਜਾਉਣ ਵਾਲੇ ਨੂੰ ਰੋਕ ਕੇ ਬਾਕੀਆਂ ਨੂੰ ਜਾਣ ਲਈ ਕਿਹਾ। ਇਸ ਉੱਤੇ ਜਥੇ ਦੇ ਬਾਕੀ ਮੈਂਬਰਾਂ ਨੇ ਵੀ ਜਾਣ ਤੋਂ ਇਨਕਾਰ ਕਰ ਦਿੱਤਾ। ਮੈਜਿਸਟ੍ਰੇਟ ਨੇ ਉਹਨਾਂ ਦੇ ਇਸ ਰਵਈਏ ਨੂੰ ਹਿੰਦ ਦੰਡਾਵਲੀ ਦੀ ਧਾਰਾ 426 ਅਤੇ 202 ਅਧੀਨ 'ਹੱਤਕ ਅਦਾਲਤ' ਆਖ ਕੇ ਹਰ ਕਿਸੇ ਨੂੰ 50 ਰੁਪਏ ਜੁਰਮਾਨਾ ਜਾਂ ਇਕ ਮਹੀਨਾ ਕੈਦ ਦੀ ਸਜ਼ਾ ਸੁਣਾਈ। ਸਜ਼ਾ ਸੁਣ ਕੇ ਸਾਰੇ ਜਥੇ ਨੇ ਖੁਸ਼ੀ ਵਿੱਚ ਫਿਰ ਜੈਕਾਰੇ ਗਜਾਏ।

### 4 ਨਵੰਬਰ (19 ਕੱਤਕ, ਸ਼ਨਿਚਰਵਾਰ) :
### ਕੁੱਲ ਗ੍ਰਿਫਤਾਰੀਆਂ 4292 ਹੋਈਆਂ

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਹੋਰ 100 ਅਕਾਲੀਆਂ ਵੱਲੋਂ ਗ੍ਰਿਫਤਾਰੀ ਦਿੱਤੇ ਜਾਣ ਨਾਲ ਗ੍ਰਿਫਤਾਰੀਆਂ ਦੀ ਗਿਣਤੀ ਵਧ ਕੇ 4292 ਹੋ ਗਈ।

ਅੱਜ ਭਾਵੇਂ ਗੁਰੂ ਨਾਨਕ ਜਨਮ ਪੁਰਬ ਕਾਰਨ ਅਦਾਲਤਾਂ ਵਿੱਚ ਛੁੱਟੀ ਦਾ ਦਿਨ ਸੀ ਪਰ ਅਕਾਲੀ ਸਤਿਆਗ੍ਰਹੀਆਂ ਦੀਆਂ ਹੋ ਰਹੀਆਂ ਗ੍ਰਿਫਤਾਰੀਆਂ ਅਤੇ ਮੁਕੱਦਮੇ ਦੀ ਸੁਣਵਾਈ ਕਾਰਨ ਹੋਣ ਵਾਲੀ ਭੀੜ ਤੋਂ ਬਚਣ ਲਈ ਅੱਜ ਛੁੱਟੀ ਵਾਲੇ ਦਿਨ ਵੀ ਅਦਾਲਤੀ ਕਾਰਵਾਈ ਲਈ ਦੋ ਜਥੇ ਪੇਸ਼ ਕੀਤੇ ਗਏ। 136 ਅਕਾਲੀਆਂ ਦੇ ਪਹਿਲੇ ਜਥੇ ਵਿੱਚੋਂ ਕੁੱਝ ਨੂੰ ਬੁੱਢੇ ਆਖ ਕੇ ਛੱਡ ਦਿੱਤਾ ਗਿਆ ਅਤੇ ਬਾਕੀਆਂ ਨੂੰ ਆਮ ਵਾਂਗ ਸਜ਼ਾ ਸੁਣਾਈ ਗਈ। ਦੂਜੇ ਜਥੇ ਵਿੱਚ 106 ਸਿੰਘ ਸ਼ਾਮਲ ਸਨ। ਮੈਜਿਸਟ੍ਰੇਟ ਨੇ ਇਹਨਾਂ ਵਿੱਚੋਂ 31 ਨੂੰ ਬੁੱਢੇ ਜਾਂ ਨਬਾਲਗ ਐਲਾਨ ਕੇ ਛੱਡ ਦਿੱਤਾ, ਕੁੱਝ ਨੂੰ ਛੇ ਮਹੀਨੇ ਕੈਦ ਅਤੇ 100 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਦੇਣ ਦੀ ਸੂਰਤ ਵਿੱਚ ਛੇ ਹਫਤੇ ਲਈ ਹੋਰ ਕੈਦ ਅਤੇ ਕੁੱਝ ਹੋਰਨਾਂ ਨੂੰ ਆਮ ਵਾਂਗ ਸਜ਼ਾ ਸੁਣਾਈ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਦਾ ਅੰਤ ਕਰਨ ਲਈ ਵਰਤੀਆਂ ਜਾ ਰਹੀਆਂ ਚਾਲਬਾਜ਼ੀਆਂ ਦਾ ਪਰਦਾ ਪਾਸ਼ ਕਰਦਿਆਂ ਸਿੱਖ-ਸੰਗਤਾਂ ਨੂੰ ਸੁਚੇਤ ਕਰਨ ਲਈ ਇਹ ਐਲਾਨ ਜਾਰੀ ਕੀਤਾ :

> "ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਕੁੱਝ ਸਰਕਾਰੀ ਕਰਮਚਾਰੀ ਇਕ ਨਵੇਂ ਦਾਅ ਨਾਲ ਗੁਰੂ ਕਾ ਬਾਗ ਝਮੇਲੇ ਵਿਚੋਂ ਨਿਕਲਣ ਦੇ ਯਤਨ ਕਰ ਰਹੇ

ਹਨ। ਦੱਸਿਆ ਜਾਂਦਾ ਹੈ ਕਿ ਮਹੰਤ ਤੋਂ ਗੁਰਦੁਆਰੇ ਦੀ ਜ਼ਮੀਨ ਕੋਈ ਪ੍ਰਾਈਵੇਟ ਵਿਅਕਤੀ ਚੁਕੋਤੇ ਉੱਤੇ ਲਵੇਗਾ, ਜੋ ਸਿੱਖਾਂ ਦੁਆਰਾ ਇਸ ਜ਼ਮੀਨ ਦੀ ਵਰਤੋਂ ਬਾਰੇ ਇਤਰਾਜ਼ ਨਹੀਂ ਕਰੇਗਾ। ਇਉਂ ਸਰਕਾਰ ਗੁਰੂ ਕਾ ਬਾਗ ਤੋਂ ਪੁਲਸ ਵਾਪਸ ਬੁਲਾ ਲਵੇਗੀ ਅਤੇ ਗ੍ਰਿਫਤਾਰੀਆਂ ਆਪਣੇ ਆਪ ਬੰਦ ਹੋ ਜਾਣਗੀਆਂ।"

ਐਲਾਨ ਵਿੱਚ ਸੰਗਤਾਂ ਨੂੰ ਅਜਿਹੀ ਸਰਕਾਰੀ ਚਾਲ ਵਿੱਚ ਫਸਣ ਤੋਂ ਚੌਕੰਨਿਆਂ ਕਰਦਿਆਂ ਗ੍ਰਿਫਤਾਰੀਆਂ ਦੇਣ ਦਾ ਸਿਲਸਿਲਾ ਜਾਰੀ ਰੱਖਣ ਦੀ ਸਲਾਹ ਦਿੱਤੀ ਗਈ ਸੀ।

### 5 ਨਵੰਬਰ (20 ਕੱਤਕ, ਐਤਵਾਰ) :
### ਕੁੱਲ ਗ੍ਰਿਫਤਾਰੀਆਂ 4395 ਹੋਈਆਂ

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਪਰੰਪਰਾ ਅਨੁਸਾਰ 100 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ।

ਮਲਕ ਫਤਹਿ ਖਾਨ, ਰੈਵੇਨਿਊ ਅਸਿਸਟੈਂਟ, ਕਸੂਰ ਨੇ ਜਥੇਦਾਰ ਅਰਜਨ ਸਿੰਘ ਮਾੜੀ ਕੰਬੋ ਕੀ, ਜਥੇਦਾਰ ਅਤਰ ਸਿੰਘ ਨਾਰਲੀ ਅਤੇ ਜਥੇਦਾਰ ਬਸੰਤ ਸਿੰਘ ਮਾੜੀ ਮੇਘਾ ਨੂੰ ਫੌਜਦਾਰੀ ਦੰਡਾਵਲੀ ਦੀ ਧਾਰਾ 107 ਅਧੀਨ ਇਕ ਇਕ ਸਾਲ ਦੀ ਸਜ਼ਾ ਸੁਣਾਈ। ਦੋਸ਼ ਲਾਇਆ ਗਿਆ ਸੀ ਕਿ ਉਹ ਗੁਰੂ ਕਾ ਬਾਗ ਮੋਰਚੇ ਦਾ ਪ੍ਰਚਾਰ ਕਰਕੇ ਸਿੱਖਾਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਪ੍ਰੇਰਨਾ ਕਰ ਰਹੇ ਸਨ।

### 6 ਨਵੰਬਰ (21 ਕੱਤਕ, ਸੋਮਵਾਰ) :
### ਗ੍ਰਿਫਤਾਰੀਆਂ ਦੀ ਗਿਣਤੀ ਪੰਜ ਹਜ਼ਾਰ ਨੂੰ ਢੁਕੀ

ਪਿਛਲੇ ਦਿਨੀਂ ਗ੍ਰਿਫਤਾਰ ਅਕਾਲੀਆਂ ਵਿਚੋਂ ਅੱਜ 193 ਅਦਾਲਤ ਵਿਚ ਪੇਸ਼ ਕੀਤੇ ਜਾਣ ਉੱਤੇ ਉਹਨਾਂ ਵਿਚੋਂ 32, ਬੁੱਢੇ ਜਾਂ ਨਾਬਾਲਗ ਐਲਾਨ ਕੇ, ਛੱਡ ਦਿੱਤੇ ਗਏ ਤੇ ਬਾਕੀਆਂ ਨੂੰ ਸਜ਼ਾ ਸੁਣਾਈ ਗਈ।

ਅੱਜ ਹੀ ਪੁਲਸ ਨੇ ਭਾਈ ਸ਼ਮਸ਼ੇਰ ਬਹਾਦਰ ਸਿੰਘ ਜਥੇਦਾਰ ਅੰਮ੍ਰਿਤਸਰ ਸ਼ਹਿਰੀ ਅਕਾਲੀ ਜਥਾ ਅਤੇ ਭਾਈ ਕਿਰਪਾ ਸਿੰਘ ਮੈਨੇਜਰ, ਅਕਾਲ ਪ੍ਰੈਸ, ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ। ਉਹਨਾਂ ਉੱਤੇ ਇਸ਼ਤਿਹਾਰ ਦੇ ਰੂਪ ਵਿਚ ਸਿੱਖਾਂ ਨੂੰ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਸ਼ਾਮਲ ਹੋਣ ਦੀ ਅਪੀਲ ਛਾਪਣ ਦਾ ਦੋਸ਼ ਸੀ।

ਅੱਜ ਵੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਆਮ ਵਾਂਗ 100 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ। ਤਿੰਨ ਹੋਰ ਸਿੱਖ ਪੁਲਸ ਨੇ ਆਪਣੇ ਤੌਰ ਉੱਤੇ ਗ੍ਰਿਫਤਾਰ ਕੀਤੇ। ਇਉਂ ਗ੍ਰਿਫਤਾਰੀਆਂ ਦੀ ਗਿਣਤੀ 4497 ਹੋ ਗਈ।

### 7 ਨਵੰਬਰ (22 ਕੱਤਕ, ਮੰਗਲਵਾਰ) :
### ਗ੍ਰਿਫਤਾਰੀਆਂ 4598 ਹੋਈਆਂ; ਬੀਟੀ ਦਾ ਤਬਾਦਲਾ

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਆਮ ਵਾਂਗ 100 ਸਿੱਖਾਂ ਨੇ ਗ੍ਰਿਫਤਾਰੀ ਦਿੱਤੀ। ਪੁਲਸ ਵੱਲੋਂ ਆਪਣੇ ਤੌਰ ਉੱਤੇ ਇੱਕ ਹੋਰ ਅਕਾਲੀ ਨੂੰ ਗ੍ਰਿਫਤਾਰ ਕਰਨ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 4598 ਹੋ ਗਈ।

ਡਿਪਟੀ ਸੁਪਰਡੈਂਟ ਪੁਲਸ ਮਿਸਟਰ ਬੀਟੀ ਦੀ ਰਾਵਲਪਿੰਡੀ ਦੀ ਬਦਲੀ ਦੇ ਹੁਕਮ ਹੋ ਗਏ ਸਨ। ਅੱਜ ਨਵੇਂ ਡਿਪਟੀ ਸੁਪਰਡੈਂਟ ਮਿਸਟਰ ਐੱਫ.ਸੀ. ਬ੍ਰਾਈਟ ਨੇ ਹਾਜ਼ਰ ਹੋ ਕੇ ਮਿਸਟਰ ਬੀਟੀ ਨੂੰ ਭਾਰ-ਮੁਕਤ ਕਰ ਦਿੱਤਾ।

### 8 ਨਵੰਬਰ (23 ਕੱਤਕ, ਬੁੱਧਵਾਰ) :
### ਗ੍ਰਿਫਤਾਰੀਆਂ ਦੀ ਗਿਣਤੀ 4698 ਹੋਈ

ਅੱਜ ਵੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ 100 ਅਕਾਲੀਆਂ ਦੇ ਜਥੇ ਨੇ ਗ੍ਰਿਫਤਾਰੀ ਦਿੱਤੀ, ਜਿਸ ਨਾਲ ਗ੍ਰਿਫਤਾਰੀਆਂ ਦੀ ਗਿਣਤੀ ਵਧ ਕੇ 4698 ਹੋ ਗਈ।

ਅੱਜ ਅਦਾਲਤ ਨੇ ਪਹਿਲਾਂ ਹੀ ਗ੍ਰਿਫਤਾਰ ਕੁੱਝ ਸਿੰਘਾਂ ਨੂੰ ਸਜ਼ਾਵਾਂ ਸੁਣਾਈਆਂ। ਭਾਈ ਇੰਦਰ ਸਿੰਘ ਪ੍ਰਧਾਨ, ਅਕਾਲੀ ਦਲ ਨੂੰ ਹਿੰਦ ਦੰਡਾਵਲੀ ਦੀ ਧਾਰਾ 117 ਅਧੀਨ ਦੋ ਸਾਲ ਕੈਦ ਬਾ-ਮੁਸ਼ਕਤ ਅਤੇ 100 ਰੁਪਏ ਜੁਰਮਾਨਾ ਜਾਂ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਛੇ ਮਹੀਨੇ ਹੋਰ ਕੈਦ ਦੀ ਸਜ਼ਾ ਸੁਣਾਈ। ਭਾਈ ਕਰਤਾਰ ਸਿੰਘ ਕਵੀ, ਜੋ ਦਰਬਾਰ ਸਾਹਿਬ ਨੇੜੇ ਇੱਕ ਇਕੱਠ ਵਿਚ ਅਕਾਲੀਆਂ ਬਾਰੇ ਕਵਿਤਾ ਪੜ੍ਹਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੋਇਆ ਸੀ, ਨੂੰ ਵੀ ਏਸੇ ਧਾਰਨਾ ਅਧੀਨ ਇੱਕ ਸਾਲ ਦੀ ਸਖਤ ਕੈਦ ਅਤੇ 50 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਤਿੰਨ ਮਹੀਨੇ ਹੋਰ ਕੈਦ ਦੀ ਸਜ਼ਾ ਸੁਣਾਈ ਗਈ। ਭਾਈ ਨਰਿੰਦਰ ਸਿੰਘ, ਜੋ ਦਰਬਾਰ ਸਾਹਿਬ ਨੇੜੇ ਉਤੇਜਿਤ ਭਾਸ਼ਨ ਕਰਨ ਦੇ ਦੋਸ਼ ਵਿੱਚ ਫੜਿਆ ਗਿਆ ਸੀ, ਨੂੰ ਇੱਕ ਸਾਲ ਲਈ ਇਕ ਹਜ਼ਾਰ ਰੁਪਏ ਦੀ ਨੇਕ-ਚਲਣੀ ਜ਼ਮਾਨਤ ਦੇਣ ਲਈ ਆਖਿਆ ਗਿਆ। ਜ਼ਮਾਨਤ ਦੇਣ ਤੋਂ ਇਨਕਾਰ ਕੀਤੇ ਜਾਣ 'ਤੇ ਉਸ ਨੂੰ ਇੱਕ ਸਾਲ ਦੀ ਕੈਦ ਸੁਣਾਈ ਗਈ। ਉਸ ਨੂੰ ਜੇਲ੍ਹ ਵਿਚ ਏ ਕਲਾਸ ਦਿੱਤੇ ਜਾਣ ਦਾ ਹੁਕਮ ਹੋਇਆ ਪਰ ਉਸ ਨੇ 'ਏ' ਕਲਾਸ ਲੈਣ ਤੋਂ ਨਾਂਹ ਕਰ ਦਿੱਤੀ।

ਕੱਲ੍ਹ ਗ੍ਰਿਫਤਾਰ ਕੀਤੇ 100 ਅਕਾਲੀ ਅੱਜ ਅਦਾਲਤ ਵਿਚ ਪੇਸ਼ ਕੀਤੇ ਗਏ। ਅਦਾਲਤ ਨੇ ਇਹਨਾਂ ਵਿੱਚੋਂ 34 ਬੁੱਢੇ ਦੱਸ ਕੇ ਰਿਹਾਅ ਕਰ ਦਿੱਤੇ, 45 ਨੂੰ ਨੌ ਮਹੀਨੇ ਦੀ ਸਖ਼ਤ ਕੈਦ ਅਤੇ 150 ਰੁਪਏ ਜੁਰਮਾਨਾ ਜਾਂ ਜੁਰਮਾਨਾ ਨਾ ਦੇਣ ਦੀ ਸੂਰਤ ਵਿੱਚ 8 ਹਫ਼ਤੇ ਦੀ ਹੋਰ ਕੈਦ ਸੁਣਾਈ ਗਈ। ਬਾਕੀਆਂ ਨੂੰ ਕੈਦ ਦੀ ਸਜ਼ਾ ਏਨੀ ਹੀ ਪਰ ਜੁਰਮਾਨਾ 40 ਰੁਪਏ ਪ੍ਰਤੀ ਵਿਅਕਤੀ ਕੀਤਾ ਗਿਆ।

### 9 ਨਵੰਬਰ (24 ਕੱਤਕ, ਵੀਰਵਾਰ) :
### ਗ੍ਰਿਫਤਾਰੀਆਂ ਦੀ ਗਿਣਤੀ 4799 ਹੋਈ; ਕੌਂਸਲ ਵਿੱਚ ਮਤਾ

ਹਰ ਰੋਜ਼ ਵਾਂਗ ਗੁਰਦੁਆਰਾ ਗੁਰੂ ਕਾ ਬਾਗ ਵਿਖੇ 100 ਅਕਾਲੀਆਂ ਵੱਲੋਂ ਗ੍ਰਿਫਤਾਰੀ ਦੇਣ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 4799 ਹੋ ਗਈ।

ਪਿਛਲੇ ਦਿਨੀਂ ਗ੍ਰਿਫਤਾਰ ਜਥੇ ਨੂੰ ਅਦਾਲਤ ਵਿਚ ਪੇਸ਼ ਕੀਤੇ ਜਾਣ ਉੱਤੇ 34 ਨੂੰ ਬੁੱਢੇ ਜਾਂ ਨਬਾਲਗ ਆਖ ਕੇ ਛੱਡ ਦਿੱਤਾ ਗਿਆ ਅਤੇ ਬਾਕੀਆਂ ਨੂੰ ਨੌਂ ਨੌਂ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਗਈ।

ਗੋਬਿੰਦਗੜ੍ਹ ਕਿਲੇ ਵਿਚ ਬੰਦੀਆਂ ਨੂੰ ਰੱਖ ਸਕਣ ਦਾ ਪ੍ਰਬੰਧ ਨਾ ਹੋਣ ਕਾਰਨ ਜਦੋਂ ਅਕਾਲੀ ਸਤਿਆਗ੍ਰਹੀ ਅਟਕ ਕਿਲੇ ਨੂੰ ਭੇਜ ਦਿੱਤੇ ਗਏ ਸਨ ਤਾਂ ਠੰਢ ਲੱਗਣ ਕਾਰਨ ਬੀਮਾਰ ਇਕ ਬੰਦੀ ਹਰੀ ਸਿੰਘ ਨੂੰ ਅੰਮ੍ਰਿਤਸਰ ਜੇਲ੍ਹ ਭੇਜਿਆ ਗਿਆ ਸੀ। ਪਰ ਇੱਥੇ ਵੀ ਸਹੀ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਅੱਜ ਉਸ ਦੀ ਮੌਤ ਹੋ ਗਈ।

ਅੱਜ ਹੀ ਪੁਲਸ ਨੇ ਸ੍ਰ. ਹਰੀ ਸਿੰਘ, ਜਲੰਧਰ ਨੂੰ ਛਾਉਣੀ ਰੇਲਵੇ ਸਟੇਸ਼ਨ ਉੱਤੇ ਫੌਜਦਾਰੀ ਦੰਡਾਵਲੀ ਦੀ ਧਾਰਾ 107 ਅਧੀਨ ਗੈਰ ਜ਼ਮਾਨਤੀ ਵਾਰੰਟ ਕਾਰਨ ਗ੍ਰਿਫਤਾਰ ਕਰ ਲਿਆ।

ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਚੇਅਰਮੈਨ ਮਿਸਟਰ ਐਚ. ਏ. ਕੈਸਨ ਨੇ ਸ੍ਰ. ਦਸੌਂਧਾ ਸਿੰਘ ਨੂੰ ਗੁਰੂ ਕਾ ਬਾਗ ਦੇ ਮੋਰਚੇ ਬਾਰੇ ਮਤਾ ਬਹਿਸ ਹਿਤ ਪੇਸ਼ ਕਰਨ ਲਈ ਆਖਿਆ। ਸ੍ਰ. ਦਸੌਂਧਾ ਸਿੰਘ ਨੇ ਇੰਝ ਕਰਨ ਤੋਂ ਇਨਕਾਰ ਕਰਦਿਆਂ ਮਤਾ ਵਾਪਸ ਲੈਣ ਦੀ ਪ੍ਰਵਾਨਗੀ ਮੰਗੀ ਜਿਸ ਉੱਤੇ ਚੇਅਰਮੈਨ ਨੇ ਹਾਜ਼ਰ ਮੈਂਬਰਾਂ ਨੂੰ ਵੋਟ ਪਾਉਣ ਲਈ ਕਿਹਾ। ਸ਼ਰਕਾਰੀ ਧੜੇ ਵੱਲੋਂ ਮਤੇ ਦੀ ਵਾਪਸੀ ਵਿਰੁੱਧ ਵੋਟ ਪਾਏ ਜਾਣ ਕਾਰਨ ਮਤੇ ਉੱਤੇ ਬਹਿਸ ਹੋਈ ਅਤੇ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਗਿਆ :-

> "ਕਿ ਕੌਂਸਲ ਸਰਕਾਰ ਨੂੰ ਸਿਫਾਰਸ਼ ਕਰਦੀ ਹੈ ਕਿ ਇਸ ਕੌਂਸਲ ਦੇ ਸਾਰੇ ਮੈਂਬਰਾਂ ਵੱਲੋਂ ਚੁੱਣੇ ਗਏ ਪੰਜ ਸਿੱਖ ਕੌਂਸਲ ਮੈਂਬਰਾਂ ਦੀ ਕਮੇਟੀ ਗੁਰੂ ਕਾ ਬਾਗ ਦੇ ਮਹੰਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਸਮਝੌਤਾ ਕਰਵਾਉਣ ਲਈ ਨਿਯੁਕਤ ਕੀਤੀ ਜਾਵੇ।"

### 10 ਨਵੰਬਰ (25 ਕੱਤਕ, ਸ਼ੁਕਰਵਾਰ) :
### ਗ੍ਰਿਫਤਾਰੀਆਂ ਦੀ ਗਿਣਤੀ 4904 ਹੋਈ

ਅੱਜ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਹੋਰ 105 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ, ਇਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 4904 ਹੋ ਗਈ।

ਕੱਲ੍ਹ ਅੰਮ੍ਰਿਤਸਰ ਜੇਲ੍ਹ ਵਿਚ ਸੁਰਗਵਾਸ ਹੋਏ ਅਕਾਲੀ ਸਤਿਆਗ੍ਰਹੀ ਹਰੀ ਸਿੰਘ ਦੀ ਅਰਥੀ ਦਾ ਅੱਜ ਅੰਮ੍ਰਿਤਸਰ ਸ਼ਹਿਰ ਵਿਚ ਜਲੂਸ ਕੱਢਿਆ ਗਿਆ। ਜਲੂਸ ਦੇ ਅੱਗੇ ਬੈਂਡ ਅਤੇ ਗ੍ਰਿਫਤਾਰੀ ਲਈ ਜਾਣ ਤੋਂ ਪਹਿਲਾਂ ਅਕਾਲ ਤਖਤ ਸਾਹਿਬ ਉੱਤੇ ਰੁਕਿਆ ਫੌਜੀ

ਪੈਨਸ਼ਨਰਾਂ ਦਾ ਦੂਜਾ ਜਥਾ ਵੀ ਮਾਰਚ ਕਰਦਾ ਚੱਲ ਰਿਹਾ ਸੀ। ਭਾਈ ਹਰੀ ਸਿੰਘ ਦੀ ਮ੍ਰਿਤਕ ਦੇਹ ਦਾ ਚਾਟੀਵਿੰਡ ਨੇੜੇ ਸਸਕਾਰ ਕੀਤਾ ਗਿਆ।

**11 ਨਵੰਬਰ (26 ਕੱਤਕ, ਸ਼ਨਿਚਰਵਾਰ) :**
**ਗ੍ਰਿਫਤਾਰੀਆਂ ਦੀ ਗਿਣਤੀ ਪੰਜ ਹਜ਼ਾਰ ਤੋਂ ਵਧੀ**

ਹਰ ਰੋਜ਼ ਵਾਂਗ ਅੱਜ ਵੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ 100 ਅਕਾਲੀ ਵਲੰਟੀਅਰਾਂ ਨੇ ਗ੍ਰਿਫਤਾਰੀ ਦਿੱਤੀ ਜਿਸ ਨਾਲ ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਦੀ ਗਿਣਤੀ 5004 ਹੋ ਗਈ।

**12 ਨਵੰਬਰ (27 ਕੱਤਕ, ਐਤਵਾਰ) :**
**ਕੁੱਲ ਗ੍ਰਿਫਤਾਰੀਆਂ 5104 ਹੋਈਆਂ**

ਅੱਜ ਵੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ 100 ਅਕਾਲੀਆਂ ਦੇ ਜਥੇ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ, ਜਿਸ ਨਾਲ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 5104 ਹੋ ਗਈ।

ਅੱਜ ਹੀ ਦੂਸਰਾ ਪੈਨਸ਼ਨਰ ਅਕਾਲੀ ਜਥਾ ਗੁਰਦੁਆਰਾ ਗੁਰੂ ਕਾ ਬਾਗ ਜਾਣ ਲਈ ਅਕਾਲ ਤਖਤ ਸਾਹਿਬ ਤੋਂ ਰਵਾਨਾ ਹੋਇਆ। ਇਹ ਜਥਾ, ਜਿਸ ਵਿੱਚ 104 ਸਾਬਕਾ ਸਿੱਖ ਫੌਜੀ ਸ਼ਾਮਲ ਸਨ, ਪਿਛਲੇ ਕਈ ਦਿਨ ਤੋਂ ਬੈਂਡ-ਵਾਜੇ ਅਤੇ ਫੌਜੀ ਢੰਗ ਨਾਲ ਕਵਾਇਦ ਕਰਦਿਆਂ, ਦਰਬਾਰ ਸਾਹਿਬ ਦੀ ਪਰਕਰਮਾ ਕਰਦਾ ਰਿਹਾ। ਇਸ ਜਥੇ ਦੀ ਅਗਵਾਈ ਸੇਵਾ-ਮੁਕਤ ਪੈਨਸ਼ਨਰ ਰਸਾਲਦਾਰ ਰਣਜੋਧ ਸਿੰਘ, ਪਿੰਡ ਰੰਗੜ ਨੰਗਲ, ਜ਼ਿਲ੍ਹਾ ਗੁਰਦਾਸਪੁਰ ਕਰ ਰਿਹਾ ਸੀ। ਉਹ ਜਮਾਂਦਾਰ ਦੇ ਆਹੁਦੇ ਉੱਤੇ ਭਰਤੀ ਹੋਇਆ ਸੀ ਅਤੇ ਆਪਣੀ ਬਹਾਦਰੀ ਕਾਰਨ ਤਰੱਕੀ ਪਾਉਂਦਾ ਰਸਾਲਦਾਰ ਦੀ ਪਦਵੀ ਤੱਕ ਪੁੱਜਾ। ਇਕ ਲੜਾਈ ਵਿਚ ਗੋਲੀ ਉਸਦੀ ਅੱਖ ਵਿੱਚ ਵੱਜ ਕੇ ਗਿੱਚੀ ਵਾਲੇ ਪਾਸੇ ਨਿਕਲ ਗਈ ਸੀ। ਉਸ ਨੇ ਅੱਖ ਵਿਚ ਪੱਥਰ ਦਾ ਬਣਾਉਟੀ ਡੇਲਾ ਪਾਇਆ ਹੋਇਆ ਸੀ। ਉਹ ਸੱਠ ਰੁਪਏ ਮਾਹਵਾਰ ਪੈਨਸ਼ਨ ਪ੍ਰਾਪਤ ਕਰ ਰਿਹਾ ਸੀ ਪਰ ਸਿੱਖੀ ਪਿਆਰ ਕਾਰਨ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਲ ਹੋ ਗਿਆ। ਇਹ ਜਥਾ ਵੀ ਫੌਜੀ ਆਨ-ਸ਼ਾਨ ਨਾਲ ਗੁਰੂ ਕਾ ਬਾਗ ਪੁੱਜ ਕੇ ਗ੍ਰਿਫਤਾਰ ਹੋਇਆ।

**13 ਨਵੰਬਰ (28 ਕੱਤਕ, ਸੋਮਵਾਰ) :**
**ਗ੍ਰਿਫਤਾਰੀਆਂ ਦੀ ਗਿਣਤੀ 5204 ਹੋਈ**

ਨਿੱਤ ਦਿਨ ਵਾਂਗ ਅੱਜ ਵੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ 100 ਅਕਾਲੀ

ਵਲੰਟੀਅਰਾਂ ਵੱਲੋਂ ਗ੍ਰਿਫਤਾਰੀ ਦਿੱਤੇ ਜਾਣ ਨਾਲ ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਦੀ ਗਿਣਤੀ 5204 ਹੋ ਗਈ।

ਇਸ ਦਿਨ 'ਪੈਨਸ਼ਨਰਜ਼ ਐਸੋਸੀਏਸ਼ਨ' ਵੱਲੋਂ ਜੱਲਿਆਂ ਵਾਲੇ ਬਾਗ ਵਿੱਚ ਇਕ ਭਰਵੀਂ ਇਕੱਤਰਤਾ ਕੀਤੀ ਗਈ, ਜਿਸ ਵਿੱਚ ਲਗਪਗ 16,000 ਸਾਬਕਾ ਸਿੱਖ ਫੌਜੀ ਹਾਜ਼ਰ ਹੋਏ। ਇਕੱਤਰਤਾ ਦੀ ਪ੍ਰਧਾਨਗੀ ਸੂਬੇਦਾਰ ਸੁਰੈਣ ਸਿੰਘ ਪਿੰਡ ਛਿੱਡਣ, ਜ਼ਿਲਾ ਅੰਮ੍ਰਿਤਸਰ, ਨੇ ਕੀਤੀ। ਸੂਬੇਦਾਰ ਸੁਰੈਣ ਸਿੰਘ ਨੂੰ ਪੁਲਸ ਨੇ ਗੁਰੂ ਕਾ ਬਾਗ ਮੋਰਚੇ ਲਈ ਵਲੰਟੀਅਰ ਭਰਤੀ ਕਰਨ ਦੇ ਦੋਸ਼ ਵਿਚ 30 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਸੀ ਪਰ ਸਬੂਤਾਂ ਦੀ ਅਣਹੋਂਦ ਕਾਰਨ ਮੁਕੱਦਮਾ ਸਫਲ ਨਾ ਹੋਇਆ। ਰਸਲਾਦਾਰ ਅਨੂਪ ਸਿੰਘ ਨੇ ਪੈਨਸ਼ਨਰਾਂ ਦਾ ਇਕ ਹੋਰ ਜਥਾ ਭੇਜੇ ਜਾਣ ਦਾ ਸੁਝਾ ਦਿਤਾ ਤਾਂ ਇਕੱਠ ਵਿਚੋਂ ਅਨੇਕਾਂ ਨੇ 'ਤਿਆਰ ਹਾਂ', 'ਤਿਆਰ ਹਾਂ' ਆਖ ਕੇ ਇਸ ਜਥੇ ਵਿਚ ਸ਼ਾਮਲ ਹੋਣ ਦੀ ਇੱਛਾ ਜ਼ਾਹਰ ਕੀਤੀ। ਫੈਸਲਾ ਕੀਤਾ ਗਿਆ ਕਿ ਜਥੇ ਵਿੱਚ ਜਾਣ ਦੇ ਇੱਛਕ ਸਾਬਕਾ ਫੌਜੀ ਆਪਣੇ ਨਾਉਂ ਰਸਾਲਦਾਰ ਅਨੂਪ ਸਿੰਘ ਪਾਸ ਲਿਖਵਾ ਦੇਣ।

### 14 ਨਵੰਬਰ (25 ਕੱਤਕ, ਮੰਗਲਵਾਰ) :

### ਸਿਪਾਹੀ ਮਹਾਂ ਸਿੰਘ ਨੇ ਜੋਸ਼ ਵਿਚ ਆ ਕੇ ਅਕਾਲੀਆਂ ਵਾਂਗ ਜੈਕਾਰੇ ਗਜਾਏ

ਗੁਰਦੁਆਰਾ ਗੁਰੂ ਕਾ ਬਾਗ ਵਿਚੋਂ ਗ੍ਰਿਫਤਾਰ ਕੀਤਾ ਜਥਾ ਅੰਮ੍ਰਿਤਸਰ ਨੂੰ ਪੈਦਲ ਲਿਆਂਦਾ ਜਾ ਰਿਹਾ ਜਦੋਂ ਛੀਨੇ ਦੀ ਪੁਲੀ ਉੱਤੇ ਪੁੱਜਾ ਤਾਂ ਪਿੰਡਾਂ ਦੇ ਲੋਕ ਜਥੇ ਨੂੰ ਰੋਕ ਕੇ ਪਰਸ਼ਾਦ-ਪਾਣੀ ਛਕਾਉਣ ਲੱਗੇ। ਜਥੇ ਦੇ ਨਾਲ ਜਾ ਰਹੇ ਪੁਲਸ ਥਾਨੇਦਾਰ ਨੇ ਇਸ ਦੀ ਰਿਪੋਰਟ ਅੰਗਰੇਜ਼ ਪੁਲਸ ਨੂੰ ਭੇਜ ਦਿੱਤੀ। ਅੰਗਰੇਜ ਪੁਲਸ ਅਫਸਰ ਆਇਆ ਤਾਂ ਉਸ ਨੇ ਸਾਰਾ ਤਿਆਰ ਹੋਇਆ ਭੋਜਨ ਵਗਦੀ ਨਹਿਰ ਵਿਚ ਰੁੜਾ ਦਿੱਤਾ ਅਤੇ ਅਕਾਲੀਆਂ ਨੂੰ ਤੁਰਨ ਦਾ ਹੁਕਮ ਦਿੱਤਾ। ਜਦੋਂ ਤੁਰਨ ਤੋਂ ਪਹਿਲਾਂ ਅਕਾਲੀਆਂ ਨੇ ਜੈਕਾਰਾ ਗਜਾਇਆ ਤਾਂ ਮਹਾਂ ਸਿੰਘ ਨਾਉਂ ਦੇ ਇੱਕ ਸਿਪਾਹੀ ਨੂੰ ਵੀ ਜੋਸ਼ ਆ ਗਿਆ ਅਤੇ ਉਹ ਵੀ ਜੈਕਾਰੇ ਛੱਡਣ ਲੱਗ ਪਿਆ। ਅੰਗਰੇਜ਼ ਪੁਲਸ-ਅਫਸਰ ਨੇ ਮੌਕੇ ਉੱਤੇ ਹੀ ਉਸ ਦੀ ਪੇਟੀ ਲੁਹਾ ਲਈ।

ਇਸ ਦਿਨ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਹੋਰ 100 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ।

### 15 ਨਵੰਬਰ (30 ਕੱਤਕ, ਬੁੱਧਵਾਰ) :

### ਹੋਰ ਗ੍ਰਿਫਤਾਰੀਆਂ; ਗਿਣਤੀ 5400 ਤੋਂ ਵਧੀ

ਹਰ ਰੋਜ਼ ਵਾਂਗ ਅੱਜ ਵੀ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਦੂਜੇ ਪੈਨਸ਼ਨਰ ਜਥੇ ਵਿੱਚ ਸ਼ਾਮਲ 117 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ, ਜਿਸ ਨਾਲ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ 5421 ਹੋ ਗਈ। ਰਸਾਲਦਾਰ ਰਣਜੋਧ ਸਿੰਘ, ਸੂਬੇਦਾਰ ਵੀਰ ਸਿੰਘ, ਜਮਾਂਦਾਰ ਮੂਲਾ ਸਿੰਘ, ਸਰਦਾਰ ਗੰਡਾ ਸਿੰਘ ਇਸ ਜਥੇ ਦੇ ਕੁੱਝ ਕੁ ਮੁਖੀ ਅਕਾਲੀ ਸਨ।

ਗੁਰੂ ਕਾ ਬਾਗ ਮੋਰਚੇ ਵਿੱਚ ਗ੍ਰਿਫਤਾਰ ਕੀਤੇ ਲਗਪਗ 1400 ਅਕਾਲੀ ਅਟਕ ਦਰਿਆ ਕਿਨਾਰੇ ਬਣਾਈ ਆਰਜ਼ੀ ਜੇਲ੍ਹ ਵਿਚ ਰੱਖੇ ਹੋਏ ਸਨ। ਅੱਜ ਜਦੋਂ ਚਾਰ ਨੌਜੁਆਨ ਅਕਾਲੀ ਕੈਦੀ ਰਲ ਕੇ ਉਚੀ ਉਚੀ ਸ਼ਬਦ ਪੜ੍ਹਣ ਲੱਗੇ ਤਾਂ ਜੇਲ੍ਹ-ਅਧਿਕਾਰੀਆਂ ਨੇ ਉਹਨਾਂ ਨੂੰ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਵਿੱਚ ਡੰਡਾ ਬੇੜੀ ਦੀ ਸਜ਼ਾ ਸੁਣਾ ਦਿੱਤੀ। ਜਦੋਂ ਉਹਨਾਂ ਨੂੰ ਬੈਰਕਾਂ ਤੋਂ ਬਾਹਰ ਲਿਆ ਕੇ ਡੰਡਾ ਬੇੜੀ ਲਾਈ ਜਾ ਰਹੀ ਸੀ ਤਾਂ ਉਹਨਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ। ਫਲਸਰੂਪ ਸਾਰੀ ਦੀ ਸਾਰੀ ਜੇਲ੍ਹ ਜੈਕਾਰਿਆਂ ਨਾਲ ਗੂੰਜ ਉੱਠੀ। ਜੇਲ੍ਹ ਸੁਪਰਡੰਟ ਨੇ 20 ਮੁਖੀ ਅਕਾਲੀਆਂ ਨੂੰ ਸ਼ਰਾਰਤ ਦੀ ਜੜ੍ਹ ਗਰਦਾਨ ਦੇ ਉਹਨਾਂ ਨੂੰ ਖੜ੍ਹੀਆਂ ਹੱਥਕੜੀਆਂ ਦੀ ਸਜ਼ਾ ਸੁਣਾ ਦਿੱਤੀ।

**16 ਨਵੰਬਰ (ਸੰਗ੍ਰਾਂਦ, ਮੱਘਰ, ਵੀਰਵਾਰ) :**
**ਹੋਰ ਗ੍ਰਿਫਤਾਰੀਆਂ ਨਾਲ ਗਿਣਤੀ ਸਾਢੇ ਪੰਜ ਹਜ਼ਾਰ ਹੋਈ**

ਅੱਜ ਵੀ ਪਹਿਲੇ ਦਿਨਾਂ ਵਾਂਗ ਹੀ ਗੁਰਦੁਆਰਾ ਗੁਰੂ ਦਾ ਬਾਗ ਵਿਖੇ 100 ਅਕਾਲੀਆਂ ਦੇ ਇੱਕ ਹੋਰ ਜਥੇ ਦੁਆਰਾ ਗ੍ਰਿਫਤਾਰੀ ਦੇਣ ਨਾਲ ਗ੍ਰਿਫਤਾਰ ਅਕਾਲੀਆਂ ਦੀ ਗਿਣਤੀ ਸਾਢੇ ਪੰਜ ਹਜ਼ਾਰ ਨੂੰ ਟੱਪ ਗਈ।

ਇਹ ਅਫਵਾਹ ਗਰਮ ਸੀ ਕਿ ਸਰਕਾਰ ਮੋਰਚੇ ਵਿਚੋਂ ਨਿਕਲਣ ਦਾ ਕੋਈ ਬਹਾਨਾ ਲੱਭ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅੱਜ ਕੱਢੇ ਗਏ ਐਲਾਨ ਨੰ: 250 ਵਿਚ ਦੱਸਿਆ ਗਿਆ :

> "ਸਰਕਾਰ ਕਿਸੇ ਆਦਮੀ ਦੀ ਰਾਹੀਂ ਗੁਰੂ ਕੇ ਬਾਗ ਦੀ ਜ਼ਮੀਨ ਠੇਕੇ ਉੱਤੇ ਲੈ ਕੇ ਗ੍ਰਿਫਤਾਰੀਆਂ ਬੰਦ ਕਰਨਾ ਚਾਹੁੰਦੀ ਹੈ ਤੇ ਇਹ ਵੱਡਾ ਖਤਰਾ ਸਾਹਮਣੇ ਆ ਰਿਹਾ ਹੈ। ਮੀਆਂ ਸਾਹਿਬ (ਸਰ ਫਜ਼ਲ ਹੁਸੈਨ) ਕਹਿੰਦੇ ਹਨ ਕਿ ਜੇ ਕੋਈ ਭਲਾਮਾਨਸ ਆਦਮੀ ਇਸ ਤਰ੍ਹਾਂ ਨਾਲ ਗ੍ਰਿਫਤਾਰੀਆਂ ਬੰਦ ਕਰਵਾ ਦੇਵੇ ਤਾਂ ਇਸ ਵਿਚ ਗੁਰਦੁਆਰਾ ਕਮੇਟੀ ਨੂੰ ਕੀ ਡਰ ਹੈ?"

**17 ਨਵੰਬਰ (2 ਮੱਘਰ, ਸ਼ੁਕਰਵਾਰ) :**
**ਗ੍ਰਿਫਤਾਰੀਆਂ ਦਾ ਸਿਲਸਿਲਾ ਬੰਦ**

ਦੂਜੇ ਪੈਨਸ਼ਨਰ ਅਕਾਲੀ ਜਥੇ ਦੇ ਗ੍ਰਿਫਤਾਰ ਅਕਾਲੀਆਂ ਨੂੰ ਮੀਆਂ ਮੁਹੰਮਦ ਸ਼ਰੀਫ ਮੈਜਿਸਟ੍ਰੇਟ, ਅੰਮ੍ਰਿਤਸਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਜਥੇ ਦੇ 104 ਮੈਂਬਰਾਂ ਨੂੰ ਦੋ ਦੋ ਸਾਲ ਕੈਦ ਬਾਮੁਸ਼ੱਕਤ ਅਤੇ ਸੌ ਸੌ ਰੁਪਿਆ ਜੁਰਮਾਨੇ ਦੀ ਸਜ਼ਾ ਸੁਣਾਈ ਗਈ।

ਸਰਕਾਰ ਦੁਆਰਾ ਕੀਤੀਆਂ ਗ੍ਰਿਫਤਾਰੀਆਂ ਦੀ ਗਿਣਤੀ 5500 ਤੋਂ ਉਪਰ ਹੋ ਚੁੱਕੀ ਸੀ ਅਤੇ ਅਜੇ ਵੀ ਹਰ ਰੋਜ਼ ਬੇਅੰਤ ਅਕਾਲੀ ਗ੍ਰਿਫਤਾਰੀ ਦੇਣ ਲਈ ਅੱਗੇ ਆ ਰਹੇ ਸਨ ਪਰ ਅੱਜ ਸਰਕਾਰ ਨੇ ਕੋਈ ਗ੍ਰਿਫਤਾਰੀ ਨਹੀਂ ਕੀਤੀ। ਸਰਕਾਰ ਦੀ ਇਹ ਕਾਰਵਾਈ ਮੋਰਚੇ ਦੀ ਸਮਾਪਤੀ ਦਾ ਸੰਕੇਤ ਸੀ।

ਸਰਕਾਰ ਨੇ ਆਪ ਸਹੇੜੇ ਮੋਰਚੇ ਤੋਂ ਛੁਟਕਾਰੇ ਦਾ ਰਾਹ ਲੱਭਣ ਲਈ ਰਾਇ ਬਹਾਦਰ ਸਰ ਗੰਗਾ ਰਾਮ ਦਾ ਸਹਾਰਾ ਲਿਆ। ਪਿਛਲੇ ਦਿਨੀਂ ਸਰ ਗੰਗਾ ਰਾਮ ਨੇ ਮਹੰਤ ਸੁੰਦਰ ਦਾਸ ਨੂੰ ਇੱਕ ਹਜ਼ਾਰ ਰੁਪਏ ਦੇ ਕੇ ਜ਼ਮੀਨ ਦਾ ਪਟਾ ਆਪਣੇ ਨਾਉਂ ਕਰਵਾ ਲਿਆ ਅਤੇ ਫਿਰ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਅਕਾਲੀਆਂ ਦੁਆਰਾ ਗੁਰਦੁਆਰਾ ਗੁਰੂ ਕਾ ਬਾਗ ਦੀ ਜ਼ਮੀਨ ਵਿਚੋਂ ਦਰਖਤ ਕੱਟੇ ਜਾਣ ਬਾਰੇ ਕੋਈ ਸ਼ਿਕਾਇਤ ਨਹੀਂ।

ਮਿਸਟਰ ਐਚ. ਡੀ. ਕ੍ਰੇਕ, ਮੁੱਖ ਸਕੱਤਰ, ਪੰਜਾਬ ਸਰਕਾਰ ਨੇ ਮਿਸਟਰ ਐਸ. ਪੀ. ਡੋਨਲ, ਗ੍ਰਿਹ ਸਕੱਤਰ, ਹਿੰਦ ਸਰਕਾਰ ਨੂੰ ਮੋਰਚੇ ਦੀ ਸਮਾਪਤੀ ਸਬੰਧੀ ਖੁਸ਼ਖਬਰੀ ਦਿੰਦਿਆਂ ਲਿਖਿਆ ਕਿ ਇਸ ਮਾਮਲੇ ਦੇ ਅਜਿਹੇ ਨਿਪਟਾਰ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈਰਾਨ-ਪ੍ਰੇਸ਼ਾਨ ਰਹਿ ਜਾਵੇਗੀ ਅਤੇ ਉਸ ਵਾਸਤੇ ਦੋ ਪ੍ਰਾਈਵੇਟ ਵਿਅਕਤੀਆਂ ਦਰਮਿਆਨ ਹੋਏ ਇਸ ਇਕਰਾਰਨਾਮੇ ਨੂੰ ਸਰਕਾਰ ਦੀ ਹਾਰ ਦੇ ਰੂਪ ਵਿੱਚ ਪੇਸ਼ ਕਰਨਾ ਵੀ ਕਠਨ ਹੋਵੇਗਾ। ਉਸਨੇ ਇਹ ਵੀ ਲਿਖਿਆ ਕਿ ਜ਼ਮੀਨ ਠੇਕੇ ਉੱਤੇ ਲੈਣ ਦਾ ਵਿਚਾਰ ਸਰ ਗੰਗਾ ਰਾਮ ਦਾ ਸੀ ਪਰ ਇਸ ਨੂੰ ਅਮਲ ਵਿਚ ਲਿਆਉਣ ਲਈ ਸਰਕਾਰੀ ਅਧਿਕਾਰੀਆਂ ਨੇ ਵੀ ਮਦਦ ਕੀਤੀ।

### 18 ਨਵੰਬਰ (3 ਮੱਘਰ, ਸ਼ਨਿਚਰਵਾਰ) :

### ਸਰਕਾਰ ਭੱਜ ਗਈ : ਮੋਰਚੇ ਦਾ ਅੰਤ

ਸਰ ਗੰਗਾ ਰਾਮ ਅਤੇ ਮਹੰਤ ਸੁੰਦਰ ਦਾਸ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਲਿਖਤੀ ਬੇਨਤੀ ਕੀਤੀ ਕਿ ਉਹਨਾਂ ਨੂੰ ਗੁਰੂ ਕਾ ਬਾਗ ਵਿਖੇ ਪੁਲਸ ਸੁਰੱਖਿਆ ਦੀ ਲੋੜ ਨਹੀਂ: ਇਸ ਲਈ ਉੱਥੋਂ ਪੁਲਸ ਵਾਪਸ ਬੁਲਾ ਲਈ ਜਾਵੇ। ਮਾਮਲੇ ਦੇ ਨਵੇਂ ਰੁੱਖ ਦੀ ਲੋਅ ਵਿਚ ਅੱਜ ਪੁਲਸ ਗੁਰਦੁਆਰੇ ਲਾਗਿਓਂ ਆਪਣਾ ਤੰਬੂ-ਤਾਣਾ ਚੁੱਕ ਕੇ ਚਲੀ ਗਈ।

ਹਿੰਦੁਸਤਾਨ ਸਰਕਾਰ ਨੇ ਗੁਰੂ ਕਾ ਬਾਗ ਮਾਮਲੇ ਦੇ ਅੰਤਮ ਨਿਪਟਾਰੇ ਦੀ ਸੂਚਨਾ ਲੰਦਨ ਸਥਿਤ ਸੈਕਟਰੀ ਆਫ਼ ਸਟੇਟ ਨੂੰ ਭੇਜ ਦਿੱਤੀ।

ਅਕਾਲੀਆਂ ਨੇ ਗੁਰਦੁਆਰਾ ਗੁਰੂ ਕਾ ਬਾਗ ਦੀ ਜ਼ਮੀਨ ਵਿੱਚ ਖੜੀਆਂ ਕਿੱਕਰਾਂ ਤੋਂ ਗੁਰੂ ਕਾ ਲੰਗਰ ਵਿੱਚ ਵਰਤਣ ਲਈ ਬਾਲਣ ਲੈਣ ਦਾ ਅਧਿਕਾਰ ਬਹਾਲ ਕਰ ਲਿਆ ਅਤੇ ਇਉਂ 18 ਨਵੰਬਰ, 1922 ਨੂੰ ਇਹ ਮੋਰਚਾ ਲਗਭਗ ਤਿੰਨ ਮਹੀਨੇ ਦੇ ਅਰਸੇ ਬਾਅਦ ਸਮਾਪਤ ਹੋਇਆ।

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

ਅਧਿਆਇ-4

# ਗੁਰਦੁਆਰਾ ਗੁਰੂ ਕਾ ਬਾਗ ਦਾ ਮੋਰਚਾ : ਸਾਰ ਅਤੇ ਸਬਕ

ਗੁਰਦੁਆਰਾ ਗੁਰੂ ਕਾ ਬਾਗ ਦਾ ਮੋਰਚਾ ਸ਼ਾਂਤਮਈ ਅਤੇ ਨਿਹੱਥੇ ਸੱਤਿਆਗ੍ਰਹੀਆਂ ਉਪਰ ਅੰਨਾ ਤਸ਼ੱਦਦ ਕੀਤੇ ਜਾਣ ਦੀ ਦ੍ਰਿਸ਼ਟੀ ਤੋਂ ਇਤਿਹਾਸ ਦੀ ਇੱਕ ਅਭੂਤਪੂਰਬ ਘਟਨਾ ਸੀ। ਇਸ ਘਟਨਾ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਸਵੈਕਾਬੂ ਵਿਚ ਅਤੇ ਸ਼ਾਂਤਮਈ ਰਹਿ ਕੇ ਜਬਰ ਸਹਿਣ ਵਾਲੇ ਉਹੀ ਲੋਕ ਸਨ ਜਿਹੜੇ ਸਦੀਆਂ ਤੋਂ ਤਲਵਾਰ ਫੜ ਕੇ ਜੰਗਾਂ ਯੁੱਧਾਂ ਵਿਚ ਬਹਾਦਰੀ ਨਾਲ ਲੜਨ ਲਈ ਪ੍ਰਸਿੱਧ ਸਨ ਅਤੇ ਜਿਨ੍ਹਾਂ ਨੇ ਨਿਕਟ ਭੂਤ ਵਿਚ ਵੀ ਬਹਾਦਰੀ ਦੇ ਅਜਿਹੇ ਅਨੇਕਾਂ ਕਾਰਨਾਮੇ ਵਿਖਾਏ ਸਨ। ਹਿੰਦੁਸਤਾਨ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਨਾ ਪਿਛੋਂ ਵਿਦੇਸ਼ੀ ਸਾਮਰਾਜੀ ਸਰਕਾਰ ਵਿਰੁੱਧ ਇਹ ਪਹਿਲਾ ਜਨਤਕ ਆਧਾਰ ਵਾਲਾ ਅਹਿੰਸਕ ਅੰਦੋਲਨ ਸੀ ਜਿਸ ਵਿੱਚ ਸਾਢੇ ਪੰਜ ਹਜ਼ਾਰ ਤੋਂ ਵਧੇਰੇ ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ। ਇਸ ਅੰਦੋਲਨ ਦੌਰਾਨ ਸ਼ਾਂਤਮਈ ਸੱਤਿਅਗ੍ਰਹੀਆਂ ਉਪਰ ਸਰਕਾਰੀ ਪੁਲਸ ਅਤੇ ਘੋੜਸਵਾਰ ਸੈਨਿਕਾਂ ਵਲੋਂ ਵਿਆਪਕ ਪੱਧਰ ਉੱਤੇ ਕੀਤੇ ਗਏ ਘੋਰ ਹੈਵਾਨੀ ਜਬਰ-ਜ਼ੁਲਮ ਦੀ ਮਿਸਾਲ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਹੋਰ ਕੋਈ ਨਹੀਂ ਮਿਲਦੀ।

ਪੁਲਿਸ ਨੇ ਮਾਰ ਕੁਟਾਈ ਲਈ ਦੋ ਖੇਤਰਾਂ ਦੀ ਚੋਣ ਕੀਤੀ। ਪਹਿਲਾ ਖੇਤਰ ਗੁਰਦੁਆਰਾ ਗੁਰੂ ਕਾ ਬਾਗ ਹੀ ਸੀ। ਅਕਾਲੀ ਸਤਿਆਗ੍ਰਹੀ ਗੁਰਦੁਆਰੇ ਦੀ ਜ਼ਮੀਨ ਵਿੱਚ ਖੜੇ ਕਿੱਕਰਾਂ ਦੇ ਝੁੰਡ ਵਿਚੋਂ ਲੱਕੜਾਂ ਕੱਟਣ ਲਈ ਜਾਣ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਵਿੱਚ ਅਰਦਾਸ ਅਤੇ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਕਿੱਕਰਾਂ ਦੀ ਕਟਾਈ ਲਈ ਨਿਕਲਦੇ। ਆਪਣੇ ਪੈਂਤੜੇ ਅਨੁਸਾਰ ਉਹ ਕੁੱਝ ਦਿਨ ਇਸ ਗੁਰਦੁਆਰੇ ਦੇ ਨਾਲੋਂ ਸਹਿੰਸਰਾ ਪਿੰਡ ਨੂੰ ਜਾਂਦਾ ਆਮ ਰਾਹ ਪਾਰ ਕਰਕੇ ਬਾਗ ਵੱਲ ਨੂੰ ਗਏ ਅਤੇ ਕੁੱਝ ਦਿਨ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਵੱਲ ਜਾਂਦੇ ਰਾਹ ਉੱਪਰ ਦੀ। ਉਹ ਚਾਰ ਚਾਰ ਦੇ ਜਥੇ ਵਿੱਚ ਜਾਂਦੇ। ਉਹਨਾਂ ਦੇ ਹੱਥ ਜੁੜੇ ਹੁੰਦੇ ਅਤੇ ਉਹ ਮੂੰਹ ਵਿਚੋਂ ਕੇਵਲ 'ਸਤਿਨਾਮ ਵਾਹਿਗੁਰੂ' ਦਾ ਉਚਾਰਨ ਕਰਦੇ। ਪੁਲਸ ਉਹਨਾਂ ਨੂੰ ਜਿੱਥੇ ਰੋਕਦੀ, ਉਹ ਉਥੇ ਹੀ ਰੁਕ ਜਾਂਦੇ ਪਰ ਪਿੱਛੇ ਨਾ ਮੁੜਦੇ। ਪੁਲਿਸ ਦੀ ਸਖਤੀ ਅਤੇ ਮਾਰ ਕੁਟ੍ਹਾਈ ਵੀ ਉਹਨਾਂ ਨੂੰ ਆਪਣੇ ਨਿਸ਼ਾਨੇ ਉੱਤੇ ਪੁੱਜਣ ਦੀ ਦ੍ਰਿੜਤਾ ਤੋਂ ਨਾ ਰੋਕ ਸਕਦੀ। ਜਦੋਂ ਪੁਲਸ ਦੀ ਬਰਬਰਤਾ ਕਾਰਨ ਉਹ ਬੇਹੋਸ਼ ਹੋ ਜਾਂਦੇ ਤਾਂ ਹੀ ਮੁੱਢਲੀ ਡਾਕਟਰੀ ਸਹਾਇਤਾ ਦੇਣ ਵਾਲੇ ਵਲੰਟੀਅਰ ਉਹਨਾਂ ਨੂੰ ਚੁੱਕ ਕੇ ਵਾਪਸ ਲੈ ਕੇ ਆਉਂਦੇ। ਗੁਰੂ ਕਾ ਬਾਗ ਵਿਖੇ ਪੁਲਸ ਦੀ ਸਖਤੀ ਦਾ ਇਹ ਦੌਰ-ਦੌਰਾ 28 ਅਗਸਤ ਤੋਂ 13 ਸਤੰਬਰ, 1922 ਈਸਵੀ ਤੱਕ ਜਾਰੀ ਰਿਹਾ।

ਪੁਲਸ ਦੀ ਮਾਰ-ਕੁੱਟ ਦਾ ਦੂਜਾ ਖੇਤਰ ਅੰਮ੍ਰਿਤਸਰ ਤੋਂ ਗੁਰਦੁਆਰਾ ਗੁਰੂ ਕਾ ਬਾਗ ਜਾਣ ਵਾਲਾ ਰਸਤਾ ਸੀ। ਸਰਕਾਰ ਨੇ ਗੁਰਦੁਆਰਾ ਗੁਰੂ ਕਾ ਬਾਗ ਵੱਲ ਜਾਣ ਉੱਤੇ ਪਾਬੰਦੀ ਲਾ ਕੇ ਉਥੇ ਜਾਣ ਵਾਲੇ ਸਾਰੇ ਰਸਤਿਆਂ ਉੱਤੇ ਰੋਕਾਂ ਲਾਈਆਂ ਹੋਈਆਂ ਸਨ। ਅਕਾਲੀ ਆਪਣੇ ਧਰਮ ਅਸਥਾਨ ਦੇ ਦਰਸ਼ਨਾਂ ਲਈ ਜਾਣ ਅਤੇ ਉਥੇ ਜਾ ਕੇ ਸੇਵਾ ਕਰਨ ਦੇ ਧਾਰਮਿਕ ਅਧਿਕਾਰ ਉੱਤੇ ਕਿਸੇ ਪਾਬੰਦੀ ਨੂੰ ਨਹੀਂ ਸਨ ਪ੍ਰਵਾਨ ਕਰਦੇ। ਉਹ ਜਥੇ ਦੇ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਉਤੋਂ ਗੁਰਦੁਆਰਾ ਗੁਰੂ ਕਾ ਬਾਗ ਪੁੱਜਣ ਲਈ ਅਰਦਾਸ ਅਤੇ ਸਰਕਾਰੀ ਭੜਕਾਹਟ ਦੇ ਸਨਮੁੱਖ ਸ਼ਾਂਤ ਰਹਿਣ ਦਾ ਪ੍ਰਣ ਕਰਕੇ ਚੱਲਦੇ ਸਨ। ਇਹ ਪੈਦਲ ਜਥਾ ਆਮ ਤੌਰ ਉੱਤੇ ਚਾਰ ਚਾਰ ਦੀ ਪੰਕਤੀ ਵਿੱਚ ਸੜਕ ਉੱਤੇ ਆਪਣੇ ਖੱਬੇ ਹੱਥ ਚੱਲਦਾ ਤਾਂ ਜੋ ਸੜਕ ਉੱਤੇ ਚੱਲ ਰਹੇ ਹੋਰ ਟ੍ਰੈਫਿਕ ਨੂੰ ਕੋਈ ਔਕੜ ਨਾ ਆਵੇ। 30 ਅਗਸਤ ਤੋਂ 8 ਸਤੰਬਰ, 1922 ਈਸਵੀ ਤੱਕ ਜਥਿਆਂ ਨੂੰ ਭਿੰਨ ਭਿੰਨ ਦਿਨੀਂ ਗੁਮਟਾਲੇ ਬਰਸਾਤੀ ਨਾਲੇ ਦੇ ਪੁਲ, ਰਾਜਾ ਸਾਂਸੀ ਦੇ ਟਾਂਗਾ-ਅੱਡੇ ਅਤੇ ਛੀਨਿਆਂ ਦੇ ਪੁਲ ਉੱਤੇ ਰੋਕ ਕੇ ਵਾਪਸ ਪਰਤ ਜਾਣ ਲਈ ਆਖਿਆ ਗਿਆ। ਪਰ ਅਕਾਲੀ ਗੁਰਦੁਆਰਾ ਗੁਰੂ ਕਾ ਬਾਗ ਪਹੁੰਚਣ ਦੀ ਦ੍ਰਿੜਤਾ ਪ੍ਰਗਟਾਉਂਦੇ ਰਹੇ। ਪੁਲਸ ਵੱਲੋਂ ਰੋਕੇ ਜਾਣ ਉੱਤੇ ਉਹ ਸੜਕ ਉੱਤੇ ਬੈਠ ਕੇ ਹੀ 'ਸਤਿਨਾਮ ਵਾਹਿਗੁਰੂ' ਦਾ ਜਾਪ ਜਾਂ ਕਿਸੇ ਸ਼ਬਦ ਦਾ ਗਾਇਨ ਸ਼ੁਰੂ ਕਰ ਦਿੰਦੇ ਅਤੇ ਇਸ ਸਥਿਤੀ ਵਿੱਚ ਉਹਨਾਂ ਉੱਤੇ ਡਾਂਗ ਵਰ੍ਹਨੀ ਸ਼ੁਰੂ ਹੋ ਜਾਂਦੀ। ਡਾਂਗਾਂ ਦੀ ਮਾਰ ਖਾਂਦੇ ਅਕਾਲੀ ਅੱਗੇ ਜਾਣ ਦਾ ਯਤਨ ਕਰਦੇ ਤਾਂ ਹੋਰ ਕੁੱਟਾਈ ਹੁੰਦੀ ਅਤੇ ਕੁੱਟ ਦੇ ਭੰਨੇ ਅਕਾਲੀ ਫਿਰ ਉੱਠਦੇ ਅਤੇ ਆਪਣੇ ਨਿਸ਼ਾਨੇ ਵੱਲ ਵਧਦੇ। ਪੁਲਸ ਫਿਰ ਉਦੋਂ ਤੱਕ ਡਾਂਗਬਾਜ਼ੀ ਕਰਦੀ, ਜਦੋਂ ਤੱਕ ਅਕਾਲੀ ਬੇਸੁੱਧ ਹੋ ਕੇ ਡਿੱਗ ਨਾ ਪੈਂਦੇ। ਕੁੱਝ ਦਿਨੀਂ ਤਾਂ ਡਿੱਗੇ ਪਏ ਅਕਾਲੀਆਂ ਉੱਤੇ ਘੋੜ-ਸਵਾਰ ਸੈਨਿਕਾਂ ਦੁਆਰਾ ਘੋੜੇ ਚੜ੍ਹਾਉਣ ਤੇ ਪਾਲਤੂ ਸ਼ਿਕਾਰੀ ਕੁੱਤਾ ਛੱਡੇ ਜਾਣ ਦੀ ਸ਼ਰਮਨਾਕ ਅਤੇ ਕਮੀਨੀ ਕਰਤੂਤ ਵੀ ਕੀਤੀ ਗਈ। ਹੋਸ਼ ਵਿਚ ਆਉਣ ਉਪਰੰਤ ਅਕਾਲੀਆਂ ਦਾ ਅੱਗੇ ਜਾਣ ਦਾ ਯਤਨ ਹੋਰ ਮਾਰ ਕੁਟਾਈ ਦਾ ਕਾਰਨ ਬਣਦਾ ਅਤੇ ਵਾਰ ਵਾਰ ਮਾਰ-ਕੁੱਟ ਕਾਰਨ ਫੱਟੜ ਅਤੇ ਬੇਸੁੱਧ ਅਕਾਲੀਆਂ ਨੂੰ ਸਵੈ-ਸੇਵੀ ਡਾਕਟਰੀ ਟੀਮਾਂ ਮੁੱਢਲੀ ਸਹਾਇਤਾ ਦੇਣ ਉਪਰੰਤ ਐਂਬੂਲੈਂਸ ਵਿੱਚ ਪਾ ਕੇ ਅੰਮ੍ਰਿਤਸਰ ਲੈ ਆਉਂਦੀਆਂ, ਜਿਥੇ ਜ਼ਖਮੀਆਂ ਦੇ ਇਲਾਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਪਤ ਆਰਜ਼ੀ ਹਸਪਤਾਲ ਵਿੱਚ ਰੱਖ ਕੇ ਉਹਨਾਂ ਦਾ ਇਲਾਜ ਕੀਤਾ ਜਾਂਦਾ। ਮੋਰਚੇ ਦੌਰਾਨ ਇੱਕ ਹਜ਼ਾਰ ਤੋਂ ਵਧੇਰੇ ਗੰਭੀਰ ਰੂਪ ਵਿੱਚ ਜ਼ਖਮੀ ਅਕਾਲੀਆਂ ਦਾ ਇਲਾਜ ਇਸ ਹਸਪਤਾਲ ਵਿੱਚ ਕੀਤਾ ਗਿਆ।

ਪੁਲਸ ਨੇ ਮਾਰ-ਕੁਟਾਈ ਲਈ ਭਾਵੇਂ ਮੁੱਖ ਤੌਰ ਉੱਤੇ ਡਾਂਗ ਨੂੰ ਹੀ ਹਥਿਆਰ ਵਜੋਂ ਵਰਤਿਆ ਪਰ ਡਾਂਗ ਨਾਲ ਚੋਟ ਪੁਚਾਉਣ ਲਈ ਭਿੰਨ ਭਿੰਨ ਵਿਧੀਆਂ ਵਰਤੀਆਂ ਗਈਆਂ। ਆਮ ਪ੍ਰਚੱਲਿਤ ਵਿਧੀ ਡਾਂਗਬਾਜ਼ੀ ਤਾਂ ਵਰਤੀ ਹੀ ਗਈ ਪਰ ਇਸ ਦੇ ਨਾਲ ਨਾਲ ਦੋ ਢੰਗ ਹੋਰ ਵੀ ਅਮਲ ਵਿੱਚ ਲਿਆਂਦੇ ਗਏ। ਪੁਲਸ ਦੇ ਸਿਪਾਹੀ ਅਕਾਲੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਜ਼ਮੀਨ ਦੇ ਸਮਾਂਨਾਂਤਰ ਕੁੱਝ ਫੁੱਟ ਉਚੀ ਡਾਂਗਾਂ ਦੀ ਵਾੜ ਬਣਾ ਲੈਂਦੇ। ਲਾਠੀ ਦਾ ਇਕ ਸਿਰਾ ਇੱਕ ਸਿਪਾਹੀ ਦੇ ਹੱਥ ਵਿਚ ਹੁੰਦਾ ਅਤੇ ਦੂਜਾ ਦੂਜੇ ਸਿਪਾਹੀ ਦੇ ਹੱਥ ਵਿੱਚ। ਜਦੋਂ ਕੋਈ ਅਕਾਲੀ ਵਲੰਟੀਅਰ ਇਸ ਲਾਠੀ ਦੇ ਹੇਠਾਂ ਦੀ ਲੰਘਣ ਦੀ ਕੋਸ਼ਿਸ਼ ਕਰਦਾ,

ਸਿਪਾਹੀ ਤੇਜ਼ੀ ਨਾਲ ਡਾਂਗ ਨੂੰ ਅਕਾਲੀ ਦੀ ਧੌਣ ਉੱਤੇ ਟਿਕਾ ਕੇ ਹੇਠਾਂ ਦਬਾ ਦਿੰਦੇ ਅਤੇ ਉਦੋਂ ਬੱਸ ਕਰਦੇ ਜਦੋਂ ਡਾਂਗ ਦੇ ਦੋਵੇਂ ਸਿਰੇ ਧਰਤੀ ਨੂੰ ਛੋਹਣ ਲੱਗ ਜਾਂਦੇ। ਇਉਂ ਧੌਣ ਘੁੱਟੀ ਜਾਣ ਕਾਰਨ ਅਨੇਕਾਂ ਅਕਾਲੀ ਬੇਹੋਸ਼ ਹੋਏ। ਡਾਂਗ ਦੀ ਗੁੱਝੀ ਮਾਰ ਮਾਰਨ ਲਈ ਪੁਲਸ ਨੇ ਇੱਕ ਹੋਰ ਢੰਗ ਅਪਨਾਇਆ। ਪੁਲਸ ਦਾ ਸਿਪਾਹੀ ਡਾਂਗ ਦਾ ਇਕ ਸਿਰਾ ਤਕੜਾਈ ਨਾਲ ਧਰਤੀ ਉੱਤੇ ਟਿਕਾਈ ਰੱਖਦਾ ਅਤੇ ਦੂਜਾ ਉਪਰਲਾ ਸਿਰਾ, ਜਿਸ ਉੱਤੇ ਤਾਂਬੇ ਦੀ ਸੁੰਮ ਚੜ੍ਹੀ ਹੁੰਦੀ ਸੀ, ਸਾਹਮਣੇ ਖੜੇ ਅਕਾਲੀ ਦੇ ਮਾਰੀ ਜਾਂਦਾ। ਇਹ ਸੱਟਾਂ ਅਕਾਲੀ ਵਲੰਟੀਅਰਾਂ ਦੇ ਮੱਥੇ, ਅੱਖਾਂ, ਪੇਟ, ਗੁਪਤ ਅੰਗਾਂ ਆਦਿ ਉੱਤੇ ਮਾਰੀਆਂ ਜਾਂਦੀਆਂ। ਕਈ ਵਾਰ ਪੁਲਸੀਏ ਡਾਂਗ ਅੱਧ ਵਿਚਕਾਰੋਂ ਹੱਥ ਵਿੱਚ ਫੜ ਕੇ ਹੇਠਲੇ ਸੁੰਮ ਨਾਲ ਸਾਹਮਣੇ ਖੜੇ ਅਕਾਲੀ ਦੇ ਪੈਰਾਂ, ਲੱਤਾਂ ਅਤੇ ਗੋਡਿਆਂ ਉੱਤੇ ਠੋਕਰਾਂ ਮਾਰਦੇ। ਇਹਨਾਂ ਸੱਟਾਂ ਨਾਲ ਜ਼ਖਮ ਘੱਟ ਹੁੰਦੇ, ਪਰ ਪੀੜ ਵਧੇਰੇ ਹੁੰਦੀ।

ਇਸ ਮੋਰਚੇ ਦੌਰਾਨ ਪੁਲਸ ਦੇ ਤਸ਼ੱਦਦ ਅਤੇ ਜੇਲ ਵਿਚ ਵਰਤੀ ਸਖ਼ਤੀ ਕਾਰਨ ਦਸ ਸਿੱਖ ਸਤਿਆਗ੍ਰਹੀ ਸ਼ਹੀਦ ਹੋਏ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | ਨਾਉਂ | ਸ਼ਹੀਦੀ ਦਾ ਕਾਰਨ ਅਤੇ ਸਥਾਨ | ਸ਼ਹੀਦੀ ਦੀ ਮਿਤੀ |
|---|---|---|---|
| 1. | ਭਾਈ ਭਗਤ ਸਿੰਘ ਪਿੰਡ ਤੇੜਾ, ਜ਼ਿਲਾ ਅੰਮ੍ਰਿਤਸਰ | ਪੁਲਸ ਦੀ ਕੁੱਟ ਕਾਰਨ ਆਪਣੇ ਹੀ ਪਿੰਡ ਵਿਚ | 4 ਸਤੰਬਰ, 1922 |
| 2. | ਭਾਈ ਤਾਰਾ ਸਿੰਘ ਪੁੱਤਰ ਭਾਈ ਭਗਤ ਸਿੰਘ, ਪਿੰਡ ਤੇੜਾ, ਜ਼ਿਲਾ ਅੰਮ੍ਰਿਤਸਰ | -ਉਹੀ- | 6 ਸਤੰਬਰ, 1922 |
| 3. | ਭਾਈ ਕਰਮ ਸਿੰਘ, ਨਿਵਾਸੀ ਅਨੰਦਪੁਰ ਸਾਹਿਬ, ਜ਼ਿਲਾ ਰੋਪੜ | ਪੰਜਾ ਸਾਹਿਬ ਰੇਲਵੇ ਸਟੇਸ਼ਨ ਉੱਤੇ ਰੇਲ ਗੱਡੀ ਹੇਠ ਆਉਣ ਨਾਲ | 30 ਅਕਤੂਬਰ, 1922 |
| 4. | ਭਾਈ ਪ੍ਰਤਾਪ ਸਿੰਘ, ਖਜਾਨਚੀ ਗੁਰਦੁਆਰਾ ਪੰਜਾ ਸਾਹਿਬ | -ਉਹੀ- | 30 ਅਕਤੂਬਰ, 1922 |
| 5. | ਭਾਈ ਹਰੀ ਸਿੰਘ | ਅੰਮ੍ਰਿਤਸਰ ਜੇਲ੍ਹ ਵਿੱਚ ਬੀਮਾਰੀ ਕਾਰਨ; ਉਸ ਨੂੰ ਕੁੱਝ ਹੀ ਦਿਨ ਪਹਿਲਾਂ ਅੱਟਕ ਜੇਲ੍ਹ ਤੋਂ ਇੱਥੋਂ ਲਿਆਂਦਾ ਗਿਆ ਸੀ | 9 ਨਵੰਬਰ, 1922 |
| 6. | ਭਾਈ ਪ੍ਰਕਾਸ਼ ਸਿੰਘ ਪਤਾ : ਨਾਮਾਲੂਮ | ਬੀਮਾਰੀ ਦੀ ਹਾਲਤ ਵਿੱਚ 24 ਨਵੰਬਰ, 1922 ਨੂੰ ਬੋਸਟਲ ਜੇਲ੍ਹ, ਲਾਹੌਰ ਤੋਂ ਰਿਹਾ ਕੀਤਾ ਗਿਆ | 25 ਨਵੰਬਰ, 1922 |

| | | | |
|---|---|---|---|
| 7. | ਭਾਈ ਹਰਦਿੱਤ ਸਿੰਘ, ਪਿੰਡ ਅੱਡੇਵਾਲ, ਜ਼ਿਲਾ ਜਲੰਧਰ | ਬੋਸਟਲ ਜੇਲ੍ਹ ਲਾਹੌਰ ਵਿਚ ਸਜ਼ਾ ਅਧੀਨ | 29 ਨਵੰਬਰ, 1922 |
| 8. | ਭਾਈ ਜਵਾਲਾ ਸਿੰਘ ਪਿੰਡ ਪੰਜੋਲਾ, ਜ਼ਿਲਾ ਹੁਸ਼ਿਆਰਪੁਰ | ਅਟਕ ਜੇਲ੍ਹ ਵਿਚ ਸਜ਼ਾ ਅਧੀਨ | 6 ਦਸੰਬਰ, 1922 |
| 9. | ਭਾਈ ਬਿਸ਼ਨ ਸਿੰਘ ਪਿੰਡ ਸੋਹਲ, ਜ਼ਿਲਾ ਗੁਰਦਾਸਪੁਰ | -ਉਹੀ- | 6 ਦਸੰਬਰ, 1922 |
| 10. | ਭਾਈ ਪਿਰਥੀਪਾਲ ਸਿੰਘ | ਪੁਲਸ ਦੀ ਕੁੱਟ ਨਾਲ ਹੋਏ ਜ਼ਖਮਾਂ ਕਾਰਨ ਗੁਰੂ ਰਾਮ ਦਾਸ ਹਸਪਤਾਲ ਵਿਚ ਇਲਾਜ ਅਧੀਨ | 2 ਅਪ੍ਰੈਲ, 1924 |

ਗੁਰੂ ਕਾ ਬਾਗ ਦੇ ਮੋਰਚੇ ਬਾਰੇ ਜਾਣਕਾਰੀ ਪੰਜਾਬ ਸਮੇਤ ਹਿੰਦੁਸਤਾਨ ਦੇ ਅਨੇਕ ਅਖਬਾਰਾਂ ਨੇ ਸਮੇਂ ਸਮੇਂ ਆਪਣੇ ਕਾਲਮਾਂ ਵਿੱਚ ਦਿੱਤੀ। ਲਾਹੌਰ ਤੋਂ ਪ੍ਰਕਾਸ਼ਿਤ ਹੁੰਦੇ ਅੰਗਰੇਜ਼ੀ 'ਟ੍ਰਿਬਿਊਨ' ਨੇ ਤਾਂ ਸਗੋਂ ਇੱਕ ਵਿਸ਼ੇਸ਼ ਕਾਲਮ 'ਗੁਰੂ ਕੇ ਬਾਗ ਦਾ ਮਾਮਲਾ' ਸ਼ੁਰੂ ਕਰਕੇ ਰੋਜ਼-ਬ-ਰੋਜ਼ ਹੋਣ ਵਾਲੀ ਕਾਰਵਾਈ ਦੀ ਸੂਚਨਾ ਪਾਠਕਾਂ ਤੱਕ ਪਹੁੰਚਾਈ। ਗੁਰੂ ਕਾ ਬਾਗ ਮੋਰਚੇ ਬਾਰੇ ਖਬਰਾਂ ਦੇਣ ਵਾਲੇ ਵਿਦੇਸ਼ੀ ਅਖਬਾਰਾਂ ਵਿੱਚ ਮਾਨਚੈਸਟਰ ਗਾਰਡੀਅਨ, ਲੰਡਨ ਟਾਈਮਜ਼, ਨੈਸ਼ਨਲ ਹੈਰਾਲਡ, ਹਿੰਦ ਆਦਿ ਸ਼ਾਮਲ ਹਨ।

ਅਖਬਾਰੀ ਪੱਤਰਕਾਰਾਂ ਵਾਂਗ ਹੀ ਕੁੱਝ ਫੋਟੋਗ੍ਰਾਫਰ ਵੀ ਗੁਰੂ ਕਾ ਬਾਗ ਦੇ ਮੋਰਚੇ ਦੌਰਾਨ ਵਾਪਰ ਰਹੀਆਂ ਘਟਨਾਵਾਂ ਦੀਆਂ ਤਸਵੀਰਾਂ ਲੈਣ ਲਈ ਮੌਕੇ ਉੱਤੇ ਹਾਜ਼ਰ ਸਨ। ਅਮਰੀਕਾ ਤੋਂ ਆਏ ਕੈਪਟਨ ਏ.ਐਲ. ਵਰਗੀਜ਼ ਨੇ 12 ਅਤੇ 13 ਸਤੰਬਰ ਨੂੰ ਗੁਰੂ ਕਾ ਬਾਗ ਵਿਖੇ ਪੁਲਸੀ ਤਸ਼ੱਦਦ ਦੀ ਫਿਲਮ ਬਣਾਈ ਸੀ, ਜਿਸ ਦੀਆਂ ਸੁਰਖੀਆਂ ਬੜੀਆਂ ਉੱਤੇਜਿਕ ਅਤੇ ਅਸਰਪਾਊ ਸਨ। ਫਿਲਮ ਦੇ ਇਸ਼ਤਿਹਾਰ ਦੀ ਸ਼ਬਦਾਵਲੀ ਵੀ ਬੜੀ ਦਿਲਚਸਪ ਸੀ, ਜੋ ਇਉਂ ਸੀ : "ਹਿੰਦੁਸਤਾਨੀ ਸ਼ਹਾਦਤ ਦੀਆਂ ਇੱਕ-ਮਾਤਰ ਤਸਵੀਰਾਂ। ਮਨੁੱਖੀ ਇਤਿਹਾਸ ਦਾ ਬੇਮਿਸਾਲ ਸੰਘਰਸ਼ ਜੋ ਛਾਇਆਵਾਦੀ ਭਾਰਤ ਵਿੱਚ ਚਲਾਇਆ ਜਾ ਰਿਹਾ ਹੈ ਜਿਥੇ ਲੱਖਾਂ ਦੇਸ਼ਵਾਸੀ, ਜਿਨ੍ਹਾਂ ਨੇ ਬਿਲਕੁੱਲ ਹੀ ਵਿਰੋਧ ਨਾ ਕਰਨ ਦੀਆਂ ਸਹੁੰਆਂ ਖਾਧੀਆਂ ਹਨ ਤੇ ਜਿਨ੍ਹਾਂ ਪਾਸ ਕੱਟੜ ਧਰਮ ਤੋਂ ਬਿਨਾਂ ਕੋਈ ਹਥਿਆਰ ਨਹੀਂ, ਬ੍ਰਿਟਿਸ਼ ਹਾਕਮਾਂ ਦੇ ਖਿਲਾਫ ਪੁਰ-ਅਮਨ ਬਗਾਵਤ ਕਰਨ ਵਿੱਚ ਲਗੇ ਹੋਏ ਹਨ।"

ਜਦੋਂ ਇਹ ਫਿਲਮ ਅਮਰੀਕਾ ਵਿੱਚ ਵਿਖਾਈ ਗਈ ਤਾਂ ਦਰਸ਼ਕਾਂ ਦੇ ਮਨਾਂ ਵਿੱਚ ਹਿੰਦੁਸਤਾਨੀਆਂ, ਵਿਸ਼ੇਸ਼ ਕਰਕੇ, ਸਿੱਖ ਭਾਈਚਾਰੇ ਪ੍ਰਤੀ ਹਮਦਰਦੀ ਪੈਦਾ ਹੋਣੀ ਸ਼ੁਰੂ ਹੋ ਗਈ। ਹਿੰਦੁਸਤਾਨੀ ਅੰਗਰੇਜ਼ ਸਰਕਾਰ ਨੂੰ ਅਮਰੀਕਾ ਵਿੱਚ ਇਹ ਫਿਲਮ ਵਿਖਾਏ ਜਾਣ ਦਾ ਵਿਰੋਧ ਕੀਤਾ। ਫਿਲਮ ਦੇ ਅਨੇਕਾਂ ਸਿਰਲੇਖਾਂ ਦੇ ਨਾਲ ਨਾਲ ਇਸ ਦੇ ਦੋ ਦ੍ਰਿਸ਼ ਵਿਸ਼ੇਸ਼ ਤੌਰ ਉੱਤੇ ਹਿੰਦੁਸਤਾਨ ਦੇ ਅੰਗਰੇਜ਼ ਹਾਕਮਾਂ ਤੋਂ ਜਰੇ ਨਹੀਂ ਸਨ ਜਾਂਦੇ। ਪਹਿਲੇ ਦ੍ਰਿਸ਼ ਵਿੱਚ ਇੱਕ ਅੰਗਰੇਜ਼

ਪੁਲਸ ਅਫਸਰ ਅਕਾਲੀ ਸਤਿਆਗ੍ਰਹੀ ਨੂੰ ਕੁੱਟਣ ਲਈ ਲਾਠੀ ਵਰਤ ਰਿਹਾ ਦਿਖਾਈ ਦਿੰਦਾ ਸੀ ਅਤੇ ਦੂਜੇ ਦ੍ਰਿਸ਼ ਵਿੱਚ ਪੁਲਸ ਦੀ ਮਾਰ ਕਾਰਨ ਜ਼ਮੀਨ ਉੱਤੇ ਪਹਿਲਾਂ ਡਿੱਗੇ ਅਤੇ ਹੌਲੀ ਹੌਲੀ ਉਠ ਰਹੇ ਅਕਾਲੀ ਨੂੰ ਪੁਲਸ ਸਿਪਾਹੀ ਵੱਲੋਂ ਫਿਰ ਕੁੱਟੇ ਜਾਣ ਉੱਤੇ ਧਰਤੀ ਉੱਤੇ ਡਿਗਦਾ ਵਿਖਾਇਆ ਗਿਆ ਸੀ।

ਐਸੋਸੀਏਟਿਡ ਪ੍ਰੈਸ ਦੇ ਫੋਟੋਗ੍ਰਾਫਰ ਮਿਸਟਰ ਮੂਲਨਜ਼ ਨੇ ਵੀ ਇਸ ਸਮੇਂ ਕੁੱਝ ਤਸਵੀਰਾਂ ਖਿਚੀਆਂ ਸਨ। ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਪਾਸੋਂ 26 ਤਸਵੀਰਾਂ 300 ਰੁਪਏ ਦਾ ਇਵਜ਼ਾਨਾ ਦੇ ਕੇ ਪ੍ਰਾਪਤ ਕੀਤੀਆਂ।

ਇਸ ਘਟਨਾਵਲੀ ਦੀਆਂ ਤਸਵੀਰਾਂ ਲੈਣ ਦਾ ਕੰਮ ਕਰਨ ਵਾਲਾ ਇੱਕ ਪੰਜਾਬੀ ਫੋਟੋਗ੍ਰਾਫਰ ਲਾਲਾ ਮੇਹਰ ਚੰਦ ਪੁੱਤਰ ਲਾਲਾ ਕਿਰਪਾ ਰਾਮ, ਖੱਤਰੀ, ਵਸਨੀਕ ਭੇਰਾ, ਜ਼ਿਲ੍ਹਾ ਸ਼ਾਹਪੁਰ ਸੀ। ਉਸ ਨੇ 30, 31 ਅਗਸਤ ਅਤੇ 1 ਸਤੰਬਰ ਨੂੰ ਗੁਰੂ ਕਾ ਬਾਗ, 2 ਸਤੰਬਰ, ਨੂੰ ਰਾਜਾ ਸਾਂਸੀ ਅਤੇ ਫਿਰ 12 ਅਤੇ 13 ਸਤੰਬਰ ਨੂੰ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਪੁਲਸ ਦੀ ਕੁੱਟ ਮਾਰ ਅਤੇ ਝਿੜਕਾਂ-ਝੰਬਾਂ ਸਹਿੰਦਿਆਂ ਲੁੱਕ ਛਿਪ ਕੇ ਬਹੁਤ ਸਾਰੀਆਂ ਤਸਵੀਰਾਂ ਲਈਆਂ ਜਿਨ੍ਹਾਂ ਵਿਚੋਂ ਵਧੇਰੇ ਤਸਵੀਰਾਂ ਪੁਲਸ ਦੀ ਨਜ਼ਰ ਤੋਂ ਬਚਣ ਲਈ ਘਟਨਾ-ਸਥਲ ਤੋਂ ਆਸੇ ਪਾਸੇ ਹੋ ਕੇ ਖਿੱਚੀਆਂ ਗਈਆਂ ਹੋਣ ਕਾਰਨ, ਜਿਵੇਂ ਹੋਣਾ ਕੁਦਰਤੀ ਸੀ, ਸਾਫ਼ ਅਤੇ ਸਪਸ਼ਟ ਨਹੀਂ ਸਨ ਪਰ ਫਿਰ ਵੀ ਕੁੱਝ ਤਸਵੀਰਾਂ ਮੌਕੇ ਦੀਆਂ ਵਾਰਦਾਤਾਂ ਦੀ ਸਹੀ ਤਰਜਮਾਨੀ ਕਰਨ ਵਾਲੀਆਂ ਸਨ। ਲਾਲਾ ਮੇਹਰ ਚੰਦ ਨੇ ਆਪਣੀਆਂ ਕੁੱਝ ਤਸਵੀਰਾਂ ਗੁਰੂ ਕਾ ਬਾਗ ਮੋਰਚੇ ਸਮੇਂ ਢਾਹੇ ਗਏ ਪੁਲਸ ਤਸ਼ੱਦਦ ਦੀ ਪੜਤਾਲ ਕਰਨ ਬਾਰੇ ਹਿੰਦੁਸਤਾਨੀ ਕਾਂਗਰਸ ਕਮੇਟੀ ਵਲੋਂ ਥਾਪੀ ਗਈ ਪੜਤਾਲੀਆ ਕਮੇਟੀ ਸਾਹਮਣੇ ਵੀ ਪੇਸ਼ ਕੀਤੀਆਂ।

ਇਸ ਮੋਰਚੇ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥਿਆਂ ਦੇ ਚੱਲਣ ਸਮੇਂ ਦੀਆਂ ਅਤੇ ਸਤਿਆਗ੍ਰਹਿ ਕਰਦੇ ਅਕਾਲੀਆਂ ਉਪਰ ਪੁਲਸ ਦੇ ਤਸ਼ੱਦਦ ਦੀਆਂ ਕੁੱਝ ਤਸਵੀਰਾਂ ਅੰਮ੍ਰਿਤਸਰ ਦੇ 'ਮਾਸਟਰ ਬ੍ਰਦਰਜ਼' ਨੇ ਵੀ ਖਿੱਚੀਆਂ ਸਨ।

ਸਮੁੱਚੇ ਮੋਰਚੇ ਦੌਰਾਨ ਵਿਭਿੰਨ ਪ੍ਰਕਾਰ ਦੇ ਪ੍ਰਬੰਧ ਕਰਨ ਲਈ ਧਨ ਦੀ ਲੋੜ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੇ ਸਾਧਨਾਂ ਤੋਂ ਆਮਦਨ ਅਜੇ ਨਿਗੂਣੀ ਸੀ। ਇਸ ਲਈ ਕਮੇਟੀ ਦੁਆਰਾ ਪੰਜਾਬ ਵਾਸੀਆਂ ਨੂੰ ਮੋਰਚਾ ਫੰਡ ਭੇਜਣ ਦੀ ਅਪੀਲ ਕੀਤੀ ਗਈ। ਅਪੀਲ ਦਾ ਹੁੰਗਾਰਾ ਉਤਸ਼ਾਹਜਨਕ ਰਿਹਾ ਅਤੇ ਇੱਕ ਲੱਖ ਛੱਤੀ ਹਜ਼ਾਰ ਰੁਪਏ ਦੇ ਲਗਪਗ ਰਾਸ਼ੀ ਇਕੱਤਰ ਹੋਈ। ਇਸ ਵਿਚੋਂ ਕੇਵਲ ਤੇਤੀ ਹਜ਼ਾਰ ਰੁਪਏ ਖਰਚ ਹੋਏ। ਕਾਰਨ ਇਹ ਸੀ ਕਿ ਸੰਗਤਾਂ ਆਪ ਮੁਹਾਰੇ ਹੀ ਰਾਸ਼ਨ, ਦਵਾਈ-ਬੂਟੀ, ਫਲ, ਬਸਤਰਾਂ ਆਦਿ ਦੇ ਰੂਪ ਵਿਚ ਬੇਅਥਾਹ ਦਾਨ ਦੇ ਰਹੀਆਂ ਸਨ, ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ ਕੇਵਲ ਸੀਮਿਤ ਲੋੜਾਂ ਲਈ ਹੀ ਖਰਚਾ ਕਰਨਾ ਪਿਆ।

ਸ੍ਰੀ ਮਦਨ ਮੋਹਨ ਮਾਲਵੀਆ ਜੀ ਅਤੇ ਅੰਗਰੇਜ਼ ਪਾਦਰੀ ਸੀ. ਐਫ. ਐਂਡਰਿਊਜ਼ ਤੋਂ ਬਿਨਾਂ ਹੋਰ ਜਿਨ੍ਹਾਂ ਜਨਤਕ ਸ਼ਖਸੀਅਤਾਂ ਨੇ ਇਸ ਮੋਰਚੇ ਦੇ ਵਾਕਿਆਤ ਆਪਣੀ ਅੱਖੀਂ ਦੇਖੇ ਉਹਨਾਂ ਵਿਚ ਸ਼ਾਮਲ ਸਨ :

**ਅਖਬਾਰੀ ਬਰਾਦਰੀ ਵਿਚੋਂ :**

ਸਰਦਾਰ ਅਮਰ ਸਿੰਘ, ਐਡੀਟਰ, 'ਲਾਇਲ ਗਜ਼ਟ', ਲਾਹੌਰ;

ਪੰਡਤ ਅਨੰਦ ਨਰਾਇਣ ਸੇਵਕ, ਸਹਾਇਕ ਸੰਪਾਦਕ, ਟ੍ਰਿਬਿਊਨ, ਲਾਹੌਰ;

ਲਾਲਾ ਅਰਜਨ ਦੇਵ,ਮੈਨੇਜਰ, 'ਪ੍ਰਤਾਪ', ਲਾਹੌਰ;

ਲਾਲਾ ਦੀਨਾ ਨਾਥ, ਐਡੀਟਰ, 'ਦੇਸ', ਲਾਹੌਰ;

ਭਾਈ ਜੋਧ ਸਿੰਘ, ਐਮ.ਏ., ਐਡੀਟਰ, 'ਖਾਲਸਾ' ਅਤੇ 'ਖਾਲਸਾ ਐਡਵੋਕੇਟ', ਅੰਮ੍ਰਿਤਸਰ;

ਮਹਾਸ਼ਾ ਕ੍ਰਿਸ਼ਨ, ਐਡੀਟਰ, 'ਪ੍ਰਤਾਪ', ਲਾਹੌਰ;

ਪੰਡਤ ਮੇਲਾ ਰਾਮ ਵਫ਼ਾ, ਐਡੀਟਰ, 'ਬੰਦੇ ਮਾਤ੍ਰਮ', ਲਾਹੌਰ;

ਪੰਡਤ ਗਿਆਨ ਚੰਦ ਰਾਮਪਾਲ, ਜਾਇੰਟ ਐਡੀਟਰ, 'ਬੰਦੇ ਮਾਤ੍ਰਿਮ', ਲਾਹੌਰ;

ਮਿਲਖੀ ਰਾਮ ਭਾਰਦਵਾਜ, ਪ੍ਰਤੀਨਿੱਧ, 'ਬੰਦੇ ਮਾਤ੍ਰਿਮ', ਲਾਹੌਰ;

ਜੀ.ਏ. ਸੁੰਦਰਮ, ਸਹਾਇਕ ਸੰਪਾਦਕ, 'ਇੰਡੀਪੈਨਡੈਂਟ', ਅਲਾਹਾਬਾਦ

ਮੌਲਾਨਾ ਸ਼ਫਾਕ ਉਲਾ ਖਾਂ, ਮੈਨੇਜਰ, ਜ਼ਿਮੀਦਾਰ, ਲਾਹੌਰ;

**ਸਮਾਜ ਸੇਵਕ ਅਤੇ ਸਿਆਸਤਦਾਨ :**

ਅਨੂਪ ਸਿੰਘ ਰਿਸਾਲਦਾਰ, ਪ੍ਰੈਜ਼ੀਡੈਂਟ ਰਿਟਾਇਰਡ ਸੋਲਜਰਜ਼ ਐਸੋਸੀਏਸ਼ਨ, ਲਾਹੌਰ ਡਵੀਜ਼ਨ;

ਪਲਮੇਰਾਬਾਦ, ਡਾਕਖਾਨਾ ਕੋਟ ਰਾਧਾ ਕਿਸ਼ਨ, ਜ਼ਿਲਾ ਲਾਹੌਰ;

ਕੁਮਾਰੀ ਲੱਜਾਵਤੀ, ਪ੍ਰਿੰਸੀਪਲ, ਕੰਨਿਆ ਮਹਾਂ ਵਿਦਿਆਲਾ, ਜਲੰਧਰ;

ਰਾਜਾ ਨਰਿੰਦਰ ਨਾਥ, ਦੀਵਾਨ ਬਹਾਦਰ, ਐਮ.ਏ. ਐਮ.ਐਲ.ਸੀ. ਰੀਟਾਇਰਡ ਡਿਪਟੀ ਕਮਿਸ਼ਨਰ, ਲਾਹੌਰ;

ਪੰਡਤ ਸੰਤਾਨਮ, ਵਕੀਲ, ਜਨਰਲ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਲਾਹੌਰ;

ਕਾ: ਪਰਸੂ ਰਾਮ ਸ਼ਰਮਾ, ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਲਾਹੌਰ;

ਅਬਦੁਲ ਰਾਹਮਾਨ ਦਫ਼ਤਰ ਸੁਪਰਡੰਟ, ਪੰਜਾਬ ਰਿਆਸਤੀ ਖਿਲਾਫਤ ਕਮੇਟੀ, ਲਾਹੌਰ;

ਮੌਲਾਨਾ ਮੁਆਜ਼ਮ ਅਲੀ, ਜਨਰਲ ਸਕੱਤਰ, ਆਲ ਇੰਡੀਆ ਖਿਲਾਫਤ ਕਮੇਟੀ, ਮੁਰਾਦਾਬਾਦ;

ਮੀਆਂ ਮੁਹੰਮਦ ਰਸ਼ੀਦ, ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਖਿਲਾਫਤ ਕਮੇਟੀ, ਲਾਹੌਰ;

ਲਾਲਾ ਦੁਨੀ ਚੰਦ, ਵਕੀਲ, ਲਾਹੌਰ;ਡਾ. ਗੋਪੀ ਚੰਦ ਭਾਰਗਵ, ਲਾਹੌਰ;

ਰਾਇਜ਼ਾਦਾ ਹੰਸ ਰਾਜ, ਵਕੀਲ, ਜਲੰਧਰ; ਭਗਤ ਸਿੰਘ ਪ੍ਰਦੇਸੀ, ਸੈਕਟਰੀ, ਜ਼ਿਲ੍ਹਾ ਕਾਂਗਰਸ ਕਮੇਟੀ, ਅੰਮ੍ਰਿਤਸਰ;

ਲਾਲਾ ਰੂਪ ਲਾਲ ਪੁਰੀ, ਪ੍ਰਧਾਨ, ਜ਼ਿਲ੍ਹਾ ਕਾਂਗਰਸ ਕਮੇਟੀ, ਅੰਮ੍ਰਿਤਸਰ

ਬਾਵਾ ਸਲਾਮਤ ਰਾਇ, ਵਕੀਲ ਹਾਈਕੋਰਟ, ਜਲੰਧਰ ਸ਼ਹਿਰ ਅਤੇ ਸ੍ਰ. ਦੀਵਾਨ ਸਿੰਘ, ਰੀਟਾਇਰਡ ਪੁਲਸ ਇੰਸਪੈਕਟਰ, ਅੰਮ੍ਰਿਤਸਰ।

ਗੁਰੂ ਕੇ ਬਾਗ ਦਾ ਮੋਰਚਾ ਬੇਸ਼ੱਕ ਪ੍ਰਾਂਤਿਕ ਪੱਧਰ ਉੱਤੇ ਪੰਜਾਬੀ ਵਸਨੀਕਾਂ ਦੇ ਇਕ ਵਰਗ ਸਿੱਖਾਂ ਦੇ ਧਾਰਮਿਕ ਮਾਮਲੇ ਨਾਲ ਸੰਬੰਧਤ ਸੀ ਪਰ ਇਸ ਨੇ ਨਿਰਸੰਦੇਹ, ਰਾਸ਼ਟਰੀ ਪੱਧਰ 'ਤੇ ਚੱਲ ਰਹੇ ਆਜ਼ਾਦੀ ਦੇ ਅੰਦੋਲਨ ਨੂੰ ਵੀ ਪ੍ਰਭਾਵਿਤ ਕੀਤਾ। ਰਾਜਨੀਤਿਕ ਅੰਦੋਲਨਾਂ ਦੇ

ਪ੍ਰਸੰਗ ਵਿੱਚ ਗੁਰੂ ਕਾ ਬਾਗ ਦੇ ਮੋਰਚੇ ਤੋਂ ਮਿਲਦੇ ਕੁੱਝ ਸਬਕ ਅੱਜ ਵੀ ਸਾਰਥਕ ਅਤੇ ਸਿੱਖਣਯੋਗ ਹਨ।

ਕਿਸੇ ਰਾਜ ਵਿਰੁੱਧ ਲੜੇ ਜਾਣ ਵਾਲੇ ਹਿੰਸਕ ਅੰਦੋਲਨ ਭਾਵੇਂ ਕਿੰਨੇ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਣ, ਉਹਨਾਂ ਦੀ ਸਫਲਤਾ ਸਦਾ ਸ਼ੱਕੀ ਬਣੀ ਰਹਿੰਦੀ ਹੈ। ਇਸ ਦੇ ਉਲਟ ਅੰਦੋਲਨ ਦਾ ਅਹਿੰਸਕ ਰੂਪ ਇਸ ਦੀ ਸਫਲਤਾ ਦੀ ਜਾਮਨੀ ਹੋ ਨਿਬੜਦਾ ਹੈ। ਹਿੰਸਕ ਨਾ ਹੋਣ ਦੀ ਰੁਚੀ ਬੁਨਿਆਦੀ ਤੌਰ ਉੱਤੇ ਇਕ ਇਖ਼ਲਾਕੀ ਸਿਖਿਆ ਹੈ ਜਿਸ ਨੂੰ ਗ੍ਰਹਿਣ ਕਰਨ ਪਿੱਛੇ ਧਾਰਮਿਕ ਆਧਾਰ ਕੰਮ ਕਰਦਾ ਹੈ। ਇਸ ਲਈ ਕਿਸੇ ਰਾਜਸੀ ਅੰਦੋਲਨ ਨੂੰ ਸ਼ਾਂਤਮਈ ਅਤੇ ਅਹਿੰਸਕ ਤਾਂ ਹੀ ਰੱਖਿਆ ਜਾ ਸਕਦਾ ਹੈ ਜੇਕਰ ਇਸ ਵਿਚ ਥੋੜ੍ਹੀ ਬਹੁਤ ਧਾਰਮਿਕ ਭਾਵਨਾ ਵਿਦਮਾਨ ਹੋਵੇ। ਗੁਰੂ ਕਾ ਬਾਗ ਮੋਰਚੇ ਨੇ ਭਲੀਭਾਂਤ ਸਪੱਸ਼ਟ ਕਰ ਦਿੱਤਾ ਕਿ ਘੱਟ ਸਮੇਂ ਵਿੱਚ ਸੁਚਾਰੂ ਸਿੱਟੇ ਪ੍ਰਾਪਤ ਕਰਨ ਲਈ ਅਹਿੰਸਕ ਅੰਦੋਲਨ ਇਕ ਸਫਲ ਪੈਂਤੜਾ ਹੈ।

ਗੁਰੂ ਕਾ ਬਾਗ ਮੋਰਚੇ ਨੇ ਕੋਈ ਲੋਕ ਲਹਿਰ ਉਸਾਰਨ ਵਿਚ ਜਥੇਬੰਦੀ ਅਤੇ ਉਸ ਦੁਆਰਾ ਉਲੀਕੀ ਗਈ ਸਪਸ਼ਟ ਨੀਤੀ ਅਨੁਸਾਰ ਠੋਸ ਅਤੇ ਸਮੂਹਿਕ-ਸੰਗਠਿਤ ਅਮਲ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ। ਇਸ ਮੋਰਚੇ ਦੀ ਵਾਗ ਡੋਰ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਹੱਥ ਸੀ। ਕਮੇਟੀ ਦੁਆਰਾ ਮਿਥੇ ਗਏ ਨਿਸ਼ਾਨੇ ਦੀ ਸਪੱਸ਼ਟਤਾ ਕਾਰਨ ਮੋਰਚਾ ਜਨਤਾ ਦੇ ਵਡੇਰੇ ਗੈਰ-ਸਿੱਖ ਵਰਗ ਦੀ ਹਮਦਰਦੀ ਜਿੱਤਣ ਵਿਚ ਸਫਲ ਰਿਹਾ। ਫਲਸਰੂਪ ਅਨੇਕਾਂ ਹਿੰਦੂ ਅਤੇ ਮੁਸਲਮਾਨ ਪੰਜਾਬੀਆਂ ਨੇ ਨਾ ਕੇਵਲ ਮੋਰਚੇ ਵਿਚ ਜ਼ਖਮੀ ਹੋਏ ਅਕਾਲੀ ਵਲੰਟੀਅਰਾਂ ਦੀ ਸਾਂਭ-ਸੰਭਾਲ ਲਈ ਸੇਵਾ-ਭਾਵਨਾ ਨਾਲ ਕੰਮ ਕੀਤਾ; ਸਗੋਂ ਸ਼ਾਂਤਮਈ ਅਤੇ ਅਹਿੰਸਕ ਅਕਾਲੀਆਂ ਨੂੰ ਬਰਬਰਤਾਪੂਰਨ ਅਤੇ ਮੁਜਰਮਾਨਾ ਤਸ਼ੱਦਦ ਦਾ ਸ਼ਿਕਾਰ ਬਣਾਉਣ ਵਾਲੀ ਅੰਗਰੇਜ਼ੀ ਪੁਲਸ ਦੀਆਂ ਹੈਵਾਨੀ ਕਰਤੂਤਾਂ ਨੂੰ ਨੰਗਾ ਕਰਕੇ ਸਮੂਹ ਦੇਸ਼ਵਾਸੀਆਂ ਤੱਕ ਪਹੁੰਚਾਉਣ ਵਿੱਚ ਜਿੰਨੇ ਪਰਚਾਰ ਦਾ ਕੰਮ ਗੈਰ-ਸਿੱਖ ਵਿਅਕਤੀਆਂ ਵਲੋਂ ਕੀਤਾ ਗਿਆ, ਉਸ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਗੁਰੂ ਕਾ ਬਾਗ ਦੇ ਮੋਰਚੇ ਤੋਂ ਇਸ ਤੱਥ ਦੀ ਪੁਸ਼ਟੀ ਵੀ ਹੋਈ ਕਿ ਕਿਸੇ ਸੰਘਰਸ਼ ਦੀ ਸਫਲਤਾ ਲਈ ਉਸ ਵਿਚ ਔਰਤਾਂ ਦਾ ਸ਼ਰੀਕ ਹੋਣਾ ਅਤਿਅੰਤ ਜ਼ਰੂਰੀ ਹੈ। ਔਰਤ ਅੰਦਰ ਲੁੱਕੀ ਦੈਵੀ-ਸ਼ਕਤੀ ਦੇ ਪ੍ਰਭਾਵ ਅਧੀਨ ਪੁਰਸ਼ ਸਾਹਮਣੇ ਆਉਣ ਵਾਲੀਆਂ ਮੁਸ਼ਕਲਾਂ ਨੂੰ ਧੀਰਜ ਨਾਲ ਜਰਨ ਅਤੇ ਸ਼ਾਨਦਾਰ ਕਾਰਨਾਮੇ ਵਿਖਾਉਣ ਲਈ ਪ੍ਰੇਰਿਤ ਹੁੰਦੇ ਹਨ। ਇਸ ਮੋਰਚੇ ਦੀ ਸਫਲਤਾ ਦਾ ਰਾਜ ਇਸ ਗੱਲ ਵਿਚ ਹੈ ਕਿ ਦੂਰ ਦੁਰਾਡੇ ਵਸਦੇ ਪਿੰਡਾਂ ਵਿਚੋਂ ਔਰਤਾਂ ਨੇ ਆਪਣੇ ਪਤੀਆਂ, ਪੁੱਤਰਾਂ, ਭਰਾਵਾਂ ਆਦਿ ਨੂੰ ਗੁਰੂ ਕਾ ਬਾਗ ਦੇ ਮੋਰਚੇ ਵਿਚ, ਇਹ ਜਾਣਦੇ ਬੁੱਝਦੇ ਹੋਏ ਕਿ ਮੋਰਚੇ ਦੌਰਾਨ ਪੁਲਸ ਦੀ ਮਾਰ ਕੁੱਟ ਕਾਰਨ ਜਾਨ ਵੀ ਜਾ ਸਕਦੀ ਹੈ, ਭੇਜਿਆ। ਕੁੱਝ ਔਰਤਾਂ ਆਪਣੇ ਪਰਵਾਰ-ਜਨਾਂ ਨੂੰ ਵਿਦਾ ਕਰਨ ਲਈ ਅੰਮ੍ਰਿਤਸਰ ਵੀ ਪਹੁੰਚੀਆਂ। ਮਰਦਾਂ ਵਾਂਗ ਹੀ ਸਿੱਖ ਔਰਤਾਂ ਨੇ ਗੁਰੂ ਕਾ ਬਾਗ ਲਈ ਨਿਰੋਲ ਔਰਤਾਂ ਦਾ ਜਥਾ ਭੇਜਣ ਲਈ ਸਿੱਖ ਆਗੂਆਂ ਪਾਸੋਂ ਪ੍ਰਵਾਨਗੀ ਮੰਗੀ ਸੀ, ਜੋ ਅਪ੍ਰਵਾਨ ਕਰ ਦਿੱਤੀ ਗਈ। ਇਸ ਦੇ ਬਾਵਜੂਦ ਮੋਰਚੇ ਦੀ ਸਫਲਤਾ ਵਿਚ ਉਹਨਾਂ ਦੇ ਯੋਗਦਾਨ ਨੂੰ ਕਿਸੇ ਤਰ੍ਹਾਂ ਵੀ ਘਟਾ ਕੇ ਨਹੀਂ ਆਂਕਿਆ ਜਾ ਸਕਦਾ।

ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਨਾਲ ਜੁੜੀ ਜਨਤਕ-ਸਦਭਾਵਨਾ ਦਾ ਕੁੱਝ ਅਨੁਮਾਨ ਇਸ ਤੱਥ ਤੋਂ ਲੱਗਦਾ ਹੈ ਕਿ ਇਸ ਮੋਰਚੇ ਨੂੰ ਵਿਸ਼ਾ ਬਣਾ ਕੇ ਚੋਖੀ ਕਾਵਿ-ਰਚਨਾ ਕੀਤੀ ਗਈ। ਭਾਈ ਸਾਧੂ ਸਿੰਘ ਪਰਚਾਰਕ ਸੈਂਸਰਾਂ ਰਚਿਤ "ਨੌਕਰਸ਼ਾਹੀ ਦੀ ਗੁਰੂ ਦੇ ਬਾਗ ਵਿੱਚ ਹਨੇਰਗਰਦੀ", ਭਾਈ ਕਰਤਾਰ ਸਿੰਘ ਅੰਮ੍ਰਿਤਸਰ ਦੀ ਰਚਨਾ "ਪੰਥ ਦਾ ਵਾਲੀ ਗੁਰੂ ਕੇ ਬਾਗ ਵਿਚ", ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਦੀ ਰਚਨਾ "ਬੀਰ ਖਾਲਸਾ ਅਰਥਾਤ ਸਾਕਾ ਗੁਰੂ ਕਾ ਬਾਗ", ਭਾਈ ਤੇਜਾ ਸਿੰਘ ਕਵੀਸ਼ਰ ਪਿੰਡ ਗੁਰੂਸਰ ਰਚਿਤ "ਸਿੱਖ ਧਰਮ ਦਾ ਸਾਕਾ", ਭਾਈ ਦਲੀਪ ਸਿੰਘ 'ਰਮਤਾ' ਸਾਕਨ ਅਕਾਲਗੜ੍ਹ ਰਚਿਤ "ਸਾਕਾ ਗੁਰੂ ਬਾਗ", ਥੰਮਨ ਸਿੰਘ ਅਕਾਲੀ ਦੀ ਰਚਨਾ "ਬੀਟੀ ਦੀਆਂ ਡਾਂਗਾਂ ਅਤੇ ਸ਼ਾਂਤਮਈ ਅਕਾਲੀ", ਗਿਆਨੀ ਨਿਰੰਜਨ ਸਿੰਘ 'ਸਰਲ' ਰਚਿਤ "ਗੁਰੂ ਕੇ ਬਾਗ ਵਿੱਚ ਗੋਰੇਸ਼ਾਹੀ ਤੂਫਾਨ", ਭਾਈ ਪਾਖਰ ਸਿੰਘ ਅਕਾਲੀ ਰਚਿਤ "ਸਾਕਾ ਗੁਰੂ ਕਾ ਬਾਗ", ਭਾਈ ਮਹਿਤਾਬ ਸਿੰਘ 'ਪੰਥੀ' ਪਿਸ਼ਾਵਰ ਨਿਵਾਸੀ ਦੀ ਰਚਨਾ "ਸ਼ਾਂਤਮਈ ਜੰਗ", ਗਿਆਨੀ ਮਾਨ ਸਿੰਘ ਫੀਰੋਜ਼ਪੁਰ ਰਚਿਤ "ਤਾਜ਼ੇ ਜ਼ਖਮ", ਪੰਡਤ ਮੋਹਨ ਲਾਲ ਦੀਵਾਨਾ ਰਚਿਤ "ਗੁਰੂ ਕਾ ਬਾਗ ਅਤੇ ਅਕਾਲੀ ਅਰਥਾਤ ਸ਼ਾਂਤਮਈ ਜੰਗ ਸਤਯਾਗ੍ਰਹਿ ਦਾ ਨਜ਼ਾਰਾ" ਅਤੇ ਗਿਆਨੀ ਬਿਸ਼ਨ ਸਿੰਘ ਰਚਿਤ "ਤਵਾਰੀਖ ਗੁਰੂ ਕਾ ਬਾਗ" (ਦੋ ਭਾਗ) ਕੁੱਝ ਚੋਣਵੀਆਂ ਰਚਨਾਵਾਂ ਹਨ।

ਇਉਂ ਇਹ ਹਨ ਉਹ ਤੱਥ ਜਿਨ੍ਹਾਂ ਸਦਕਾ ਘੋਰ ਵਹਿਸ਼ੀ ਤਸ਼ੱਦਦ ਦੇ ਸਨਮੁੱਖ ਉਚ ਇਖਲਾਕੀ ਕਦਰਾਂ ਕੀਮਤਾਂ ਦਾ ਪ੍ਰਦਰਸ਼ਨ ਕਰਦਿਆਂ ਅਕਾਲੀ ਵਲੰਟੀਅਰ ਗੁਰੂ ਕਾ ਬਾਗ ਮੋਰਚੇ ਦੀ ਅਗਨ-ਪ੍ਰੀਖਿਆ ਵਿਚੋਂ ਸਫਲ ਹੋਏ; ਜਿਸ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਉਰਦੂ ਸ਼ਾਇਰ ਅਤੇ 'ਬੰਦੇ ਮਾਤ੍ਰਿਮ' ਲਾਹੌਰ ਦੇ ਸੰਪਾਦਕ ਲਾਲਾ ਮੇਲਾ ਰਾਮ 'ਵਫਾ' ਨੇ ਅਕਾਲੀ ਸਤਿਆਗ੍ਰਹੀਆਂ ਦੀ ਕੁਰਬਾਨੀ ਦੀ ਸ਼ਲਾਘਾ ਕਰਦਿਆਂ ਇਹ ਨਜ਼ਮ ਲਿਖੀ :-

ਤਿਰੀ ਕਰਬਾਨੀ ਕੀ ਧੂਮ ਹੈ ਆਜ ਇਕ ਜ਼ਮਾਨੇ ਮੇਂ
ਬਹਾਦਰ ਹੈ ਅਗਰ ਕੋਈ ਤੋ ਵੋਹ ਤੂ ਅਕਾਲੀ ਹੈ।
ਤੇਰਾ ਜਿਸਮੇ ਮੁਕੱਦਸ ਪੈਕਰ ਈਸਾਰ ਬੇਪਾਇਆ,
ਤੇਰਾ ਕਲਬ ਹੈ ਮੁਨੱਵਰ ਫਖਰ ਕੇ ਜ਼ਜ਼ਬਾਤ ਆਲੀ ਹੈ।
ਬੜੀ ਤਾਰੀਫ ਕੇ ਕਾਬਲ ਤੇਰੀ ਹਿੰਮਤ ਓ ਜੁਰੱਅਤ,
ਜਦੋਜਹਿਦ ਆਜ਼ਾਦੀ ਮੇਂ ਤੂ ਨੇ ਜਾਨ ਡਾਲੀ ਹੈ।
ਕੀਆ ਜਿੰਦਾ ਤੂ ਨੇ ਰਵਾਇਆਤੇ ਗੁਜਸ਼ਤਾ ਕੋ,
ਸਿਤਮਗਰੋਂ ਸੇ ਤੂ ਨੇ ਕੌਮ ਕੀ ਇੱਜ਼ਤ ਬਚਾ ਲੀ ਹੈ।
ਜ਼ਾਲਮੋਂ ਕੀ ਲਾਠੀਆਂ ਤੂ ਨੇ ਸਹੀ ਸੀਨਾਏ ਪਰ ਹੋਕਰ
ਲੁਤਫ ਇਸ ਪੈ ਕਿ ਲਬ ਪਹਿ ਸ਼ਕਾਇਤ ਹੈ ਨਾ ਗਾਲੀ ਹੈ।

ਕਾਸ਼ ! ਸਿੱਖ ਕੌਮ ਵਰਤਮਾਨ ਸਮੇਂ ਮੁੜ ਇਹਨਾਂ ਇਖਲਾਕੀ ਗੁਣਾਂ ਨੂੰ ਗ੍ਰਹਿਣ ਕਰਨ ਲਈ ਅਗਰਸਰ ਹੋਵੇ।

ਅੰਤਿਕਾ :

## ਗੁਰੂ ਕਾ ਬਾਗ ਮੋਰਚੇ ਦੇ ਕੁੱਝ ਸੂਰਬੀਰ

ਜਿਨ੍ਹਾਂ ਸੂਰਬੀਰਾਂ, ਕੌਮੀ ਪਰਵਾਨਿਆਂ ਤੇ ਸਿਦਕੀਆਂ ਨੇ ਗੁਰੂ ਕੇ ਬਾਗ ਵਿੱਚ ਸ਼ਾਂਤਮਈ ਸਤਿਆਗ੍ਰਹਿ ਕਰਦੇ ਹੋਏ ਬੀ.ਟੀ. ਦੀ ਪੁਲਸ ਦੀਆਂ ਡਾਂਗਾਂ ਖਾਧੀਆਂ, ਫੌਜ ਪਾਸੋਂ ਮਾਰ ਖਾਧੀ, ਜਿਨ੍ਹਾਂ ਨੂੰ ਮਾਰ ਕੁੱਟ ਕੇ ਬੇਹੋਸ਼ ਕਰਕੇ ਛਪੜਾਂ ਅਤੇ ਨਹਿਰਾਂ-ਸੂਇਆਂ ਵਿੱਚ ਸੁਟਿਆ ਗਿਆ, ਜਿਨ੍ਹਾਂ ਦੀਆਂ ਛਾਤੀਆਂ 'ਤੇ ਘੋੜੇ ਦੁੜਾਏ ਗਏ, ਉਹਨਾਂ ਵਿਚੋਂ 830 ਜ਼ਖ਼ਮੀਆਂ ਦੀ ਇੱਕ ਸੂਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1922 ਵਿੱਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਅੰਗਰੇਜ਼ੀ ਵਿੱਚ ਛਪਵਾਈ ਸੀ। ਇਹ ਇੱਕ ਤਰ੍ਹਾਂ ਦੀ ਮੈਡੀਕਲ ਰੀਪੋਰਟ ਸੀ, ਜਿਸ ਵਿੱਚ ਸਿੰਘਾਂ ਦੇ ਨਾਉਂ, ਪਤੇ, ਵਲਦੀਅਤ, ਲੱਗੀਆਂ ਸੱਟਾਂ ਤੇ ਜ਼ਖਮਾਂ ਦਾ ਵੇਰਵਾ ਦਰਜ ਸੀ। ਇਹ ਰੀਪੋਰਟ ਹੁਣ ਉਪਲਬਧ ਨਹੀਂ ਪਰ ਗਿਆਨੀ ਪ੍ਰਤਾਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸੂਚੀ ਦੇ ਆਧਾਰ ਉੱਤੇ ਆਪਣੀ ਪੁਸਤਕ 'ਅਕਾਲੀ ਲਹਿਰ' ਵਿੱਚ ਸਤਿਆਗ੍ਰਹੀ ਸਿੰਘਾਂ ਦੇ ਨਾਂ ਅਤੇ ਪਤੇ ਦਰਜ ਕੀਤੇ, ਜਿੱਥੋਂ ਉਤਾਰਾ ਕਰਕੇ ਇਹ ਸੂਚੀ ਅੱਗੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ :-

| | ਨਾਂ | ਪਿਤਾ | ਪਿੰਡ ਤੇ ਜ਼ਿਲਾ |
|---|---|---|---|
| 1. | ਹਰਭਜਨ ਸਿੰਘ | ਜਵਾਲਾ ਸਿੰਘ | ਘਰਿੰਡਾ (ਅੰਮ੍ਰਿਤਸਰ) |
| 2. | ਸੇਵਾ ਸਿੰਘ | ਦੇਵੀ ਦਿੱਤਾ | ਮਾੜੀ (ਰਾਵਲਪਿੰਡੀ) |
| 3. | ਜਗਤ ਸਿੰਘ | ਸੁੰਦਰ ਸਿੰਘ | ਚੋਹਲਾ (ਅੰਮ੍ਰਿਤਸਰ) |
| 4. | ਦਲਜੀਤ ਸਿੰਘ | ਹੀਰਾ ਸਿੰਘ | ਲਲਤੋਂ (ਲੁਧਿਆਣਾ) |
| 5. | ਧਰਮ ਸਿੰਘ | ਲਾਭ ਸਿੰਘ | (ਅੰਮ੍ਰਿਤਸਰ) |
| 6. | ਸਾਵਣ ਸਿੰਘ | ਰਣ ਸਿੰਘ | ਭਿਖੀ (ਸ਼ੇਖੂਪੁਰਾ) |
| 7. | ਜਗਤ ਸਿੰਘ | ਅਤਰ ਸਿੰਘ | ਕੱਲਾ (ਲੁਧਿਆਣਾ) |
| 8. | ਨਿਰਭੈ ਸਿੰਘ | ਮਸਤਾਨ | ਕੱਲਾ (ਲੁਧਿਆਣਾ) |
| 9. | ਲਾਭ ਸਿੰਘ | ਪਾਲਾ ਸਿੰਘ | ਘਣੀਏ ਕੇ ਬਾਂਗਰ (ਗੁਰਦਾਸਪੁਰ) |
| 10. | ਅਜੀਤ ਸਿੰਘ | ਅੱਛਰ ਸਿੰਘ | ਅਠੂਲਾ (ਜਲੰਧਰ) |
| 11. | ਮਘਾ ਸਿੰਘ | ਫਗਣ | ਵਧਾਈ ਚੀਮਾ (ਸਿਆਲਕੋਟ) |
| 12. | ਕਰਤਾਰ ਸਿੰਘ | ਫਤਹ ਸਿੰਘ | ਖਡੂਰ ਸਾਹਿਬ (ਅੰਮ੍ਰਿਤਸਰ) |
| 13. | ਹਰਨਾਮ ਸਿੰਘ | ਸ਼ਾਮ ਸਿੰਘ | ਨਾਗੋਕੀ (ਅੰਮ੍ਰਿਤਸਰ) |
| 14. | ਨੱਥਾ ਸਿੰਘ | ਤੇਜਾ ਸਿੰਘ | ਕਾਲਰਾ (ਜਲੰਧਰ) |

| | | | |
|---|---|---|---|
| 15. | ਸੁੰਦਰ ਸਿੰਘ | ਸ਼ਾਮ ਸਿੰਘ | ਕਾਲਰਾ (ਜਲੰਧਰ) |
| 16. | ਤ੍ਰਿਲੋਕ ਸਿੰਘ | ਧਰਮਾ | ਕੁਲ ਪੁਰ (ਅੰਬਾਲਾ) |
| 17. | ਵਸਾਖਾ ਸਿੰਘ | ਦੇਵਾ ਸਿੰਘ | ਮਹੇਸਰੀ (ਫੀਰੋਜ਼ਪੁਰ) |
| 18. | ਬਿਸ਼ਨ ਸਿੰਘ | ਅਨੂਪ ਸਿੰਘ | ਪੁਲ ਕੰਜਰੀ (ਅੰਮ੍ਰਿਤਸਰ) |
| 19. | ਰੂੜ ਸਿੰਘ | ਨੰਦ ਸਿੰਘ | ਮਾਣੋਕੀ (ਲੁਧਿਆਣਾ) |
| 20. | ਰਣਧੀਰ ਸਿੰਘ | ਰੋੜਾ ਸਿੰਘ | ਬੁਧ ਸਿੰਘ ਵਾਲਾ (ਕਲਸੀਆਂ) |
| 21. | ਮੀਹਾਂ ਸਿੰਘ | ਦਾਨ ਸਿੰਘ | ਨਾਨੋਕੀ (ਲੁਧਿਆਣਾ) |
| 22. | ਰਾਮ ਸਿੰਘ | ਗੁਰਦਿੱਤ ਸਿੰਘ | ਕਮਾਲ ਪੁਰਾ (ਲੁਧਿਆਣਾ) |
| 23. | ਬਖਸ਼ੀਸ਼ ਸਿੰਘ | ਚੰਦਾ ਸਿੰਘ | ਕਮਾਲ ਪੁਰਾ (ਲੁਧਿਆਣਾ) |
| 24. | ਕੁਲਦੀਪ ਸਿੰਘ | ਸੰਤ ਸਿੰਘ | ਲੰਗੇਰੀ (ਹੁਸ਼ਿਆਰਪੁਰ) |
| 25. | ਮੰਗਲ ਸਿੰਘ | ਖੁਸ਼ਾਲ ਸਿੰਘ | ਮਾਣੋਕੀ (ਲੁਧਿਆਣਾ) |
| 26. | ਹਰੀ ਸਿੰਘ | ਰਾਮ ਸਿੰਘ | ਕੋਟ ਸੂਰਜ ਮਲ (ਜਲੰਧਰ) |
| 27. | ਸ਼ਿਵ ਸਿੰਘ | ਇੰਦਰ ਸਿੰਘ | ਸਿੱਧਵਾਂ (ਲੁਧਿਆਣਾ) |
| 28. | ਧਿਆਨ ਸਿੰਘ | ਫਤਹ ਸਿੰਘ | ਕਮਾਲ ਪੁਰਾ (ਲੁਧਿਆਣਾ) |
| 29. | ਖਜ਼ਾਨ ਸਿੰਘ | ਮਹਿਤਾਬ ਸਿੰਘ | ਜਗਤ ਪੁਰ (ਜਲੰਧਰ) |
| 30. | ਬਖਸ਼ੀਸ਼ ਸਿੰਘ | ਭੂਪ ਸਿੰਘ | ਚੱਬੇਵਾਲ (ਹੁਸ਼ਿਆਰਪੁਰ) |
| 31. | ਇੰਦਰ ਸਿੰਘ | ਜੀਵਾ ਸਿੰਘ | ਨਕੋਦਰ (ਜਲੰਧਰ) |
| 32. | ਸੂਬਾ ਸਿੰਘ | ਸ਼ਾਮ ਸਿੰਘ | ਮਹਿਮਾ (ਫੀਰੋਜ਼ਪੁਰ) |
| 33. | ਸੰਤ ਸਿੰਘ | ਪਾਲ ਸਿੰਘ | ਧੰਮਣ ਖੁਰਦ (ਹੁਸ਼ਿਆਰਪੁਰ) |
| 34. | ਹਰਨਾਮ ਸਿੰਘ | ਹਰਦਿੱਤ ਸਿੰਘ | ਸੀਕਰੀ (ਹੁਸ਼ਿਆਰਪੁਰ) |
| 35. | ਬੇਲਾ ਸਿੰਘ | ਅਮੀਰ ਸਿੰਘ | ਦਕਰਾਣੀ ਕਲਾਂ (ਹੁਸ਼ਿਆਰਪੁਰ) |
| 36. | ਪੰਜਾਬ ਸਿੰਘ | ਸੁਹੇਲ ਸਿੰਘ | ਕੋਟ ਮੂਲਚੰਦ (ਮੁਲਤਾਨ) |
| 37. | ਨਰਾਇਣ ਸਿੰਘ | ਜੀਤਾ ਸਿੰਘ | ਵੈਰੋਕੇ (ਫੀਰੋਜ਼ਪੁਰ) |
| 38. | ਕਾਬਲ ਸਿੰਘ | ਲਭਾ ਸਿੰਘ | ਚੱਬੇਵਾਲ (ਹੁਸ਼ਿਆਰਪੁਰ) |
| 39. | ਕਰਤਾਰ ਸਿੰਘ | ਵੀਰ ਸਿੰਘ | ਕੋਟਲੀ ਬਾਵਾ ਦਾਸ (ਹੁਸ਼ਿਆਰਪੁਰ) |
| 40. | ਪੂਰਨ ਸਿੰਘ | ਨੱਥਾ ਸਿੰਘ | ਜੰਡੋਲੀ (ਹੁਸ਼ਿਆਰਪੁਰ) |
| 41. | ਮਨਸਾ ਸਿੰਘ | ਅਤਰ ਸਿੰਘ | ਸੰਘਰਵਾਲ (ਹੁਸ਼ਿਆਰਪੁਰ) |
| 42. | ਬਹਾਦਰ ਸਿੰਘ | ਸੋਭਾ ਸਿੰਘ | ਚਕਰ (ਲੁਧਿਆਣਾ) |
| 43. | ਇੰਦਰ ਸਿੰਘ | ਹਰੀ ਸਿੰਘ | ਹੇਅਰ (ਅੰਮ੍ਰਿਤਸਰ) |
| 44. | ਸੰਤੋਖ ਸਿੰਘ | ਮਹਿਤਾਬ ਸਿੰਘ | ਸੂਬੇਵਾਲ (ਅੰਮ੍ਰਿਤਸਰ) |
| 45. | ਬਿਸ਼ਨ ਸਿੰਘ | ਮੰਨਾ ਸਿੰਘ | ਜਲਵਾਲ (ਅੰਮ੍ਰਿਤਸਰ) |
| 46. | ਮੀਹਾਂ ਸਿੰਘ | ਨਰਾਇਣ ਸਿੰਘ | ਪੁਰਹੀਰਾਂ (ਹੁਸ਼ਿਆਰਪੁਰ) |
| 47. | ਧੰਨਾ ਸਿੰਘ | ਨਥਾ ਸਿੰਘ | ਪੁਰਹੀਰਾਂ (ਹੁਸ਼ਿਆਰਪੁਰ) |

| | | | |
|---|---|---|---|
| 48. | ਫਕੀਰ ਚੰਦ | ਰਾਮ ਚੰਦ | ਲਾਹੌਰ (ਹੁਸ਼ਿਆਰਪੁਰ) |
| 49. | ਬਚਨ ਸਿੰਘ | ਭੋਲਾ ਸਿੰਘ | ਜੈਤਪੁਰ (ਹੁਸ਼ਿਆਰਪੁਰ) |
| 50. | ਦਲੀਪ ਸਿੰਘ | ਸ਼ੋਭਾ ਸਿੰਘ | ਫਕੋਵਾਲ (ਹੁਸ਼ਿਆਰਪੁਰ) |
| 51. | ਬਚਨ ਸਿੰਘ | ਅਮਰ ਸਿੰਘ | ਜੰਡੋਲੀ (ਹੁਸ਼ਿਆਰਪੁਰ) |
| 52. | ਬਿਸ਼ਨ ਸਿੰਘ | ਬੇਲਾ ਸਿੰਘ | ਫਕੋਂ (ਹੁਸ਼ਿਆਰਪੁਰ) |
| 53. | ਜਵਾਲਾ ਸਿੰਘ | ਸੁੰਦਰ ਸਿੰਘ | ਫਕੋਂ (ਹੁਸ਼ਿਆਰਪੁਰ) |
| 54. | ਅਰੁੜ ਸਿੰਘ | ਜਵਾਲਾ ਸਿੰਘ | ਜੰਡੋਲੀ (ਹੁਸ਼ਿਆਰਪੁਰ) |
| 55. | ਵਰਿਆਮ ਸਿੰਘ | ਦਸੌਂਧਾ ਸਿੰਘ | ਜੈਤਪੁਰ (ਹੁਸ਼ਿਆਰਪੁਰ) |
| 56. | ਕਿਸ਼ਨ ਸਿੰਘ | ਵੀਰ ਸਿੰਘ | ਬਰੂਵਾਲ (ਹੁਸ਼ਿਆਰਪੁਰ) |
| 57. | ਪੂਰਨ ਸਿੰਘ | ਮੋਹਰ ਸਿੰਘ | ਲੰਗੇਰੀ (ਹੁਸ਼ਿਆਰਪੁਰ) |
| 58. | ਸੰਤ ਸਿੰਘ | ਨੰਦ ਸਿੰਘ | ਨੰਗਲ ਮਾਜਰਾ (ਹੁਸ਼ਿਆਰਪੁਰ) |
| 59. | ਹਰਦਿਤ ਸਿੰਘ | ਦੂਲਾ ਸਿੰਘ | ਚਬੇਵਾਲ (ਹੁਸ਼ਿਆਰਪੁਰ) |
| 60. | ਕਰਮ ਸਿੰਘ | ਲਾਲ ਸਿੰਘ | ਸੋਨੋ (ਹੁਸ਼ਿਆਰਪੁਰ) |
| 61. | ਬਾਵਾ ਸਿੰਘ | ਭਗਵਾਨ ਸਿੰਘ | ਸਾਰੰਗਵਾਲ (ਹੁਸ਼ਿਆਰਪੁਰ) |
| 62. | ਹਜ਼ਾਰਾ ਸਿੰਘ | ਬੂੜ ਸਿੰਘ | ਨੰਗਲ ਕਲਾਂ (ਹੁਸ਼ਿਆਰਪੁਰ) |
| 63. | ਕਰਮ ਸਿੰਘ | ਵਰਿਆਮ ਸਿੰਘ | ਕਾਲੇ ਨੰਗਲ (ਹੁਸ਼ਿਆਰਪੁਰ) |
| 64. | ਮੂਲ ਸਿੰਘ | ਸੁਹੇਲ ਸਿੰਘ | ਨੰਗਲ ਕਲਾਂ (ਹੁਸ਼ਿਆਰਪੁਰ) |
| 65. | ਨਰੈਣ ਸਿੰਘ | ਜਥੇ: ਨਥਾ ਸਿੰਘ | ਪੰਡੋਰੀ ਗੋਲਾ (ਅੰਮ੍ਰਿਤਸਰ) |
| 66. | ਕੇਸਰ ਸਿੰਘ | ਗੁਲਾਬ ਸਿੰਘ | ਥਾਂਦੇ (ਅੰਮ੍ਰਿਤਸਰ) |
| 67. | ਬੂਟਾ ਸਿੰਘ | ਨਿਹਾਲ ਸਿੰਘ | ਅੰਮ੍ਰਿਤਸਰ |
| 68. | ਚੜ੍ਹਤ ਸਿੰਘ | ਸੁਚੇਤ ਸਿੰਘ | ਪੰਜਵੜ (ਅੰਮ੍ਰਿਤਸਰ) |
| 69. | ਉਜਾਗਰ ਸਿੰਘ | ਬੀਰ ਸਿੰਘ | ਥਾਂਦੇ (ਅੰਮ੍ਰਿਤਸਰ) |
| 70. | ਹਰਨਾਮ ਸਿੰਘ | ਨਿਹਾਲ ਸਿੰਘ | ਗੋਹਲਵੜ (ਅੰਮ੍ਰਿਤਸਰ) |
| 71. | ਭੋਲਾ ਸਿੰਘ | ... | |
| 72. | ਇੰਦਰ ਸਿੰਘ | ਜਵਾਲਾ ਸਿੰਘ | ਗਗੋਬੂਹਾ (ਅੰਮ੍ਰਿਤਸਰ) |
| 73. | ਥੰਮਣ ਸਿੰਘ | ਕੇਸਰ ਸਿੰਘ | ਦੁਬਲੀਆ (ਅੰਮ੍ਰਿਤਸਰ) |
| 74. | ਮੇਹਰ ਸਿੰਘ | ਜੈਮਲ ਸਿੰਘ | ਝਬਾਲ (ਅੰਮ੍ਰਿਤਸਰ) |
| 75. | ਹੀਰਾ ਸਿੰਘ | ਨੰਦ ਸਿੰਘ | ਕੋਟ ਧਰਮਚੰਦ (ਅੰਮ੍ਰਿਤਸਰ) |
| 76. | ਹਿੰਮਤ ਸਿੰਘ | ਰਾਮ ਦਿਤਾ | ਮੁਲਾਂਪੁਰ ਕਲਾਂ (ਨਾਭਾ) |
| 77. | ਇੰਦਰ ਸਿੰਘ | ਪ੍ਰੀਤਮ ਸਿੰਘ | ਪੰਡੋਰੀ ਗੋਲਾ (ਅੰਮ੍ਰਿਤਸਰ) |
| 78. | ਕੇਹਰ ਸਿੰਘ | ਸਾਵਣ ਸਿੰਘ | ਟਾਂਗਰਾ (ਅੰਮ੍ਰਿਤਸਰ) |
| 79. | ਗੰਗਾ ਸਿੰਘ | ਸੋਹਣ ਸਿੰਘ | ਟਾਂਗਰਾ (ਅੰਮ੍ਰਿਤਸਰ) |
| 80. | ਪ੍ਰੀਤਮ ਸਿੰਘ | ਨਿਹਾਲ ਸਿੰਘ | ਭੰਗਾਣੀ (ਅੰਮ੍ਰਿਤਸਰ) |

| | | | |
|---|---|---|---|
| 81. | ਸਾਧੂ ਸਿੰਘ | ਨੱਥਾ ਸਿੰਘ | ਅੰਮ੍ਰਿਤਸਰ |
| 82. | ਲਛਮਣ ਸਿੰਘ | ਜਗਤ ਸਿੰਘ | ਅੰਮ੍ਰਿਤਸਰ |
| 83. | ਰਣਜੋਧ ਸਿੰਘ | ਪ੍ਰਤਾਪ ਸਿੰਘ | ਕਸੇਲ (ਅੰਮ੍ਰਿਤਸਰ) |
| 84. | ਮਹਿਤਾਬ ਸਿੰਘ | ਬੂਟਾ ਸਿੰਘ | ਭੋਜਰਾਂ ਵਾਲਾ (ਅੰਮ੍ਰਿਤਸਰ) |
| 85. | ਬੂਟਾ ਸਿੰਘ | ਗੰਡਾ ਸਿੰਘ | ਪੰਜਵੜ (ਅੰਮ੍ਰਿਤਸਰ) |
| 86. | ਦਾਨ ਸਿੰਘ | ਰਲਾ ਸਿੰਘ | ਵੱਡਾ ਚੱਕ ਗਿਲਾਂ (ਅੰਮ੍ਰਿਤਸਰ) |
| 87. | ਮਹਿਤਾਬ ਸਿੰਘ | ਹੁਕਮ ਸਿੰਘ | ਕੋਟ ਧਰਮ ਚੰਦ (ਅੰਮ੍ਰਿਤਸਰ) |
| 88. | ਕਿਸ਼ਨ ਸਿੰਘ | ਪੰਜਾਬ ਸਿੰਘ | ਭਸੀਣ (ਅੰਮ੍ਰਿਤਸਰ) |
| 89. | ਮੋਹਨ ਸਿੰਘ | ਦਿਆਲ ਸਿੰਘ | ਪੰਡੋਰੀ ਗੋਲਾ (ਅੰਮ੍ਰਿਤਸਰ) |
| 90. | ਕੇਸਰ ਸਿੰਘ | ਦੇਵਾ ਸਿੰਘ | ਗੋਹਲਵੜ (ਅੰਮ੍ਰਿਤਸਰ) |
| 91. | ਕਿਸ਼ਨ ਸਿੰਘ | ਤਾਰਾ ਸਿੰਘ | ਸਰਹਾਲੀ ਕਲਾਂ (ਅੰਮ੍ਰਿਤਸਰ) |
| 92. | ਗੁਰਦਿਆਲ ਸਿੰਘ | ਪਾਲ ਸਿੰਘ | ਨੁਸ਼ਹਿਰਾ ਪਨੂੰਆਂ (ਅੰਮ੍ਰਿਤਸਰ) |
